ੴ ਸਤਿਗੁਰ ਪ੍ਰਸਾਦਿ॥

ਗੁਰਮਤਿ ਸਾਚੀ ਸਾਚਾ ਵੀਚਾਰੁ॥

# ਗੁਰਮਤਿ ਪ੍ਰਕਾਸ਼

(ਧਰਮ ਪ੍ਰਚਾਰ ਕਮੇਟੀ ਦਾ ਮਾਸਿਕ-ਪੱਤਰ)

ਮੱਘਰ-ਪੋਹ, ਸੰਮਤ ਨਾਨਕਸ਼ਾਹੀ ੫੪੯ ਦਸੰਬਰ 2017

ਜਿਲਦ ੬੧ ਅੰਕ ੯

*ਮੁੱਖ ਸੰਪਾਦਕ*
ਸਿਮਰਜੀਤ ਸਿੰਘ

*ਸੰਪਾਦਕ*
ਸਤਵਿੰਦਰ ਸਿੰਘ ਫੂਲਪੁਰ

## ਚੰਦਾ

| (ਦੇਸ਼) | | (ਵਿਦੇਸ਼) | |
|---|---|---|---|
| ਪ੍ਰਤੀ ਕਾਪੀ | ₹ ੫ | ਸਾਲਾਨਾ | ₹ ੧੨੫੦ |
| ਸਾਲਾਨਾ | ₹ ੫੦ | ਪੰਜ ਸਾਲ | ₹ ੫੦੦੦ |
| ਪੰਜ ਸਾਲ | ₹ ੨੫੦ | ਲਾਈਫ਼ | ₹ ੧੦੦੦੦ |
| ਲਾਈਫ਼ | ₹ ੫੦੦ | | |

## ਚੰਦਾ ਭੇਜਣ ਦਾ ਪਤਾ

ਸਕੱਤਰ
ਧਰਮ ਪ੍ਰਚਾਰ ਕਮੇਟੀ
(ਸ਼੍ਰੋਮਣੀ ਗੁ: ਪ੍ਰ: ਕਮੇਟੀ)
ਸ੍ਰੀ ਅੰਮ੍ਰਿਤਸਰ-੧੪੩੦੦੬

**Secretary**
**Dharam Parchar Committee**
**(S.G.P.C.)**
**Sri Amritsar-143006**

**ਫੋਨ :** 0183-2553956-59 **ਐਕਸ** 304 **ਫੈਕਸ :** 0183-2553919

website : www.sgpc.net

e-mail :gurmatparkashmonthly@gmail.com,
gyan_gurmat@yahoo.com

**ਡਾਕ ਰਾਹੀਂ 'ਗੁਰਮਤਿ ਪ੍ਰਕਾਸ਼' ਨਾ ਪੁੱਜਣ ਬਾਰੇ ਉਪਰੋਕਤ ਫੋਨ ਨੰਬਰ ਮਿਲਾ ਕੇ ਇੰਚਾਰਜ ਗੁਰਮਤਿ ਪ੍ਰਕਾਸ਼ ਨਾਲ ਐਕਸ: 303 'ਤੇ ਸੰਪਰਕ ਕਰੋ ਜੀ।**

Approved for School libraries by the Director of Public Instructions Punjab.
Vide Circular No. 4580-2/25-58-B-49154 Dated Oct. 1958

## ਤਤਕਰਾ


| | | |
|---|---|---|
| ਗੁਰਬਾਣੀ ਵਿਚਾਰ | | ੫ |
| ਸੰਪਾਦਕੀ | | ੬ |
| ਵੱਡੇ ਸਾਹਿਬਜ਼ਾਦਿਆਂ ਦੀ ਸ਼ਹਾਦਤ | -ਪ੍ਰੋ. ਕਿਰਪਾਲ ਸਿੰਘ ਬਡੂੰਗਰ | ੮ |
| ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਅਦੁੱਤੀ ਜੀਵਨ | -ਗਿ. ਸੁਰਿੰਦਰ ਸਿੰਘ ਨਿਮਾਣਾ | ੧੬ |
| ਜਿਤੁ ਬੋਲਿਐ ਪਤਿ ਪਾਈਐ | -ਡਾ. ਰੂਪ ਸਿੰਘ | ੨੧ |
| ਸਰਹਿੰਦ ਸ਼ਹਿਰ ਅਤੇ ਸਾਕਾ ਸਰਹਿੰਦ ਇਤਿਹਾਸਿਕ ਜਾਣਕਾਰੀ | -ਸ. ਸਿਮਰਜੀਤ ਸਿੰਘ | ੨੬ |
| ਛੋਟੇ ਸਾਹਿਬਜ਼ਾਦਿਆਂ ਦੀ ਅਦੁੱਤੀ ਸ਼ਹਾਦਤ . . . | -ਡਾ. ਇੰਦਰਜੀਤ ਸਿੰਘ ਵਾਸੂ | ੩੭ |
| ਸਿੱਖ ਰਹਿਤ ਮਰਯਾਦਾ ਦਾ ਅਧਿਆਤਮਿਕ ਤੇ ਸਮਾਜਿਕ ਪ੍ਰਸੰਗ | -ਬੀਬੀ ਰਿਜਬਨ ਕੌਰ | ੪੦ |
| ਸੈਲੂਲਰ ਜੇਲ੍ਹ ਅੰਡੇਮਾਨ: ਪੰਜਾਬ ਦੇ ਸੁਤੰਤਰਤਾ ਸੰਗਰਾਮੀ | -ਡਾ.ਪਰਮਵੀਰ ਸਿੰਘ | ੪੯ |
| ਭਾਈ ਵੀਰ ਸਿੰਘ ਦੀ ਸੰਪਾਦਨ ਕਲਾ | -ਡਾ. ਧਰਮ ਸਿੰਘ | ੬੨ |
| ਪਟਨਾ ਸਾਹਿਬ ਅਤੇ ਆਲੇ-ਦੁਆਲੇ ਦੇ ਜ਼ਿਲ੍ਹਿਆਂ ਵਿਚ ਵੱਸਦੇ ਸਿੱਖ | -ਸ. ਜਗਮੋਹਨ ਸਿੰਘ | ੬੯ |
| . . . ਮੁੱਦਕੀ ਦੀ ਲੜਾਈ | -ਸ. ਹਰਭਜਨ ਸਿੰਘ | ੭੬ |
| ਦਾਸਤਾਨ-ਏ-ਦਸਤਾਰ | -ਸ. ਅਮਨਦੀਪ ਸਿੰਘ | ੮੪ |
| ਗਾਗਰ 'ਚ ਸਾਗਰ-- ੮੧ | -ਡਾ. ਇੰਦਰਜੀਤ ਸਿੰਘ ਗੋਗੋਆਣੀ | ੮੮ |
| ਦਸਮ ਪਿਤਾ ਸੀ ਧਾਰ ਪ੍ਰਕਾਸ਼ ਆਏ . . . (ਕਵਿਤਾ) | -ਡਾ. ਰਮਨਦੀਪ ਸਿੰਘ ਦੀਪ | ੯੧ |
| ਭੁੱਲਣੀ ਨਈਂ ਕੁਰਬਾਨੀ . . . (ਕਵਿਤਾ) | -ਸ. ਬਲਵਿੰਦਰ ਸਿੰਘ 'ਗੰਭੀਰ' | ੯੨ |
| ਆਤਮ ਹੱਤਿਆ ਨਹੀਂ, ਪੰਜਾਬੀ ਜੂਝ ਕੇ ਮਰਦੇ ਨੇ (ਕਵਿਤਾ) | -ਸ. ਬਲਬੀਰ ਸਿੰਘ ਬੇਲੀ | ੯੩ |
| ਖ਼ਬਰਨਾਮਾ | | ੯੪ |
| ਧਰਮ ਪ੍ਰਚਾਰ ਕਮੇਟੀ ਦੀਆਂ ਪ੍ਰਚਾਰ ਸਰਗਰਮੀਆਂ | | ੯੭ |

*ਗੁਰਬਾਣੀ ਵਿਚਾਰ:*

# . . . ਗਤਿ ਪਾਵਉ ਮਤਿ ਦੇਹੋ

*ਪੋਖਿ ਤੁਖਾਰੁ ਪੜੈ ਵਣੁ ਤ੍ਰਿਣੁ ਰਸੁ ਸੋਖੈ॥*
*ਆਵਤ ਕੀ ਨਾਹੀ ਮਨਿ ਤਨਿ ਵਸਹਿ ਮੁਖੇ॥*
*ਮਨਿ ਤਨਿ ਰਵਿ ਰਹਿਆ ਜਗਜੀਵਨੁ ਗੁਰ ਸਬਦੀ ਰੰਗੁ ਮਾਣੀ॥*
*ਅੰਡਜ ਜੇਰਜ ਸੇਤਜ ਉਤਭੁਜ ਘਟਿ ਘਟਿ ਜੋਤਿ ਸਮਾਣੀ॥*
*ਦਰਸਨੁ ਦੇਹੁ ਦਇਆਪਤਿ ਦਾਤੇ ਗਤਿ ਪਾਵਉ ਮਤਿ ਦੇਹੋ॥*
*ਨਾਨਕ ਰੰਗਿ ਰਵੈ ਰਸਿ ਰਸੀਆ ਹਰਿ ਸਿਉ ਪ੍ਰੀਤਿ ਸਨੇਹੋ॥ (ਪੰਨਾ ੧੧੦੯)*

**ਪਦ ਅਰਥ:-** **ਪੋਖਿ**- ਪੋਹ (ਦੇ ਮਹੀਨੇ) ਵਿਚ। **ਤੁਖਾਰੁ**- ਕੱਕਰ, ਕੋਰਾ। **ਰਸੁ**- ਨਮੀ। **ਸੋਖੈ**- ਸੁਕਾ ਦੇਂਦਾ ਹੈ। **ਵਸਹਿ**- ਤੂੰ ਵੱਸਦਾ। **ਮੁਖੇ**- ਮੁਖਿ, ਮੁਖ ਵਿਚ। **ਜਗ ਜੀਵਨੁ**- ਜਗਤ ਦਾ ਜੀਵਨ, ਜਗਤ ਦਾ ਆਸਰਾ। **ਮਾਣੀ**- ਮਾਣੈ, ਮਾਣਦਾ ਹੈ। **ਅੰਡਜ**- ਅੰਡੇ ਤੋਂ ਪੈਦਾ ਹੋਣ ਵਾਲੇ। **ਉਤਭੁਜ**- ਧਰਤੀ ਵਿੱਚੋਂ ਉੱਗਣ ਵਾਲੇ। **ਗਤਿ**- ਉੱਚੀ ਆਤਮਕ ਅਵਸਥਾ। **ਰੰਗੀ**- ਪਿਆਰ ਵਿਚ। **ਰਸੀਆ**- ਪ੍ਰੇਮੀ। **ਸਨੇਹੋ**- ਪਿਆਰ।

**ਅਰਥ:-** ਪੋਹ ਦੇ ਮਹੀਨੇ ਵਿਚ ਕੱਕਰ ਪੈਂਦਾ ਹੈ, ਉਹ ਵਣ ਨੂੰ ਘਾਹ ਨੂੰ (ਹਰੇਕ ਘਾਹ-ਬੂਟ ਦੇ) ਰਸ ਨੂੰ ਸੁਕਾ ਦੇਂਦਾ ਹੈ (ਪ੍ਰਭੂ ਦੀ ਯਾਦ ਭੁਲਾਇਆਂ ਜਿਸ ਮਨੁੱਖ ਦੇ ਅੰਦਰ ਕੋਰਾਪਨ ਜ਼ੋਰ ਪਾਂਦਾ ਹੈ, ਉਹ ਉਸ ਦੇ ਜੀਵਨ ਵਿੱਚੋਂ ਪ੍ਰੇਮ-ਰਸ ਸੁਕਾ ਦੇਂਦਾ ਹੈ)। ਹੇ ਪ੍ਰਭੂ ! ਤੂੰ ਆ ਕੇ ਮੇਰੇ ਮਨ ਵਿਚ ਮੇਰੇ ਤਨ ਵਿਚ ਮੇਰੇ ਮੂੰਹ ਵਿਚ ਕਿਉਂ ਨਹੀਂ ਵੱਸਦਾ? (ਤਾਂ ਕਿ ਮੇਰਾ ਜੀਵਨ ਰੁੱਖਾ ਨਾ ਹੋ ਜਾਏ)।

ਜਿਸ ਜੀਵ ਦੇ ਮਨ ਵਿਚ ਤਨ ਵਿਚ ਸਾਰੇ ਜਗਤ ਦਾ ਆਸਰਾ ਪ੍ਰਭੂ ਆ ਵੱਸਦਾ ਹੈ, ਉਹ ਗੁਰੂ ਦੇ ਸ਼ਬਦ ਵਿਚ ਜੁੜ ਕੇ ਪ੍ਰਭੂ ਦੇ ਮਿਲਾਪ ਦਾ ਅਨੰਦ ਮਾਣਦਾ ਹੈ। ਉਸ ਨੂੰ ਚੌਹਾਂ ਖਾਣੀਆਂ ਦੇ ਜੀਵਾਂ ਵਿਚ ਹਰੇਕ ਘਟ ਵਿਚ ਪ੍ਰਭੂ ਦੀ ਹੀ ਜੋਤ ਸਮਾਈ ਦਿੱਸਦੀ ਹੈ।

ਹੇ ਦਿਆਲ ਦਾਤਾਰ! ਮੈਨੂੰ ਆਪਣਾ ਦਰਸਨ ਦਿਓ, ਮੈਨੂੰ (ਚੰਗੀ) ਅਕਲ ਦਿਓ, (ਜਿਸ ਕਰਕੇ) ਮੈਂ ਉੱਚੀ ਆਤਮਕ ਅਵਸਥਾ ਹਾਸਲ ਕਰ ਸਕਾਂ (ਤੇ ਤੁਹਾਨੂੰ ਹਰ ਥਾਂ ਵੇਖ ਸਕਾਂ)।

ਹੇ ਨਾਨਕ ! ਜਿਸ ਮਨੁੱਖ ਦੀ ਪ੍ਰੀਤ, ਜਿਸ ਦਾ ਪਿਆਰ ਪਰਮਾਤਮਾ ਨਾਲ ਬਣ ਜਾਂਦਾ ਹੈ, ਉਹ ਪ੍ਰੇਮੀ ਪ੍ਰਭੂ ਦੇ ਪਿਆਰ ਵਿਚ (ਜੁੜ ਕੇ) ਉਸ ਦੇ ਗੁਣ ਆਨੰਦ ਨਾਲ ਯਾਦ ਕਰਦਾ ਹੈ।

**ਭਾਵ:-** ਪਰਮਾਤਮਾ ਦੀ ਯਾਦ ਭੁਲਾਇਆਂ ਮਨੁੱਖ ਦੇ ਅੰਦਰ ਕੋਰਾ-ਪਨ ਜ਼ੋਰ ਪਾ ਲੈਂਦਾ ਹੈ, ਉਹ ਕੋਰਾ-ਪਨ ਉਸ ਦੇ ਜੀਵਨ ਵਿੱਚੋਂ ਪ੍ਰੇਮ-ਰਸ ਸੁਕਾ ਦੇਂਦਾ ਹੈ। ਪਰਮਾਤਮਾ ਦੀ ਸਿਫਤਿ-ਸਾਲਾਹ ਹੀ ਮਨੁੱਖ ਦੇ ਅੰਦਰ ਉੱਚੀ ਆਤਮਕ ਅਵਸਥਾ ਪੈਦਾ ਕਰਦੀ ਹੈ ਤੇ ਕਾਇਮ ਰੱਖਦੀ ਹੈ। ■

ਸੰਪਾਦਕੀ...

# ਆਓ! ਆਪਣੇ ਬੱਚਿਆਂ ਨੂੰ ਸਾਹਿਬਜ਼ਾਦਿਆਂ ਦੇ ਵਾਰਸ ਬਣਾਉਣ ਲਈ ਉੱਦਮਸ਼ੀਲ ਹੋਈਏ

*ਸ਼ਾਨਾਂਮੱਤੇ ਸਿੱਖ ਇਤਿਹਾਸ ਅੰਦਰ ਦਸੰਬਰ ਦਾ ਮਹੀਨਾ ਜ਼ਬਰ, ਜ਼ੁਲਮ, ਅਨਿਆਂ ਅਤੇ ਅੱਤਿਆਚਾਰ ਖ਼ਿਲਾਫ ਹੱਕ-ਸੱਚ ਨਿਆਂ ਦੀ ਖਾਤਰ ਜੂਝਦਿਆਂ ਗੁਰੂ ਸਾਹਿਬ, ਗੁਰੂ-ਪਰਵਾਰ ਅਤੇ ਗੁਰਸਿੱਖਾਂ ਦੁਆਰਾ ਦਿੱਤੀਆਂ ਲਾਸਾਨੀ ਸ਼ਹਾਦਤਾਂ ਨੂੰ ਆਪਣੇ ਅੰਦਰ ਸਮੋਈ ਬੈਠਾ ਹੈ। ਜਾਲਮ ਹੁਕਮਰਾਨਾਂ ਦੁਆਰਾ ਲਤਾੜੀ ਜਾ ਰਹੀ ਮਜ਼ਲੂਮ ਪਰਜਾ ਨੂੰ ਉਨ੍ਹਾਂ ਦੇ ਮੌਲਿਕ ਅਧਿਕਾਰ ਦਿਵਾਉਣ ਅਤੇ ਨਿਆਂ ਵਾਲੇ ਧਰਮੀ ਰਾਜ ਦੀ ਸਥਾਪਨਾ ਕਰਨ ਹਿੱਤ ਸਰਬੰਸਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣਾ ਪੂਰਾ ਜੀਵਨ ਅਤੇ ਸਰਬੰਸ ਮਨੁੱਖਤਾ ਦੇ ਭਲੇ ਲਈ ਨਿਛਾਵਰ ਕਰ ਦਿੱਤਾ। ਗੁਰੂ ਜੀ ਨੇ ਖਾਲਸਾ ਪੰਥ ਦੀ ਸਿਰਜਣਾ ਸਮੇਂ ਇੱਕੋ ਬਾਟੇ ਵਿੱਚੋਂ ਸਾਰਿਆਂ ਨੂੰ ਖੰਡੇ ਦੀ ਪਾਹੁਲ ਛਕਾ ਕੇ ਸਦੀਆਂ ਤੋਂ ਦੇਸ਼ ਅੰਦਰ ਚੱਲੀ ਆ ਰਹੀ ਜਾਤ-ਪਾਤ ਦੀ ਵੰਡ ਨੂੰ ਪੂਰੀ ਤਰ੍ਹਾਂ ਖਤਮ ਕਰ ਦਿੱਤਾ। ਗੁਰੂ ਜੀ ਨੇ ਖਾਲਸੇ ਨੂੰ ਪੰਜ ਕਕਾਰੀ ਰਹਿਤ ਦੇ ਧਾਰਨੀ ਬਣਾ ਕੇ ਸੰਪੂਰਨ ਮਨੁੱਖ ਸਾਜਿਆ ਤੇ ਸਮੇਂ ਦੀਆਂ ਪ੍ਰਚਲਿਤ ਧਾਰਮਿਕ ਭਰਾਂਤੀਆਂ ਅਤੇ ਬਿਪਰਵਾਦੀ ਰੀਤਾਂ ਤੋਂ ਲੋਕਾਈ ਨੂੰ ਮੁਕਤ ਕਰਾ ਕੇ ਨਿਰੋਈ ਜੀਵਨ-ਜਾਚ ਦੱਸੀ। ਇਹ ਸਭ ਮੁਗ਼ਲੀਆ ਹਕੂਮਤ ਅਤੇ ਪਹਾੜੀ ਹਿੰਦੂ ਰਾਜਿਆਂ ਨੂੰ ਕਦਾਚਿੱਤ ਪ੍ਰਵਾਨ ਨਾ ਹੋਇਆ। ਉਨ੍ਹਾਂ ਗੁਰੂ ਸਾਹਿਬ ਵਿਰੁੱਧ ਸਾਂਝਾ ਸੰਘਰਸ਼ ਛੇੜੀ ਰੱਖਿਆ। ਲੰਮਾ ਸਮਾਂ ਉਨ੍ਹਾਂ ਨਾਲ ਜੰਗ ਕਰਨ ਉਪਰੰਤ ਅਖੀਰ ਗੁਰੂ ਸਾਹਿਬ ਨੂੰ ਸ੍ਰੀ ਅਨੰਦਪੁਰ ਸਾਹਿਬ ਦਾ ਕਿਲ੍ਹਾ ਖਾਲੀ ਕਰਨਾ ਪਿਆ। ਸ੍ਰੀ ਅਨੰਦਪੁਰ ਸਾਹਿਬ ਦਾ ਕਿਲ੍ਹਾ ਛੱਡਣ ਤੋਂ ਕੁਝ ਹੀ ਦਿਨਾਂ ਦੇ ਬਾਅਦ ਵੱਡੇ ਸਾਹਿਬਜ਼ਾਦੇ: ਸਾਹਿਬਜ਼ਾਦਾ ਅਜੀਤ ਸਿੰਘ ਤੇ ਸਾਹਿਬਜ਼ਾਦਾ ਜੁਝਾਰ ਸਿੰਘ ਅਤੇ ਬਹੁਤ ਸਾਰੇ ਪਿਆਰੇ ਗੁਰਸਿੱਖ ਚਮਕੌਰ ਦੀ ਜੰਗ ਵਿਚ ਵੈਰੀ ਦਲਾਂ ਨਾਲ ਜੂਝਦਿਆਂ ਸ਼ਹੀਦ ਹੋ ਗਏ। ਛੋਟੇ ਸਾਹਿਬਜ਼ਾਦੇ: ਸਾਹਿਬਜ਼ਾਦਾ ਜੋਰਾਵਰ ਸਿੰਘ ਅਤੇ ਸਾਹਿਬਜ਼ਾਦਾ ਫਤਿਹ ਸਿੰਘ ਨੂੰ ਸਰਹੰਦ ਵਿਖੇ ਨੀਹਾਂ ਵਿਚ ਚਿਣ ਕੇ ਸ਼ਹੀਦ ਕੀਤਾ ਗਿਆ ਅਤੇ ਮਾਤਾ ਗੁਜਰੀ ਜੀ ਠੰਡੇ ਬੁਰਜ ਵਿਚ ਸ਼ਹੀਦੀ ਪਾ ਗਏ। ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਉਮਰ ਦੇ ਤਕਾਜ਼ੇ ਨਾਲ ਬਾ-ਕਮਾਲ ਅਤੇ ਬੇਮਿਸਾਲ ਹੈ। ਛੋਟੀ-ਛੋਟੀ ਉਮਰ ਹੋਵੇ ਅਤੇ ਅੱਗੋਂ ਵੈਰੀਆਂ ਦੀ ਸ਼ਸਤਰ-ਬੱਧ ਸ਼ਾਹੀ ਫੌਜ ਤਰ੍ਹਾਂ-ਤਰ੍ਹਾਂ ਦੇ ਲਾਲਚ, ਡਰਾਵੇ ਆਦਿ ਹਰ ਪ੍ਰਕਾਰ ਦਾ ਹੀਲਾ ਵਰਤ ਕੇ ਥੱਕ ਜਾਵੇ ਪਰ ਹੌਂਸਲੇ ਬੁਲੰਦ ਰਹਿਣ, ਅਜਿਹੀ ਦਲੇਰੀ ਪਿੱਛੇ ਦਸਮੇਸ਼ ਪਿਤਾ ਦੁਆਰਾ ਬਖਸ਼ੇ ਅੰਮ੍ਰਿਤ ਦੀ ਸ਼ਕਤੀ, ਮਾਤਾ ਜੀਤੋ ਜੀ ਅਤੇ ਦਾਦੀ ਮਾਂ, ਮਾਤਾ ਗੁਜਰੀ*

*ਜੀ ਦੀ ਸਿੱਖਿਆ ਅਤੇ ਦਾਦਾ, ਸ੍ਰੀ ਗੁਰੂ ਤੇਗ ਬਹਾਦਰ ਜੀ ਦੀ **ਸੀਸੁ ਦੀਆ ਪਰ ਸਿਰੁ ਨ ਦੀਆ** ਵਾਲੀ ਪ੍ਰੇਰਨਾ ਕੰਮ ਕਰ ਰਹੀ ਸੀ। ਗੁਰੂ ਜੀ ਦੇ ਇਨ੍ਹਾਂ ਲਾਡਲੇ ਸਾਹਿਬਜ਼ਾਦਿਆਂ ਨੇ ਇਹ ਸਾਬਤ ਕਰ ਵਿਖਾਇਆ ਕਿ ਜ਼ਿੰਦਗੀ ਵਿਚ ਵੱਡੇ ਕੀਰਤੀਮਾਨ ਸਥਾਪਿਤ ਕਰਨ ਲਈ ਲੰਮੀ ਉਮਰ ਦੀ ਨਹੀਂ ਬਲਕਿ ਵੱਡੇ ਜਜ਼ਬੇ ਅਤੇ ਦ੍ਰਿੜ੍ਹ ਇਰਾਦੇ ਦੀ ਲੋੜ ਹੁੰਦੀ ਹੈ।*

*ਗੁਰੂ ਸਾਹਿਬਾਨ ਦਾ ਆਦਰਸ਼ ਅਜਿਹੇ ਨਿਰੋਏ ਮਨੁੱਖ ਅਤੇ ਸਮਾਜ ਦੀ ਸਿਰਜਣਾ ਕਰਨਾ ਸੀ ਜਿੱਥੇ ਹਰੇਕ ਨੂੰ ਆਪਣੇ ਧਰਮ ਅਨੁਸਾਰ ਆਪਣੇ ਧਾਰਮਿਕ ਸੰਸਕਾਰ ਕਰਨ ਦੀ ਸੁਤੰਤਰਤਾ ਹੋਵੇ। ਕਿਸੇ ਉੱਪਰ ਜਬਰੀ ਆਪਣਾ ਧਰਮ ਨਾ ਥੋਪਿਆ ਜਾਵੇ। ਆਪਣੇ ਸੱਭਿਆਚਾਰ ਅਨੁਸਾਰ ਪਹਿਰਾਵਾ ਪਹਿਨਣ ਅਤੇ ਆਪਣੀ ਬੋਲੀ ਬੋਲਣ ਦੀ ਅਜ਼ਾਦੀ ਹੋਵੇ। ਦੇਸ਼ ਦੇ ਆਰਥਿਕ ਸਾਧਨ ਯੋਗਤਾ ਅਨੁਸਾਰ ਸਭ ਲਈ ਬਰਾਬਰ ਹੋਣ। ਕਿਸੇ ਗਰੀਬ-ਗੁਰਬੇ ਦਾ ਹੱਕ ਨਾ ਮਾਰਿਆ ਜਾਵੇ। ਹਰੇਕ ਕੰਮ ਨਿਆਂ ਦੀ ਕਸਵੱਟੀ 'ਤੇ ਪਰਖ ਕੇ ਕੀਤਾ ਜਾਵੇ ਆਦਿ, ਇਨ੍ਹਾਂ ਸਭ ਗੱਲਾਂ ਨੂੰ ਅਮਲ ਵਿਚ ਲਿਆਉਣ ਦੀ ਖਾਤਰ ਗੁਰੂ ਸਾਹਿਬਾਨ ਨੇ ਗੁਰਬਾਣੀ ਰਾਹੀਂ ਪ੍ਰਚਾਰ ਕੀਤਾ। ਜਦੋਂ-ਜਦੋਂ ਇਨ੍ਹਾਂ ਅਸੂਲਾਂ, ਮਾਨਵੀ ਹੱਕਾਂ ਦਾ ਘਾਣ ਹੋਇਆ ਉਦੋਂ ਲੋੜ ਪੈਣ 'ਤੇ ਸ਼ਸਤਰ-ਬੱਧ ਸੰਘਰਸ਼ ਵੀ ਕਰਨਾ ਪਿਆ। ਇਸ ਸੰਘਰਸ਼ ਵਿਚ ਗੁਰੂ ਸਾਹਿਬਾਨ, ਗੁਰੂ-ਪਰਵਾਰ, ਬੱਚਿਆਂ-ਬਜ਼ੁਰਗਾਂ ਅਤੇ ਬੇਅੰਤ ਸਿੱਖਾਂ ਦੀਆਂ ਸ਼ਹਾਦਤਾਂ ਹੋਈਆਂ। ਹੱਕ-ਸੱਚ ਲਈ ਜੂਝਦਿਆਂ ਦਿੱਤੀਆਂ ਕੁਰਬਾਨੀਆਂ ਦੇ ਲਹੂ ਭਿੱਜੇ ਇਤਿਹਾਸ ਨੂੰ ਪੜ੍ਹ-ਸੁਣ ਕੇ ਹਰੇਕ ਗੁਰਸਿੱਖ ਨੂੰ ਆਪਣੇ ਪੁਰਖਿਆਂ ਉੱਪਰ ਮਾਣ ਮਹਿਸੂਸ ਹੁੰਦਾ ਹੈ। ਪਰ ਅਸਲ ਵਿਚ ਇਹ ਮਾਣ ਤਾਂ ਹੀ ਸਮਝਿਆ ਜਾ ਸਕਦਾ ਹੈ ਜੇਕਰ ਇਨ੍ਹਾਂ ਸ਼ਹਾਦਤਾਂ ਦੇ ਮੰਤਵ ਨੂੰ ਅੱਜ ਅਸੀਂ ਆਪਣੇ ਅਮਲੀ ਜੀਵਨ ਵਿਚ ਦ੍ਰਿੜ੍ਹ ਕਰ ਸਕੀਏ। ਸਾਨੂੰ ਆਪਣੇ-ਆਪਣੇ ਬੱਚਿਆਂ ਨੂੰ ਸਾਹਿਬਜ਼ਾਦਿਆਂ ਦੀਆਂ ਸ਼ਹੀਦੀਆਂ ਦੀਆਂ ਬਾਤਾਂ ਆਪ ਸੁਣਾਉਣੀਆਂ ਪੈਣਗੀਆਂ। ਬੱਚਿਆਂ ਨੂੰ ਨਿੱਤਨੇਮੀ ਬਣਾ ਕੇ ਗੁਰਬਾਣੀ ਦੇ ਅਰਥਾਂ ਨੂੰ ਸਮਝਾਉਣਾ ਪਵੇਗਾ ਅਤੇ ਵੱਡੇ-ਵੱਡੇਰਿਆਂ ਦੀਆਂ ਉਦਾਹਰਨਾਂ ਉਨ੍ਹਾਂ ਅੱਗੇ ਪੇਸ਼ ਕਰਨੀਆਂ ਪੈਣਗੀਆਂ। ਬੇਗਾਨੀਆਂ ਭਾਸ਼ਾਵਾਂ ਦਾ ਮੋਹ ਛੱਡ ਕੇ ਸਭ ਤੋਂ ਪਹਿਲਾਂ ਆਪਣੀ ਭਾਸ਼ਾ ਦਾ ਗਿਆਨ, ਆਪਣੇ ਵਿਰਸੇ ਦਾ ਗਿਆਨ ਦੇਣਾ ਅਤਿ ਜ਼ਰੂਰੀ ਬਣਾਉਣਾ ਪਵੇਗਾ। ਜੇਕਰ ਅਸੀਂ ਸਾਰੇ ਨਿਸ਼ਚਾ ਕਰ ਕੇ ਆਪਣੇ ਫਰਜ਼ਾਂ ਨੂੰ ਸਮਝ ਕੇ ਇਸ ਮਾਰਗ 'ਤੇ ਚੱਲਣ ਦਾ ਪ੍ਰਣ ਕਰ ਲਈਏ, ਤਾਂ ਸਾਡਾ ਸਮਾਜ ਅੱਜ ਵੀ ਖੁਸ਼ਹਾਲੀ ਦੀ ਮੰਜ਼ਿਲਾਂ ਨੂੰ ਛੂਹ ਸਕਦਾ ਹੈ। ਇਸ ਲਈ ਸਾਨੂੰ ਆਪਣੇ ਬੱਚਿਆਂ ਨੂੰ ਸਾਹਿਬਜ਼ਾਦਿਆਂ ਦੇ ਵਾਰਸ ਬਣਾਉਣ ਲਈ ਉੱਦਮਸ਼ੀਲ ਹੋਣਾ ਪਵੇਗਾ, ਤਾਂ ਹੀਂ ਸਾਡੀਆਂ ਆਉਣ ਵਾਲੀਆਂ ਪੀੜੀਆਂ ਸਾਡੇ ਲਾਸਾਨੀ ਇਤਿਹਾਸ, ਸ਼ਾਨਾਂਮੱਤੀ ਕੌਮੀ ਵਿਰਾਸਤ ਅਤੇ ਸਾਡੀ ਨਿਆਰੀ ਹੋਂਦ ਹਸਤੀ ਨੂੰ ਬਰਕਰਾਰ ਰੱਖ ਸਕਣਗੀਆਂ*

■

# ਵੱਡੇ ਸਾਹਿਬਜ਼ਾਦਿਆਂ ਦੀ ਸ਼ਹਾਦਤ

*-ਪ੍ਰੋ. ਕਿਰਪਾਲ ਸਿੰਘ ਬਡੂੰਗਰ**

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦੀ ਦਿਲ-ਕੰਬਾਊ, ਨਿਵੇਕਲੀ, ਲਾਮਿਸਾਲ ਅਤੇ ਇਤਿਹਾਸਿਕ ਘਟਨਾ ਹੈ। ਇਸ ਘਟਨਾ ਨੂੰ ਪੂਰੀ ਤਰ੍ਹਾਂ ਸਮਝਣ ਲਈ ਭਾਰਤ ਦੇ ਉਸ ਤੋਂ ਪਿਛਲੇ ਇਤਿਹਾਸ ਤਥਾ ਸਮੇਂ ਦੇ ਧਾਰਮਿਕ, ਆਰਥਿਕ, ਸਮਾਜਿਕ ਅਤੇ ਰਾਜਨੀਤਿਕ ਹਾਲਾਤ ਬਾਰੇ ਜਾਣਨਾ ਉਪਯੋਗੀ ਹੋਵੇਗਾ। ਸੰਖੇਪ ਵਿਚ ਇਹ ਸਮਝਣ ਦੀ ਲੋੜ ਹੈ ਕਿ ਕਿਸੇ ਸਮੇਂ ਇਹ ਦੇਸ਼ "ਸੋਨੇ ਦੀ ਚਿੜੀ" ਸੀ। ਵਿੱਦਿਆ ਦਾ ਗੜ੍ਹ, ਸਭਿਅਤਾ ਦਾ ਪੰਘੂੜਾ, ਰਾਜਨੀਤਿਕ ਤੌਰ 'ਤੇ ਬਲਵਾਨ ਵਜੋਂ ਜਾਣਿਆ ਜਾਂਦਾ ਸੀ। ਇਹ ਦੇਸ਼, ਭਾਰਤੀ ਸਮਾਜ ਦੀ ਕੀਤੀ ਗਈ ਜਾਤ-ਵੰਡ, ਵਰਣ-ਵੰਡ, ਆਸ਼ਰਮ-ਵੰਡ, ਧਾਰਮਿਕ ਕੱਟੜਤਾ, ਛੂਤ-ਛਾਤ, ਉਚ-ਨੀਚ ਆਦਿ ਕਾਰਨ ਲੀਰੋ-ਲੀਰ ਹੋ ਗਿਆ। ਇਸ ਦੇ ਨਾਲ ਹੀ ਇੱਥੋਂ ਦੇ ਦੇਸੀ ਰਿਆਸਤੀ ਰਾਜਿਆਂ ਦੇ ਐਸ਼-ਪ੍ਰਸਤੀ, ਲੁੱਟ-ਕੁੱਟ, ਆਪਸੀ ਵੈਰ-ਵਿਰੋਧ, ਆਰਥਿਕ ਕਾਣੀ ਵੰਡ ਨੇ ਬਲਦੀ ਉੱਤੇ ਤੇਲ ਪਾਉਣ ਦਾ ਕੰਮ ਕੀਤਾ। ਨਤੀਜੇ ਵਜੋਂ ਦੇਸ਼ ਅੰਦਰ ਢੇਰ ਸਾਰੀਆਂ ਕਮੀਆਂ-ਕਮਜ਼ੋਰੀਆਂ ਆ ਗਈਆਂ। ਦੇਸ਼ ਆਪਣੇ ਧਰਮ, ਗੈਰਤ, ਅਣਖ ਅਤੇ ਸਰਹੱਦਾਂ ਦੀ ਰੱਖਿਆ ਕਰਨ ਤੋਂ ਅਸਮਰੱਥ ਹੋ ਗਿਆ। ਹਾਲਾਤ ਐਸੇ ਬਣ ਗਏ ਕਿ ਹਜ਼ਰਤ ਮੁਹੰਮਦ ਸਾਹਿਬ ਦੇ ੬੩੨ ਈ. ਵਿਚ ਵਫ਼ਾਤ (ਮੌਤ) ਤੋਂ ੮੦ ਸਾਲ ਬਾਅਦ ੭੧੨ ਈ. ਵਿਚ ਅਫਗਾਨਿਸਤਾਨ ਦਾ ੧੮ ਸਾਲ ਦਾ ਛੋਕਰਾ ਮੁਹੰਮਦ-ਬਿਨ-ਕਾਸਮ ੨੦੦ ਘੋੜ ਸਵਾਰ ਲੈ ਕੇ ਦੇਸ਼ ਉੱਤੇ ਹਮਲਾਵਰ ਹੋ ਕੇ ਆਇਆ ਅਤੇ ਸਾਰੇ ਦੇਸ਼ ਨੂੰ ਲੁੱਟ ਅਤੇ ਕੁੱਟ ਕੇ ਵਾਪਸ ਚਲਾ ਗਿਆ। ਇਸ ਤੋਂ ਵੱਡੀ ਤ੍ਰਾਸਦੀ ਕਿਸੇ ਦੇਸ਼ ਦੀ ਹੋਰ ਕੀ ਹੋ ਸਕਦੀ ਹੈ? ਇਨ੍ਹਾਂ ਅਫ਼ਗਾਨੀ ਹਮਲਿਆਂ ਦਾ ਦੌਰ ਜਾਰੀ ਰਿਹਾ ਅਤੇ ਅੰਤ ੧੧੯੨ ਈ. ਵਿਚ ਦੇਸ਼ ਇਸ ਨਵੀਂ ਉਭਰੀ 'ਮੁਗ਼ਲ ਸ਼ਕਤੀ' ਦਾ ਗ਼ੁਲਾਮ ਹੋ ਗਿਆ। ਆਪਣਾ ਧਰਮ, ਦੇਸ਼ ਅਤੇ ਸਮਾਜਿਕ ਤਾਣਾ-ਬਾਣਾ ਬਚਾਉਣ ਦੀ ਥਾਂ ਇੱਥੋਂ ਦੇ ਰਜਵਾੜਿਆਂ ਅਤੇ ਦੇਸ਼ ਦੇ ਲੋਕਾਂ ਨੇ ਗ਼ੁਲਾਮੀ ਨੂੰ ਹੀ ਕਬੂਲ ਕਰ ਲਿਆ। ਧਰਮ ਤਬਦੀਲੀ ਸ਼ੁਰੂ ਹੋ ਗਈ। *ਅੰਤਰਿ ਪੂਜਾ ਪੜਹਿ ਕਤੇਬਾ ਸੰਜਮੁ ਤੁਰਕਾ ਭਾਈ॥* ਦਾ ਬੋਲਬਾਲਾ ਹੋ ਗਿਆ। ਭਾਰਤੀ ਰਿਆਸਤੀ ਰਾਜਿਆਂ, ਧਾਰਮਿਕ ਕੱਟੜਵਾਦੀ ਸ਼ਕਤੀਆਂ ਅਤੇ ਮੁਗ਼ਲ ਰਾਜਕੀ ਸ਼ਕਤੀ ਦੇ ਜ਼ੁਲਮਾਂ ਹੇਠ ਭਾਰਤੀ ਕਿਰਤੀ ਜਮਾਤ ਤਰਾਹ-ਤਰਾਹ ਕਰ ਰਹੀ ਸੀ। ਉਨ੍ਹਾਂ ਪਾਸ ਨਾ ਹੀ ਗੁਰੂ ਸੀ, ਨਾ ਹੀ ਧਰਮ ਸੀ, ਨਾ ਹੀ ਕੋਈ ਸ਼ਕਤੀ ਸੀ ਅਤੇ ਨਾ ਹੀ ਉਨ੍ਹਾਂ ਦੀ ਅਗਵਾਈ ਕਰਨ ਵਾਲਾ ਕੋਈ ਸਮਰੱਥ ਅਤੇ ਯੋਗ ਰਾਜਨੀਤਿਕ ਨੇਤਾ ਸੀ। ਹਾਲਾਤ ਇੱਥੋਂ ਤਕ ਨਿਘਰ ਗਏ ਕਿ ਜਿਨ੍ਹਾਂ ਰਾਜਿਆਂ ਨੇ ਦੇਸ਼ ਦੀ ਜਾਨ-ਮਾਲ ਅਤੇ

**ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ।*

ਸਰਹੱਦਾਂ ਅਤੇ ਧਰਮ ਦੀ ਰਾਖੀ ਕਰਨੀ ਸੀ, ਉਨ੍ਹਾਂ ਨੇ ਛੋਟੇ-ਛੋਟੇ ਵਕਤੀ ਲਾਭਾਂ ਹਿੱਤ ਗ਼ੁਲਾਮੀ ਹੀ ਕਬੂਲ ਕਰ ਲਈ। ਰਾਜਪੂਤ ਰਾਜਾ ਮਾਨ ਸਿਹੁੰ ਨੇ ਆਪਣੀ ਭੈਣ ਜੋਧਾ ਬਾਈ ਦਾ ਡੋਲਾ ਹੀ ਬਾਦਸ਼ਾਹ ਅਕਬਰ ਦੇ ਹਵਾਲੇ ਕਰ ਦਿੱਤਾ। ਆਪ ਉਸ ਦੇ ਦਰਬਾਰ ਵਿਚ ਅਹਿਲਕਾਰੀ ਪ੍ਰਾਪਤ ਕਰ ਲਈ। ਅਜਿਹੇ ਸਮੇਂ ੧੨ਵੀਂ, ੧੩ਵੀਂ ਅਤੇ ੧੪ਵੀਂ ਸਦੀ ਵਿਚ ਪਹਿਲਾਂ 'ਸੂਫੀ ਲਹਿਰ' ਤੇ 'ਭਗਤੀ ਲਹਿਰ' ਨੇ ਲੋਕਾਂ ਨੂੰ ਜਗਾਉਣ ਦਾ ਯਤਨ ਕੀਤਾ। ਇਸ ਲਹਿਰ ਨੂੰ ਪੂਰਾ ਬਲ ਤੇ ਸਰਬਪੱਖੀ ਅਗਵਾਈ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਰੂਪ ਵਿਚ ਹੀ ਮਿਲੀ। ਗੁਰੂ ਜੀ ਦਾ ਸਿਧਾਂਤ ਨਿਮਾਣਿਆਂ ਨੂੰ ਮਾਣ, ਨਿਤਾਣਿਆਂ ਨੂੰ ਤਾਣ, ਨਿਓਟਿਆਂ ਨੂੰ ਓਟ-ਆਸਰਾ, ਅਗਵਾਈ-ਹੀਣ ਲੋਕਾਂ ਨੂੰ ਮਿਸਾਲੀ ਅਗਵਾਈ ਦੇਣ, ਧਰਮ-ਹੀਣ ਕੀਤੇ ਗਏ ਲੋਕਾਂ ਨੂੰ ਧਰਮ, ਅਣਖ, ਗੌਰਵ, ਗੈਰਤ, ਮਨੁੱਖੀ ਬਰਾਬਰੀ ਅਤੇ ਜਾਤ-ਪਾਤ ਤੇ ਛੂਤ-ਛਾਤ ਰਹਿਤ ਵਾਲਾ ਬਿਲਕੁਲ ਨਿਰਾਲਾ ਅਤੇ ਕ੍ਰਾਂਤੀਕਾਰੀ ਸੀ। ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਆਪਣੇ ਆਪ ਨੂੰ ਦੇਸ਼ ਦੀ ਕਿਰਤੀ ਅਤੇ ਅਖੌਤੀ ਨੀਚ ਜਾਤ ਨਾਲ ਹੀ ਖੜਾ ਕੀਤਾ। ਉਨ੍ਹਾਂ ਦੇ ਉਥਾਨ ਲਈ ਕ੍ਰਾਂਤੀਕਾਰੀ ਅਵਾਜ਼ ਬੁਲੰਦ ਕੀਤੀ। ਇਸ ਸਰਬਪੱਖੀ ਕ੍ਰਾਂਤੀ ਦਾ ਸਾਰ-ਅੰਸ਼ ਇੰਵ ਕਹਿ ਸਕਦੇ ਹਾਂ:-

*-ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥*
*ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥* *(ਪੰਨਾ ੧੫)*
*-ਜਿਨ ਕੀ ਜਾਤ ਔਰ ਕੁਲ ਮਾਂਹੀ*
*ਸਰਦਾਰੀ ਨਹਿ ਭਈ ਕਦਾਂਹੀ... ।*
*ਇਨ ਹੀ ਕੋ ਸਰਦਾਰ ਬਨਾਵੋਂ*
*ਤਬੈ ਗੁਬਿੰਦ ਸਿੰਘ ਨਾਮ ਸਦਾਵੋਂ॥* *(ਪੰਥ ਪ੍ਰਕਾਸ਼)*

ਸ੍ਰੀ ਗੁਰੂ ਨਾਨਕ ਸਾਹਿਬ ਜੀ ਦਾ ਅਖੌਤੀ ਨੀਚ ਜਾਤਾਂ ਦੇ ਹੱਕ ਵਿਚ ਜ਼ੋਰਦਾਰ ਅਵਾਜ਼ ਉਠਾਉਣਾ, ਭਾਈ ਮਰਦਾਨਾ ਜੀ ਨੂੰ ਆਪਣਾ ਸਾਥੀ ਬਣਾਉਣਾ, ਕਥਾ ਤੇ ਕੀਰਤਨ ਵਿਚ ਬਿਨਾ ਕਿਸੇ ਜਾਤ-ਪਾਤ, ਭੇਦ-ਭਾਵ ਦੇ ਸ਼ਾਮਲ ਹੋਣ ਦੀ ਖੁੱਲ੍ਹ ਸੀ। ਸ੍ਰੀ ਗੁਰੂ ਅੰਗਦ ਦੇਵ ਜੀ ਵੱਲੋਂ ਸੰਗਤ-ਪੰਗਤ ਵਿਚ ਬਿਨਾ ਕਿਸੇ ਜਾਤ-ਪਾਤ ਵਿਤਕਰੇ ਦੇ ਸ਼ਾਮਲ ਹੋਣ ਦੀ ਖੁੱਲ੍ਹ ਅਤੇ ਸ੍ਰੀ ਗੁਰੂ ਅਮਰਦਾਸ ਜੀ ਵੱਲੋਂ "ਪਹਿਲੇ ਪੰਗਤ ਪਾਛੇ ਸੰਗਤ" ਦਾ ਸਿਧਾਂਤ ਦ੍ਰਿੜ੍ਹ ਕਰਵਾਇਆ। ਸ੍ਰੀ ਗੁਰੂ ਰਾਮਦਾਸ ਜੀ ਵੱਲੋਂ ਸੁਸ਼ੋਭਿਤ ਕੀਤੇ ਸ੍ਰੀ ਅੰਮ੍ਰਿਤਸਰ ਸਰੋਵਰ ਵਿਚ ਬਿਨਾ ਕਿਸੇ ਭਿੰਨ-ਭੇਦ ਦੇ ਲੋਕਾਈ ਦੇ ਹਰ ਬਸਰ ਨੂੰ ਇਸ਼ਨਾਨ ਦੀ ਖੁੱਲ੍ਹ-ਸਾਂਝ ਸਥਾਪਿਤ ਕੀਤੀ। ਸ੍ਰੀ ਗੁਰੂ ਅਰਜਨ ਦੇਵ ਜੀ ਵੱਲੋਂ ਸੰਪਾਦਤ 'ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ' ਵਿਚ ਬਿਨਾ ਕਿਸੇ ਵਿਤਕਰੇ ਦੇ ਸੰਤਾਂ-ਭਗਤਾਂ ਖਾਸ ਕਰਕੇ ਅਖੌਤੀ ਨੀਚ ਜਾਤਾਂ ਨਾਲ ਸੰਬੰਧਿਤ ਭਗਤ ਸਾਹਿਬਾਨ ਦੀ ਬਾਣੀ ਨੂੰ ਸ਼ਾਮਲ ਕੀਤਾ। ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਸਾਹਿਬ ਵਿਚ ਹਰ ਕਿਸੇ ਨੂੰ ਕੀਰਤਨ ਸਰਵਣ ਕਰਨ ਅਤੇ ਸੰਗਤ ਵਿਚ ਜੁੜਨ ਦਾ ਹੱਕ ਪ੍ਰਦਾਨ ਕੀਤਾ। ਇਨ੍ਹਾਂ ਕਾਰਨਾਂ ਕਰਕੇ ਦੇਸੀ ਰਾਜੇ, ਪੁਜਾਰੀ ਵਰਗ,

ਅਖੌਤੀ ਉੱਚ ਜਾਤੀਆਂ ਦੇ ਲੋਕ ਅਤੇ ਇਸਲਾਮੀ ਸ਼ਕਤੀ ਸਭ ਇੱਕ-ਜੁੱਟ ਹੋ ਕੇ ਵਿਰੋਧ ਵਿਚ ਡਟ ਗਏ। ਇਸ ਤਰ੍ਹਾਂ ਇਹ ਕ੍ਰਾਂਤੀਕਾਰੀ ਲੋਕ-ਪੱਖੀ ਲਹਿਰ ਸਮੇਂ ਦੀ ਰਾਜਸੀ ਸ਼ਕਤੀ, ਕੱਟੜਪੰਥੀਆਂ, ਲੋਕਾਂ ਦੇ ਹੱਕਾਂ ਉੱਤੇ ਡਾਕੇ ਮਾਰਨ, ਲੁੱਟ ਅਤੇ ਕੁੱਟ ਕਰਨ ਵਾਲਿਆਂ ਲਈ ਕਾਬਲ-ਏ-ਬਰਦਾਸ਼ਤ ਨਹੀਂ ਸੀ। ਇਸ ਲਈ ਦੇਸੀ ਰਿਆਸਤੀ ਰਾਜਿਆਂ, ਧਾਰਮਿਕ ਕੱਟੜਪੰਥੀਆਂ ਅਤੇ ਇਸਲਾਮੀ ਸ਼ਕਤੀ ਵੱਲੋਂ ਇਸ ਨਵੀਂ ਰੋਸ਼ਨੀ, ਨਵੀਂ ਸ਼ਕਤੀ ਅਤੇ ਮੁਕੰਮਲ ਇਨਕਲਾਬੀ ਲਹਿਰ ਨੂੰ ਆਪਣੇ ਰਸਤੇ ਦਾ ਰੋੜਾ ਮੰਨ ਲਿਆ ਗਿਆ। ਇਨ੍ਹਾਂ ਸਾਰੀਆਂ ਹੀ ਸ਼ਕਤੀਆਂ ਵੱਲੋਂ ਸਵੈ-ਵਿਰੋਧ ਹੋਣ ਦੇ ਬਾਵਜੂਦ ਇਕ-ਜੁੱਟ ਹੋ ਕੇ ਸਿੱਖ ਲਹਿਰ ਦਾ ਡਟ ਕੇ ਵਿਰੋਧ ਸ਼ੁਰੂ ਹੋ ਗਿਆ। ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਨੂੰ ਇਸ ਸੰਦਰਭ ਵਿਚ ਵੇਖਣ ਦੀ ਲੋੜ ਹੈ। ਬਾਦਸ਼ਾਹ ਜਹਾਂਗੀਰ ਵੱਲੋਂ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦ ਕਰਨ ਲਈ ਦਿੱਤੇ ਫੈਸਲੇ ਨੂੰ ਜਾਇਜ਼ ਠਹਿਰਾਉਣ ਲਈ ਜੋ ਤੁਜ਼ਕ-ਏ-ਜਹਾਂਗੀਰੀ ਵਿਚ ਦਰਜ ਹੈ, ਉਹ ਇਸ ਤੱਥ ਦੀ ਪੁਸ਼ਟੀ ਕਰਦਾ ਹੈ।

ਜਿਨ੍ਹਾਂ ਨੂੰ ਧਰਮ ਪਿਆਰਾ ਸੀ ਉਹ ਬਲਹੀਣ ਹੋਣ ਕਰਕੇ ਧਰਮ ਦੀ ਰੱਖਿਆ ਕਰਨੋਂ ਅਸਮਰੱਥ ਸਨ। ਕਸ਼ਮੀਰੀ ਬ੍ਰਾਹਮਣ ਪੰਡਤ ਕਿਰਪਾ ਰਾਮ ਦੀ ਅਗਵਾਈ ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਦਰਬਾਰ ਵਿਚ ਫਰਿਆਦੀ ਬਣ ਕੇ ਪਹੁੰਚੇ। ਗੁਰੂ ਸਾਹਿਬ ਨੇ ਉਨ੍ਹਾਂ ਦੀ ਬਾਂਹ ਫੜੀ ਤੇ *ਬਾਹੇਂ ਜਿਨ੍ਹਾਂ ਦੀ ਪਕੜੀਏ ਸਿਰ ਦੀਜੈ ਬਾਂਹੇ ਨ ਛੋੜੀਏ* ਦਾ ਕੌਤਕ ਮਹਾਨ ਬਲੀਦਾਨ ਦੇ ਕੇ ਰਚਾਇਆ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਇਸ ਸ਼ਹੀਦੀ ਬਾਰੇ ਇਉਂ ਪੁਸ਼ਟੀ ਕਰਦੇ ਹੋਇਆਂ ਫੁਰਮਾਉਂਦੇ ਹਨ: *ਤਿਲਕ ਜੰਞੂ ਰਾਖਾ ਪ੍ਰਭ ਤਾ ਕਾ॥ ਕੀਨੋ ਬਡੋ ਕਲੂ ਮਹਿ ਸਾਕਾ॥*

ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਉਸ ਸਮੇਂ ਦੇ ਧਾਰਮਿਕ, ਰਾਜਨੀਤਿਕ ਅਤੇ ਸਮਾਜਿਕ ਹਾਲਾਤ ਬਾਰੇ ਆਪਣੀ ਬਾਣੀ ਵਿਚ ਭਰਪੂਰ ਜਾਣਕਾਰੀ ਦਿੱਤੀ ਹੈ:

*-ਕਾਦੀ ਕੂੜੁ ਬੋਲਿ ਮਲੁ ਖਾਇ॥ ਬ੍ਰਾਹਮਣੁ ਨਾਵੈ ਜੀਆ ਘਾਇ॥*
*ਜੋਗੀ ਜੁਗਤਿ ਨ ਜਾਣੈ ਅੰਧੁ॥ ਤੀਨੇ ਓਜਾੜੇ ਕਾ ਬੰਧੁ॥* *(ਪੰਨਾ ੬੬੨)*
*-ਰਾਜੇ ਸੀਹ ਮੁਕਦਮ ਕੁਤੇ॥ ਜਾਇ ਜਗਾਇਨਿ੍ ਬੈਠੇ ਸੁਤੇ॥*
*ਚਾਕਰ ਨਹਦਾ ਪਾਇਨਿ੍ ਘਾਉ॥ ਰਤੁ ਪਿਤੁ ਕੁਤਿਹੋ ਚਟਿ ਜਾਹੁ॥ (ਪੰਨਾ ੧੨੮੮)*
*-ਖਤ੍ਰੀਆ ਤ ਧਰਮੁ ਛੋਡਿਆ ਮਲੇਛ ਭਾਖਿਆ ਗਹੀ॥*
*ਸ੍ਰਿਸਟਿ ਸਭ ਇਕ ਵਰਨ ਹੋਈ ਧਰਮ ਕੀ ਗਤਿ ਰਹੀ॥ (ਪੰਨਾ ੬੬੩)*
*-ਰਾਜੇ ਪਾਪੁ ਕਮਾਂਵਦੇ ਉਲਟੀ ਵਾੜ ਖੇਤ ਕਉ ਖਾਈ। . . .*
*ਕਾਜੀ ਹੋਏ ਰਿਸਵਤੀ ਵਢੀ ਲੈ ਕੈ ਹਕੁ ਗਵਾਈ।*
*ਇਸਤ੍ਰੀ ਪੁਰਖੈ ਦਾਮਿ ਹਿਤੁ ਭਾਵੈ ਆਇ ਕਿਥਾਊਂ ਜਾਈ।*
*ਵਰਤਿਆ ਪਾਪੁ ਸਭਸਿ ਜਗਿ ਮਾਂਹੀ।* *(ਵਾਰ ੧:੩੦)*

ਭਾਰਤੀ ਜਨਤਾ ਨੂੰ ਅਪਮਾਨਜਨਕ ਜ਼ਿੰਦਗੀ ਵਿੱਚੋਂ ਕੱਢ ਕੇ ਇਕ ਨਰੋਆ,

ਸੰਤੁਲਿਤ, ਮਨੁੱਖੀ-ਬਰਾਬਰੀ, ਸਾਂਝੀਵਾਲਤਾ, ਗੈਰਤ, ਗੌਰਵ ਅਤੇ ਅਣਖ-ਭਰਪੂਰ ਜੀਵਨ ਮੁਹੱਈਆ ਕਰਾਉਣ ਹਿੱਤ ਗੁਰੂ ਸਾਹਿਬਾਨ ਨੇ ਇਕ ਸਰਬਪੱਖੀ ਕ੍ਰਾਂਤੀ ਦਾ ਮੁੱਢ ਬੰਨ੍ਹਿਆ। ਇਸ ਨਵੀਂ ਰੋਸ਼ਨੀ ਦੇ ਪ੍ਰਕਾਸ਼ ਨਾਲ ਭਾਰਤੀ ਸਮਾਜ ਦੇ ਹਰ ਪਹਿਲੂ ਉੱਤੇ ਕਾਬਜ਼ ਲੋਕਾਂ ਨੇ ਡਟ ਕੇ ਵਿਰੋਧ ਸ਼ੁਰੂ ਕਰ ਦਿੱਤਾ। ਇਸ ਤਰ੍ਹਾਂ ਇੱਕ ਟਕਰਾਅ ਅਰੰਭ ਹੋ ਗਿਆ। ਇਸ ਲੰਮੇ ਸੰਘਰਸ਼ ਦੌਰਾਨ ਗੁਰੂ-ਪਰਵਾਰਾਂ, ਅਣਗਿਣਤ ਸਿੰਘਾਂ-ਸਿੰਘਣੀਆਂ ਅਤੇ ਭੁਝੰਗੀਆਂ ਨੂੰ ਤਸੀਹੇ ਝੱਲਣੇ ਪਏ। ਜੰਗਲਾਂ ਵਿਚ ਜੀਵਨ ਬਤੀਤ ਕਰਨ ਲਈ ਮਜਬੂਰ ਹੋਣਾ ਪਿਆ। ਲਾਮਿਸਾਲ ਸ਼ਹੀਦੀਆਂ ਪਾ ਕੇ ਦੇਸ਼ ਦੇ ਧਰਮ, ਗੌਰਵ, ਅਣਖ, ਹੋਂਦ-ਹਸਤੀ ਨੂੰ ਬਚਾਅ ਲਿਆ। ਇਨ੍ਹਾਂ ਲਾਮਿਸਾਲ ਸ਼ਹੀਦੀਆਂ ਨੂੰ ਹਰ ਰੋਜ਼ ਸਮੁੱਚਾ ਸਿੱਖ ਜਗਤ ਅਰਦਾਸ ਵਿਚ ਯਾਦ ਕਰ ਕੇ ਉਨ੍ਹਾਂ ਮਹਾਨ ਸ਼ਹੀਦਾਂ ਨੂੰ ਸ਼ਰਧਾ ਅਤੇ ਸਤਿਕਾਰ ਭੇਟ ਕਰਦਾ ਹੈ। ਕਿਸੇ ਮਸ਼ਹੂਰ ਸ਼ਾਇਰ ਨੇ ਠੀਕ ਹੀ ਕਿਹਾ ਹੈ:

*ਨਾ ਕਹੂੰ ਅਬ ਕੀ ਨਾ ਕਹੂੰ ਤਬ ਕੀ*
*ਅਗਰ ਨਾ ਹੋਤੇ ਗੁਰੂ ਗੋਬਿੰਦ ਸਿੰਘ*
*ਸੁੰਨਤ ਹੋਤੀ ਸਭ ਕੀ।*

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਦੁਨੀਆ ਦੇ ਇਤਿਹਾਸ ਵਿਚ ਸਭ ਤੋਂ ਵੱਧ ਦਰਦਨਾਕ ਘਟਨਾ ਹੈ। ਇਹ ਦਿਲ ਨੂੰ ਕੰਬਾਅ ਦੇਣ ਵਾਲਾ ਘੋਰ ਪਾਪ ਅਤੇ ਘਿਨਾਉਣੇ ਜ਼ੁਲਮ ਦਾ ਸਾਕਾ ਹੈ। ਇਹ ਘਟਨਾ ਮਨੁੱਖੀ ਦਰਿੰਦਗੀ ਦਾ ਘਿਨਾਉਣਾ ਚਿੱਤਰ ਪੇਸ਼ ਕਰਦੀ ਹੈ। ਸਾਹਿਬਜ਼ਾਦਿਆਂ ਦੇ ਅੰਦਰ ਜੂਝ ਮਰਨ, ਦ੍ਰਿੜ੍ਹਤਾ ਅਤੇ ਸਿੱਖੀ ਸਿਦਕ ਦੀ ਭਾਵਨਾ ਦੇ ਸਿਖਰ ਨੂੰ ਪ੍ਰਗਟ ਕਰਦੀ ਹੈ। ੮ ਪੋਹ ੧੭੬੧ ਬਿਕ੍ਰਮੀ ਨੂੰ ਗੁਰੂ ਜੀ ਦੇ ਦੋ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਜੀ ਅਤੇ ਬਾਬਾ ਜੁਝਾਰ ਸਿੰਘ ਜੀ ਚਮਕੌਰ ਦੀ ਜੰਗ ਲੜਦੇ ਹੋਏ ਸ਼ਹੀਦ ਹੋ ਗਏ। ੧੩ ਪੋਹ ੧੭੬੧ ਬਿਕ੍ਰਮੀ ਨੂੰ ਦੋ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਜੀ ਅਤੇ ਬਾਬਾ ਫਤਿਹ ਸਿੰਘ ਜੀ ਸੂਬਾ ਸਰਹਿੰਦ ਵੱਲੋਂ ਜਿਊਂਦੇ-ਜੀਅ ਕੰਧਾਂ ਵਿਚ ਚਿਣਵਾ ਕੇ ਅਕਹਿ ਤਸੀਹੇ ਦੇ ਕੇ ਸ਼ਹੀਦ ਕਰ ਦਿੱਤੇ ਗਏ। ਇਸ ਸ਼ਹਾਦਤ ਦੀ ਮਹਾਨਤਾ ਬਾਰੇ 'ਮੈਥਿਲੀ ਸ਼ਰਣ ਗੁਪਤ' ਨੇ ਲਿਖਿਆ ਹੈ:

*ਜਿਸ ਕੁਲ ਜਾਤੀ ਦੇਸ਼ ਕੇ ਬੱਚੇ, ਦੇ ਸਕਤੇ ਹੈਂ ਯੋਂ ਬਲੀਦਾਨ।*
*ਉਸ ਕਾ ਵਰਤਮਾਨ ਕੁਛ ਭੀ ਹੋ, ਭਵਿੱਸ਼ਯ ਹੈ ਮਹਾਂ ਮਹਾਨ।*

ਗੁਰਮਤਿ ਅਨੁਸਾਰ ਅਧਿਆਤਮਿਕ ਅਨੰਦ ਦੀ ਪ੍ਰਾਪਤੀ ਲਈ ਮਨੁੱਖ ਨੂੰ ਆਪਾ ਮਿਟਾਉਣ ਦੀ ਲੋੜ ਹੁੰਦੀ ਹੈ। ਇਹ ਮਾਰਗ ਇੱਕ ਮਹਾਨ ਸੂਰਮਗਤੀ ਦਾ ਮਾਰਗ ਹੈ। ਸਿੱਖ ਧਰਮ ਦੀ ਨੀਂਹ ਰੱਖਣ ਵਾਲੇ ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਸਿੱਖੀ ਮਾਰਗ 'ਤੇ ਚੱਲਣ ਲਈ ਸਿਰ ਭੇਟ ਕਰਨ ਦੀ ਸ਼ਰਤ ਰੱਖੀ ਸੀ। ਇਸੇ ਲੀਹ 'ਤੇ ਤੁਰਦਿਆਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ੧੬੯੯ ਈ. ਨੂੰ ਖਾਲਸੇ ਦੀ ਸਾਜਨਾ ਕੀਤੀ। ਖਾਲਸਾ ਇੱਕ ਆਦਰਸ਼ਕ, ਸੰਪੂਰਨ ਅਤੇ ਸੁਤੰਤਰ

ਮਨੁੱਖ ਹੈ। ਗੁਰਬਾਣੀ ਵਿਚ ਇਸ ਨੂੰ ਸਚਿਆਰ, ਗੁਰਮੁਖ ਅਤੇ ਬ੍ਰਹਮ ਗਿਆਨੀ, ਗੁਰਸਿੱਖ ਅਤੇ ਸੰਤ-ਸਿਪਾਹੀ ਕਿਹਾ ਗਿਆ ਹੈ। ਖਾਲਸਾ ਸਦਗੁਣ ਭਰਪੂਰ ਨਿਰਾਲੀ ਸ਼ਖ਼ਸੀਅਤ ਹੈ। ਖਾਲਸਾ ਗੁਰੂ ਨੂੰ ਤਨ, ਮਨ ਤੇ ਧਨ ਸੌਂਪ ਦਿੰਦਾ ਹੈ। ਜਬਰ-ਜ਼ੁਲਮ ਦੇ ਟਾਕਰੇ ਲਈ ਜੂਝ ਮਰਨ ਤੋਂ ਝਿਜਕਦਾ ਨਹੀਂ ਹੈ। ਸਤਿਗੁਰਾਂ ਦਾ ਇਸ ਮਾਰਗ ਦੇ ਪਾਂਧੀ ਲਈ ਸਿਧਾਂਤ ਇਸ ਪ੍ਰਕਾਰ ਹੈ:

*-ਜਉ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ ਗਲੀ ਮੇਰੀ ਆਉ॥*
*ਇਤੁ ਮਾਰਗਿ ਪੈਰੁ ਧਰੀਜੈ॥ ਸਿਰੁ ਦੀਜੈ ਕਾਣਿ ਨ ਕੀਜੈ॥ (ਪੰਨਾ ੧੪੧੨)*
*-ਸੀਸੁ ਵਢੇ ਕਰਿ ਬੈਸਣੁ ਦੀਜੈ ਵਿਣੁ ਸਿਰ ਸੇਵ ਕਰੀਜੈ॥ (ਪੰਨਾ ੫੫੮)*
*-ਤਨੁ ਮਨੁ ਕਾਟਿ ਕਾਟਿ ਸਭੁ ਅਰਪੀ ਵਿਚਿ ਅਗਨੀ ਆਪੁ ਜਲਾਈ॥*
*(ਪੰਨਾ ੭੫੭)*
*-ਅਰੁ ਸਿਖ ਹੋਂ ਆਪਨੇ ਹੀ ਮਨ ਕੌ ਇਹ ਲਾਲਚ ਹਉ ਗੁਨ ਤਉ ਉਚਰੋਂ॥*
*ਜਬ ਆਵ ਕੀ ਅਉਧ ਨਿਦਾਨ ਬਨੈ ਅਤ ਹੀ ਰਨ ਮੈ ਤਬ ਜੂਝ ਮਰੋਂ॥*
*(ਚੰਡੀ ਚਰਿਤ੍ਰ)*

ਪਹਿਲਾਂ ਪਹਾੜੀ ਰਾਜੇ ਅਤੇ ਮੁਗ਼ਲ ਸਲਤਨਤ ਇਕੱਠੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਭੰਗਾਣੀ ਦੇ ਯੁੱਧ ਵਿਚ ਟਕਰਾਏ ਫਿਰ ਪਹਾੜੀ ਰਾਜੇ ਤੇ ਸੂਬਾ ਸਰਹਿੰਦ ਗੁਰੂ ਜੀ ਦੇ ਵਿਰੁੱਧ ਇੱਕ-ਜੁੱਟ ਹੋ ਗਏ ਸਨ। ੧੭੦੪ ਈ. ਵਿਚ ਮੁਗ਼ਲ ਅਤੇ ਪਹਾੜੀ ਰਾਜਿਆਂ ਦੀਆਂ ਫੌਜਾਂ ਨੇ ਸਾਂਝੀ ਕਮਾਨ ਹੇਠ ਸ੍ਰੀ ਅਨੰਦਪੁਰ ਸਾਹਿਬ ਨੂੰ ਘੇਰਾ ਪਾ ਲਿਆ। ਘੇਰਾ ਲੰਮਾ ਹੋਣ 'ਤੇ ਦੁਸ਼ਮਣ ਵੱਲੋਂ ਗੁਰੂ ਜੀ ਨਾਲ ਸਮਝੌਤਾ ਕੀਤਾ ਗਿਆ। ਸਮਝੌਤੇ ਦੀ ਸ਼ਰਤ ਇਹ ਸੀ ਕਿ ਇਕ ਵਾਰ ਗੁਰੂ ਜੀ ਸ੍ਰੀ ਅਨੰਦਪੁਰ ਸਾਹਿਬ ਛੱਡ ਦੇਣ ਉਨ੍ਹਾਂ ਨੂੰ ਬੇਰੋਕ ਜਾਣ ਦਿੱਤਾ ਜਾਵੇਗਾ। ਇਸ ਬਾਰੇ ਲਿਖਤੀ ਕਸਮਾਂ ਵੀ ਗੁਰੂ ਜੀ ਨੂੰ ਭੇਜੀਆਂ ਗਈਆਂ। ਦੀਨਾ ਕਾਂਗੜ ਤੋਂ ਬਾਦਸ਼ਾਹ ਔਰੰਗਜ਼ੇਬ ਨੂੰ ਗੁਰੂ ਜੀ ਵੱਲੋਂ ਭੇਜੇ ਜ਼ਫ਼ਰਨਾਮੇ ਵਿਚ ਕੀਤੇ ਜ਼ਿਕਰ ਤੋਂ ਇਨ੍ਹਾਂ ਤੱਥਾਂ ਦੀ ਪੁਸ਼ਟੀ ਹੁੰਦੀ ਹੈ। ਗੁਰੂ ਜੀ ਔਰੰਗਜ਼ੇਬ ਨੂੰ ਲਿਖਦੇ ਹਨ ਕਿ ਜੇਕਰ ਉਸ ਨੂੰ ਲੋੜ ਮਹਿਸੂਸ ਹੋਵੇ ਤਾਂ ਉਹ ਉਸ ਨੂੰ ਲਿਖਤੀ ਕੀਤੇ ਵਾਅਦੇ, ਖਾਧੀਆਂ ਪਵਿੱਤਰ ਕੁਰਾਨ ਸ਼ਰੀਫ ਦੀਆਂ ਕਸਮਾਂ ਭੇਜ ਸਕਦੇ ਹਨ:

*ਤੁਰਾ ਗਰ ਬਬਾਯਦ ਕਉਲਿ ਕੁਰਾਂ।*
*ਬਨਿਜ਼ਦੇ ਸ਼ੁਮਾ ਰਾ ਰਸਾਨਮ ਹਮਾਂ। (ਜ਼ਫ਼ਰਨਾਮਾ)*

ਗੁਰੂ ਜੀ ਦੇ ਕਿਲ੍ਹਾ ਖਾਲੀ ਕਰ ਕੇ ਜਾਣ 'ਤੇ ਦੁਸ਼ਮਣ ਨੇ ਸਾਰੀਆਂ ਕਸਮਾਂ ਤੋੜ ਕੇ ਉਨ੍ਹਾਂ ਦਾ ਪਿੱਛਾ ਕਰਨਾ ਸ਼ੁਰੂ ਕਰ ਦਿੱਤਾ। ਇਹ ਧਰਮਹੀਣ ਰਾਜ ਸੱਤਾ ਦਾ ਹੀ ਨੰਗਾ ਨਾਚ ਸੀ। ਬੇਈਮਾਨੀ, ਵਾਇਦਾ-ਖ਼ਿਲਾਫੀ, ਚੰਗੇਜ਼ੀ ਅਤੇ ਦਰਿੰਦਗੀ ਦਾ ਘਿਨਾਉਣਾ ਕਾਰਾ ਸੀ। ਕਵੀ ਅਲਾਮਾ ਇਕਬਾਲ ਅਜਿਹੇ ਹਾਲਾਤ ਬਾਰੇ ਇਉਂ ਲਿਖਦੇ ਹਨ:

*ਜਲਾਲ-ਏ-ਪਾਤਸ਼ਾਹੀ ਹੋ ਕਿ ਜਮਹੂਰੀ ਤਮਾਸ਼ਾ ਹੋ।*

*ਜੁਦਾ ਹੋ ਦੀਂ ਸੇ ਸਿਆਸਤ ਤੋ ਰਹਿ ਜਾਤੀ ਹੈ ਚੰਗੇਜ਼ੀ।*

ਸਰਸਾ ਨਦੀ ਦੇ ਨੇੜੇ ਪਹੁੰਚਦਿਆਂ ਗਹਿਗੱਚ ਲੜਾਈ ਹੋਈ, ਜਿਸ ਦੌਰਾਨ ਦੋਹਾਂ ਧਿਰਾਂ ਦਾ ਭਾਰੀ ਜਾਨੀ ਅਤੇ ਮਾਲੀ ਨੁਕਸਾਨ ਹੋਇਆ। ਇਸੇ ਘਮਸਾਨ ਦੇ ਯੁੱਧ ਦੌਰਾਨ ਸਤਿਗੁਰਾਂ ਦਾ ਪਰਵਾਰ ਤਿੰਨ ਹਿੱਸਿਆਂ ਵਿਚ ਵੰਡਿਆ ਗਿਆ ਅਤੇ ਆਪਸ ਵਿਚ ਵਿੱਛੜ ਗਿਆ। ਗੁਰੂ ਜੀ ਦੇ ਦੋ ਛੋਟੇ ਸਾਹਿਬਜ਼ਾਦੇ ਤੇ ਮਾਤਾ ਗੁਜਰੀ ਜੀ ਵਹੀਰ ਤੋਂ ਇਕ ਪਾਸੇ ਨੂੰ ਵੱਖ ਹੋ ਗਏ। ਮਾਤਾ ਸੁੰਦਰੀ ਜੀ ਅਤੇ ਕੁਝ ਸਿੰਘ ਹੋਰ ਪਾਸੇ ਨੂੰ ਹੋ ਗਏ। ਦੁਨੀਆ ਦੇ ਜੰਗਾਂ-ਯੁੱਧਾਂ ਦੇ ਇਤਿਹਾਸ ਵਿਚ ਇਹ ਇੱਕੋ-ਇੱਕ ਘਟਨਾ ਹੋਈ ਜਦੋਂ ਮਰਦ-ਏ-ਮੈਦਾਨ, ਸ਼ਹਿਨਸ਼ਾਹ-ਏ-ਸ਼ਹਿਨਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਾਸ ਜਿੱਥੇ ਜੰਗ ਦਾ ਸਾਜ਼-ਓ-ਸਮਾਨ ਤੀਰ, ਤੇਗ, ਢਾਲ, ਬਰਛਾ ਅਤੇ ਛਵੀ ਆਦਿ ਸਨ, ਉੱਥੇ ਗੁਰਮਤਿ ਸੰਗੀਤ ਦੇ ਸਾਜ਼ ਸਿਰੰਦਾ ਅਤੇ ਸਿਤਾਰ ਆਦਿ ਵੀ ਨਾਲ ਸਨ। ੬ ਅਤੇ ੭ ਪੋਹ ਦੀ ਰਾਤ ਦਾ ਸਮਾਂ ਅੰਮ੍ਰਿਤ ਵੇਲੇ ਦਾ ਹੋਇਆ। ਦੁਸ਼ਮਣਾਂ ਨੇ ਭਾਰੀ ਹਮਲਾ ਬੋਲਿਆ ਹੋਇਆ ਸੀ, ਪਾਤਸ਼ਾਹ ਨੇ ਆਪਣੇ ਵੱਡੇ ਸਪੁੱਤਰ ਬਾਬਾ ਅਜੀਤ ਸਿੰਘ, ਭਾਈ ਜੀਵਨ ਸਿੰਘ (ਜੈਤਾ ਜੀ), ਭਾਈ ਉਦੇ ਸਿੰਘ ਨੂੰ ਹੋਰ ਸਿੰਘਾਂ ਸਮੇਤ ਹਮਲਾਵਰਾਂ ਦਾ ਮੁਕਾਬਲਾ ਕਰਨ ਦਾ ਹੁਕਮ ਕੀਤਾ। ਦੂਜੇ ਪਾਸੇ ਭਾਈ ਦਇਆ ਸਿੰਘ ਆਦਿ ਨੂੰ *ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ* ਅਨੁਸਾਰ 'ਆਸਾ ਕੀ ਵਾਰ' ਦਾ ਕੀਰਤਨ ਕਰਨ ਲਈ ਕਿਹਾ। ਅਜਿਹਾ ਕਾਰਜ ਕੇਵਲ ਤੇ ਕੇਵਲ ਦਸਮੇਸ਼ ਪਿਤਾ ਹੀ ਕਰ ਸਕਦੇ ਸਨ, ਜਦੋਂ ਅਜਿਹੇ ਅਤਿ ਬਿਖਮ, ਖ਼ਤਰੇ ਭਰਪੂਰ ਹਾਲਾਤ ਵਿਖੇ ਅਤੇ ਮੈਦਾਨ-ਏ-ਜੰਗ ਵਿਚ ਉਹ ਆਪਣਾ 'ਫਰਜ਼-ਏ-ਇਲਾਹੀ' ਨਹੀਂ ਭੁੱਲੇ। ਦੁਨੀਆ ਦੇ ਇਤਿਹਾਸ ਵਿਚ ਇਹ ਇੱਕੋ-ਇੱਕ ਅਲੋਕਾਰੀ ਅਤੇ ਨਿਵੇਕਲੀ ਘਟਨਾ ਸੀ। ਸਰਸਾ ਨਦੀ ਵਿਚ ਭਾਰੀ ਹੜ੍ਹ ਅਤੇ ਦੁਸ਼ਮਣਾਂ ਦਾ ਜ਼ੋਰਦਾਰ ਹਮਲਾ ਇਉਂ ਜਾਪਦਾ ਸੀ ਜਿਵੇਂ ਦੋਵੇਂ ਇਕ ਦੂਜੇ ਨਾਲ ਇਸ ਘਿਨਾਉਣੇ ਕਾਰਨਾਮੇ ਵਿਚ ਸ਼ਾਮਲ ਹੋ ਗਏ ਹੋਣ। ਭਾਵੇਂ ਇਸ ਯੁੱਧ ਵਿਚ ਸੈਂਕੜੇ ਹੀ ਮਰਜੀਵੜੇ ਸਿੰਘਾਂ ਸਮੇਤ ਭਾਈ ਜੀਵਨ ਸਿੰਘ (ਜੈਤਾ ਜੀ) ਅਤੇ ਭਾਈ ਉਦੇ ਸਿੰਘ ਸ਼ਹੀਦ ਹੋ ਗਏ, ਪਰੰਤੂ ਦੁਸ਼ਮਣ ਦੇ ਦੰਦ ਖੱਟੇ ਕਰ ਦਿੱਤੇ। ਜਿੱਥੋਂ ਗੁਰੂ ਸਾਹਿਬ ਦੇ ਕਾਫ਼ਲੇ ਨਾਲੋਂ ਗੁਰੂ-ਪਰਵਾਰ ਵਿੱਛੜਿਆ, ਉਸ ਸਥਾਨ ਉੱਤੇ ਗੁਰਦੁਆਰਾ 'ਪਰਵਾਰ ਵਿਛੋੜਾ' ਸਾਹਿਬ ਸੁਸ਼ੋਭਿਤ ਹੈ, ਜੋ ਇਤਿਹਾਸ ਦੀ ਇਸ ਦਰਦਨਾਕ ਘਟਨਾ ਦੀ ਯਾਦ ਨੂੰ ਸੰਭਾਲੇ ਹੋਏ ਹਨ। ਉਪਰੰਤ ਸਰਸਾ ਪਾਰ ਕਰ ਕੇ ਗੁਰੂ ਜੀ ਨੇ ਇੱਕ ਦਿਨ ਰੋਪੜ ਦੇ ਨੇੜੇ ਨਿਹੰਗ ਖਾਨ ਦੀ ਗੜ੍ਹੀ (ਕੋਟਲਾ ਨਿਹੰਗ ਖਾਨ) ਵਿਚ ਬਿਤਾਇਆ। ਰਾਤ ਨੂੰ ਅੱਗੇ ਚੱਲ ਪਏ, ਪਰ ਦੁਸ਼ਮਣ ਦੀਆਂ ਫੌਜਾਂ ਨੇ ਵੀ ਪਿੱਛਾ ਕਰਨਾ ਸ਼ੁਰੂ ਕਰ ਦਿੱਤਾ। ਗੁਰੂ ਜੀ ਨੇ ਚਮਕੌਰ ਦੀ ਕੱਚੀ ਗੜ੍ਹੀ ਵਿਚ ਦਾਖ਼ਲ ਹੋ ਕੇ ਮੋਰਚਾ-ਬੰਦੀ ਕਰ ਲਈ। ਗੁਰੂ ਜੀ ਦੇ ਨਾਲ ਦੋ ਵੱਡੇ ਸਾਹਿਬਜ਼ਾਦੇ ਤੇ ਪੰਜ ਪਿਆਰਿਆਂ ਸਮੇਤ ਚਾਲ੍ਹੀ ਕੁ ਸਿੰਘ ਸਨ। ਦੁਸ਼ਮਣ ਦੀ ਦਸ ਲੱਖ ਫੌਜ ਨੇ ਗੜ੍ਹੀ ਨੂੰ ਘੇਰਾ ਪਾ ਲਿਆ। ਸਾਰਾ ਦਿਨ ਜੰਗ ਹੁੰਦੀ ਰਹੀ। ਸ਼ਾਮ ਤਕ ਗੁਰੂ ਜੀ ਕੋਲ ਤਕਰੀਬਨ ਸਾਰਾ ਗੋਲੀ ਸਿੱਕਾ ਖ਼ਤਮ ਹੋ

ਗਿਆ। ਹੁਣ ਸਿੰਘਾਂ ਨੇ ਗੜ੍ਹੀ ਤੋਂ ਬਾਹਰ ਆ ਕੇ ਲੜਨਾ ਸ਼ੁਰੂ ਕਰ ਦਿੱਤਾ। ਗੁਰੂ ਜੀ ਨੇ ਆਪ ਵਾਰੋ-ਵਾਰੀ ਸਾਹਿਬਜ਼ਾਦਾ ਅਜੀਤ ਸਿੰਘ ਜੀ ਅਤੇ ਸਾਹਿਬਜ਼ਾਦਾ ਜੁਝਾਰ ਸਿੰਘ ਜੀ ਨੂੰ ਪੂਰੇ ਸ਼ਸਤਰ ਸਜਾ ਕੇ ਮੈਦਾਨ-ਏ-ਜੰਗ ਵਿਚ ਭੇਜਿਆ। ਅੰਤ ਵੱਡੇ ਜੰਗਜੂ ਯੋਧਿਆਂ ਵਾਲੇ ਜੌਹਰ ਵਿਖਾਉਂਦਿਆਂ ਸਾਥੀ ਸਿੰਘਾਂ ਦੇ ਨਾਲ ਗੁਰੂ ਜੀ ਦੇ ਦੋਵੇਂ ਵੱਡੇ ਸਾਹਿਬਜ਼ਾਦੇ ਬੜੀ ਸੂਰਮਗਤੀ ਨਾਲ ਗੁਰੂ ਜੀ ਦੇ ਸਾਹਮਣੇ ਮੈਦਾਨ-ਏ-ਜੰਗ ਵਿਚ ਜੂਝਦੇ ਹੋਏ ਸ਼ਹੀਦ ਹੋ ਗਏ। ਸਾਹਿਬਜ਼ਾਦਾ ਅਜੀਤ ਸਿੰਘ ਜੀ ਨੇ ਅਜੇ ਜਵਾਨੀ ਵਿਚ ਪੈਰ ਰੱਖਿਆ ਹੀ ਸੀ। ਸਾਹਿਬਜ਼ਾਦਾ ਜੁਝਾਰ ਸਿੰਘ ਜੀ ਤਾਂ ਅਜੇ ਕਿਸ਼ੋਰ ਅਵਸਥਾ ਵਿਚ ਸਨ। ਇਰਾਕ ਦੇਸ਼ ਦੇ ਸ਼ਹਿਰ ਕਰਬਲਾ ਦੇ ਮੈਦਾਨ ਵਿਚ ਹਸਨ ਹੁਸੈਨ ਦੀ ਸ਼ਹੀਦੀ ਤੋਂ ਇਲਾਵਾ ਦੁਨੀਆ ਦੇ ਇਤਿਹਾਸ ਵਿਚ ਇਸ ਤਰ੍ਹਾਂ ਦੀ ਕੋਈ ਹੋਰ ਮਿਸਾਲ ਨਹੀਂ ਮਿਲਦੀ। ਸਤਿਗੁਰ ਜੇਕਰ ਚਾਹੁੰਦੇ ਤਾਂ ਆਪਣੇ ਸਪੁੱਤਰਾਂ ਨੂੰ ਬਚਾਉਣ ਲਈ ਯਤਨ ਕਰ ਸਕਦੇ ਸਨ, ਪਰੰਤੂ ਉਨ੍ਹਾਂ ਨੇ ਅਜਿਹਾ ਨਹੀਂ ਕੀਤਾ। ਦੁਨੀਆਵੀ ਲੋਕ ਆਪਣੇ ਨਿੱਜੀ ਸਵਾਰਥਾਂ ਦੀ ਖ਼ਾਤਰ ਸਾਰੇ ਅਸੂਲ, ਸਿਧਾਂਤ ਅਤੇ ਕੌਮੀ ਹਿੱਤਾਂ ਨੂੰ ਵੀ ਕੁਰਬਾਨ ਕਰਨ ਤੋਂ ਨਹੀਂ ਝਿਜਕਦੇ। ਅਜਿਹੇ ਲੋਕਾਂ ਨੂੰ ਇਤਿਹਾਸ ਵਿਚ ਘਿਰਣਾ ਦੀ ਨਜ਼ਰ ਨਾਲ ਹੀ ਵੇਖਿਆ ਜਾਂਦਾ ਹੈ। ਗੁਰੂ ਜੀ ਲਈ ਸਿੰਘਾਂ ਅਤੇ ਸਪੁੱਤਰਾਂ ਵਿਚਕਾਰ ਕੋਈ ਅੰਤਰ ਨਹੀਂ ਸੀ। ਸਤਿਗੁਰਾਂ ਵੱਲੋਂ ਮੈਦਾਨ-ਏ-ਜੰਗ ਵਿਚ ਜੂਝਦਿਆਂ ਸ਼ਹੀਦੀ ਪਾਉਣ ਲਈ ਕੀਤੀ ਤਿਆਰੀ ਅਤੇ ਰਹਿੰਦੇ ਮਹੱਤਵਪੂਰਨ ਪੰਥਕ ਕਾਰਜਾਂ ਦੀ ਪੂਰਤੀ ਨੂੰ ਮੁੱਖ ਰੱਖਦਿਆਂ ਪੰਜ ਸਿੰਘਾਂ ਵੱਲੋਂ ਗੁਰੂ ਰੂਪ ਹੋ ਕੇ ਸਤਿਗੁਰਾਂ ਨੂੰ ਗੜ੍ਹੀ ਛੱਡ ਕੇ ਚਲੇ ਜਾਣ ਲਈ ਕਿਹਾ ਗਿਆ। ਖਾਲਸੇ ਦਾ ਹੁਕਮ ਮੰਨਦਿਆਂ ਜਦੋਂ ਗੁਰੂ ਜੀ ਨੇ ਤਾੜੀ ਮਾਰ ਕੇ ਮੁਗ਼ਲਾਂ ਨੂੰ ਵੰਗਾਰ ਕੇ ਬਾਹਰ ਨੂੰ ਚਾਲੇ ਪਾਏ।

ਕਰਬਲਾ ਦੀ ਜੰਗ ਅਤੇ ਚਮਕੌਰ ਦੀ ਜੰਗ ਵਿਚ ਇੱਕ ਵੱਡਾ ਅੰਤਰ ਸੀ। ਕਰਬਲਾ ਦੀ ਜੰਗ ਵਿਚ ਦੋਵੇਂ ਫੌਜਾਂ ਬਰਾਬਰ ਦੀਆਂ ਸਨ। ਇਸ ਦੇ ਮੁਕਾਬਲੇ 'ਤੇ ਚਮਕੌਰ ਦੀ ਜੰਗ ਦੁਨੀਆ ਦੀ ਸਭ ਤੋਂ ਵੱਧ ਅਸਾਵੀਂ ਜੰਗ ਸੀ। ਇਸ ਜੰਗ ਦਾ ਜ਼ਿਕਰ ਕਰਦਿਆਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਔਰੰਗਜ਼ੇਬ ਨੂੰ ਲਿਖੇ ਜ਼ਫ਼ਰਨਾਮੇ ਵਿਚ ਲਿਖਿਆ ਹੈ ਕਿ ਭੁੱਖੇ-ਭਾਣੇ ਚਾਲ੍ਹੀ ਆਦਮੀ ਕੀ ਕਰ ਸਕਦੇ ਹਨ, ਜੇ ਉਨ੍ਹਾਂ 'ਤੇ ਬੇਸ਼ੁਮਾਰ ਲਸ਼ਕਰ ਅਚਾਨਕ ਟੁੱਟ ਪਵੇ:

*ਗੁਰਸਨਹ ਚਿਹ ਕਾਰੇ ਕੁਨੱਦ ਚਿਹਲ ਨਰ।*
*ਕਿ ਦਹ ਲੱਕ ਬਰਾਯਦ ਬਰੋ ਬੇਖ਼ਬਰ।* *(ਜ਼ਫ਼ਰਨਾਮਾ)*

ਇਸ ਤਰ੍ਹਾਂ ਦੀਆਂ ਅਸਾਵੀਂਆਂ ਜੰਗਾਂ ਦੀਆਂ ਮਿਸਾਲਾਂ ਸਿੱਖ ਇਤਿਹਾਸ ਵਿਚ ਸ੍ਰੀ ਮੁਕਤਸਰ ਸਾਹਿਬ ਅਤੇ ਸਾਰਾਗੜ੍ਹੀ ਦੀ ਜੰਗ ਦੀਆਂ ਮਿਲਦੀਆਂ ਹਨ, ਪਰ ਬਾਕੀ ਕੌਮਾਂ ਦੇ ਇਤਿਹਾਸ ਵਿਚ ਸ਼ਾਇਦ ਨਾ ਦੇ ਬਰਾਬਰ ਹਨ।

ਮਹਾਨ ਸ਼ਹੀਦਾਂ ਦਾ ਪਵਿੱਤਰ ਖ਼ੂਨ ਡੁੱਲ੍ਹਣ ਨਾਲ ਚਮਕੌਰ ਦੀ ਧਰਤੀ ਚਮਕੌਰ ਸਾਹਿਬ ਬਣ ਗਈ ਅਤੇ ਇੱਥੇ ਚਮਕੌਰ ਸਾਹਿਬ ਦੀ ਇਤਿਹਾਸਿਕ ਜੰਗ ਦੀ ਯਾਦ

ਵਿਚ ਗੁਰਦੁਆਰਾ ਕਤਲਗੜ੍ਹ ਸਾਹਿਬ, ਗੁਰਦੁਆਰਾ ਕੱਚੀ ਗੜ੍ਹੀ ਸਾਹਿਬ, ਗੁਰਦੁਆਰਾ ਦਮਦਮਾ ਸਾਹਿਬ, ਗੁਰਦੁਆਰਾ ਤਾੜੀ ਸਾਹਿਬ ਅਤੇ ਗੁਰਦੁਆਰਾ ਰਣਜੀਤਗੜ੍ਹ ਸਾਹਿਬ ਸੁਸ਼ੋਭਿਤ ਹੈ। ਇਸ ਮਹਾਨ ਪਵਿੱਤਰ ਸ਼ਹੀਦੀ ਅਸਥਾਨ ਉੱਤੇ ਹਰ ਸਾਲ ਸਿੱਖ ਸੰਗਤਾਂ ਜੋੜ-ਮੇਲੇ 'ਤੇ ਇਕੱਤਰ ਹੋ ਕੇ ਉਨ੍ਹਾਂ ਮਹਾਨ ਸ਼ਹੀਦਾਂ ਨੂੰ ਸ਼ਰਧਾ ਅਤੇ ਸਤਿਕਾਰ ਭੇਟ ਕਰਦੀਆਂ ਹਨ।

ਅੱਲਾ ਯਾਰ ਖਾਂ ਜੋਗੀ ਤਾਂ ਦੁਨੀਆ ਦੇ ਤੀਰਥ ਅਸਥਾਨਾਂ ਨਾਲੋਂ ਸਾਹਿਬਜ਼ਾਦਿਆਂ ਦੇ ਸ਼ਹੀਦੀ ਸਥਾਨਾਂ ਨੂੰ ਧਰਮ-ਯਾਤਰਾ ਲਈ ਉੱਚਤਮ ਮੰਨਦਾ ਹੈ, ਕਿਉਂਕਿ ਅਜਿਹੀ ਸ਼ਹੀਦੀ ਦੁਨੀਆ ਦੇ ਇਤਿਹਾਸ ਵਿਚ ਨਾ ਤਾਂ ਪਹਿਲਾਂ ਕਦੀ ਹੋਈ ਅਤੇ ਨਾ ਹੀ ਭਵਿੱਖ ਵਿਚ ਆਸ ਹੈ। ਜੋਗੀ ਜੀ ਇਉਂ ਲਿਖਦੇ ਹਨ:

*ਬਸ ਏਕ ਹਿੰਦ ਮੇਂ ਤੀਰਥ ਹੈ ਯਾਤ੍ਰਾ ਕੇ ਲੀਯੇ।*
*ਕਟਾਏ ਬਾਪ ਨੇ ਬੱਚੇ ਜਹਾਂ ਖ਼ੁਦਾ ਕੇ ਲੀਯੇ।*

ਸਾਹਿਬਜ਼ਾਦਿਆਂ ਦੀ ਲਾਮਿਸਾਲ ਸ਼ਹੀਦੀ ਨੂੰ ਯਾਦ ਕਰਦਿਆਂ ਜਦੋਂ ਅਸੀਂ ਆਪਣੇ ਆਲੇ-ਦੁਆਲੇ ਵੱਲ ਝਾਤ ਮਾਰਦੇ ਹਾਂ ਅਤੇ ਸਿੱਖ ਕੌਮ ਅੰਦਰ ਆ ਚੁੱਕੇ ਘੋਰ ਨਿਘਾਰ ਨੂੰ ਮਹਿਸੂਸ ਕਰਦੇ ਹਾਂ ਤਾਂ ਸਿਰ ਸ਼ਰਮ ਨਾਲ ਝੁਕ ਜਾਂਦਾ ਹੈ। ਕੀ ਅਸੀਂ ਸੋਚਾਂਗੇ ਕਿ ਅਸੀਂ ਕਿਧਰ ਨੂੰ ਜਾ ਰਹੇ ਹਾਂ? ਸਤਿਗੁਰੂ ਨੇ ਆਪਣੇ ਲਖਤ-ਏ-ਜ਼ਿਗਰ ਸਾਹਿਬਜ਼ਾਦਿਆਂ ਨੂੰ ਸ਼ਹੀਦ ਕਰਵਾ ਕੇ ਭਾਰਤ ਵਾਸੀਆਂ ਅਤੇ ਸਿੱਖ ਕੌਮ ਨੂੰ ਜ਼ਿੰਦਗੀ ਬਖ਼ਸ਼ੀ ਸੀ। ਸਾਹਿਬਜ਼ਾਦਿਆਂ ਨੇ ਆਪਣੇ ਸੀਸ ਭੇਟ ਕਰ ਕੇ ਭਾਰਤ ਦਾ ਸੀਸ, ਧਰਮ, ਅਣਖ, ਗੌਰਵ ਅਤੇ ਸੱਭਿਆਚਾਰ ਨੂੰ ਬਚਾਇਆ; ਪਰੰਤੂ ਅਸੀਂ ਕੌਮ ਨੂੰ ਤਬਾਹੀ ਵੱਲ ਧੱਕ ਕੇ ਆਪਣੀ ਅਤੇ ਆਪਣੀ ਔਲਾਦ ਦੇ ਕੂੜੇ ਸੁੱਖ-ਅਰਾਮ ਅਤੇ ਵਕਤੀ ਸ਼ਾਨ-ਓ-ਸ਼ੌਕਤ ਲਈ ਤੱਤਪਰ ਹਾਂ। ਉਹ ਕੌਮਾਂ ਦੁਨੀਆ ਦੇ ਤਖਤੇ ਤੋਂ ਮਿਟ ਗਈਆਂ, ਜੋ ਖੁਦਗਰਜ਼ੀ ਕਾਰਨ ਆਪਣੇ ਧਾਰਮਿਕ ਸਿਧਾਂਤ, ਮਹਾਨ ਵਿਰਾਸਤ, ਇਤਿਹਾਸ ਅਤੇ ਸ਼ਹੀਦਾਂ ਨੂੰ ਅਣਗੌਲਿਆਂ ਕਰ ਕੇ ਆਪਣੀਆਂ ਕੂੜੀਆਂ ਲਾਲਸਾਵਾਂ ਨੂੰ ਪੂਰੀਆਂ ਕਰਨ ਵਿਚ ਹੀ ਗਲਤਾਨ ਹੋ ਗਈਆਂ। ਇਸ ਦੇ ਨਾਲ ਹੀ ਪੰਥ-ਵਿਰੋਧੀ ਸ਼ਕਤੀਆਂ ਤਰ੍ਹਾਂ-ਤਰ੍ਹਾਂ ਦੀਆਂ ਸਾਜ਼ਿਸ਼ਾਂ ਅਤੇ ਮਨਘੜਤ ਕਹਾਣੀਆਂ ਘੜ ਕੇ ਸਿੱਖ ਸਿਧਾਂਤ, ਮਹਾਨ ਵਿਰਾਸਤ, ਸ਼ਾਨਾਂਮੱਤੇ ਇਤਿਹਾਸ ਅਤੇ ਮਰਯਾਦਾ ਨੂੰ ਸੱਟ ਮਾਰਨ ਲਈ ਪੂਰੀ ਤਰ੍ਹਾਂ ਸਰਗਰਮ ਹਨ, ਜੋ ਕਿ ਅਤਿ ਖ਼ਤਰਨਾਕ ਮਸਲਾ ਹੈ। ਸਾਨੂੰ ਇਸ ਖ਼ਤਰੇ ਤੋਂ ਸਾਵਧਾਨ ਹੋਣ ਦੀ ਲੋੜ ਹੈ, ਵਰਨਾ ਸਰਬਨਾਸ਼ ਯਕੀਨੀ ਹੈ।

ਆਓ! ਅਸੀਂ ਆਪਣੇ ਮਹਾਨ ਸਿਧਾਂਤ ਅਤੇ ਵਿਰਾਸਤ ਦੇ ਸਹੀ ਵਾਰਿਸ ਬਣਨ ਦਾ ਯਤਨ ਕਰੀਏ ਅਤੇ *ਅਪਨਾ ਬਿਗਾਰ ਬਿਰਾਂਨਾ ਸਾਂਢੈ* ਦੇ ਸਿਧਾਂਤ ਉੱਤੇ ਪਹਿਰਾ ਦੇਈਏ, ਸਾਹਿਬਜ਼ਾਦਿਆਂ ਦੀ ਸ਼ਹਾਦਤ ਤੋਂ ਸੇਧ ਲੈਂਦੇ ਹੋਏ ਇਸ ਕਾਰਜ ਵਿਚ ਤਨੋਂ-ਮਨੋਂ ਆਪੋ-ਆਪਣਾ ਯੋਗਦਾਨ ਪਾਈਏ ਤੇ ਆਪਣਾ ਜਨਮ ਸਕਾਰਥਾ ਕਰੀਏ ਅਤੇ ਆਪਣੇ ਦੇਸ਼-ਕੌਮ ਦੇ ਗੌਰਵ, ਅਣਖ ਤੇ ਸ਼ਾਨ ਨੂੰ ਉੱਚਾ ਕਰੀਏ, ਰੋਸ਼ਨ ਕਰੀਏ। ■

# ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਅਦੁੱਤੀ ਜੀਵਨ

*-ਗਿ. ਸੁਰਿੰਦਰ ਸਿੰਘ ਨਿਮਾਣਾ**

ਮੱਧ ਯੁੱਗ ਘੋਰ ਅੰਧਕਾਰਮਈ ਸੀ। ਹੋਰ ਕਈ ਬੁਰਾਈਆਂ ਦੇ ਨਾਲ-ਨਾਲ ਇਸ ਵਿਚ ਅਗਿਆਨਤਾ ਤੇ ਕਰਮ-ਕਾਂਡ ਬਹੁਤ ਭਾਰੂ ਸੀ। ਇਸ ਅੰਧਕਾਰਮਈ ਯੁੱਗ 'ਚ ਸ੍ਰੀ ਗੁਰੂ ਨਾਨਕ ਸਾਹਿਬ ਸੱਚ ਧਰਮ ਦੇ ਸੂਰਜ ਬਣ ਕੇ ਵਿਚਰੇ ਅਤੇ ਇਨਕਲਾਬੀ ਗੁਰਮਤਿ ਵਿਚਾਰਧਾਰਾ ਨੂੰ ਅਮਲ ਵਿਹਾਰ 'ਚ ਵੀ ਲਿਆਂਦਾ ਗਿਆ। ਸ੍ਰੀ ਗੁਰੂ ਨਾਨਕ ਸਾਹਿਬ ਜੀ ਦੁਆਰਾ ਚਲਾਏ ਗਏ ਨਾਨਕ ਨਿਰਮਲ ਪੰਥ ਦੀ ਖਾਲਸਾ ਪੰਥ ਦੇ ਰੂਪ ਵਿਚ ਸੰਪੂਰਨਤਾ ਕਰਨ ਵਾਲੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਲਾਸਾਨੀ ਜ਼ਿੰਦਗੀ ਅਸਲੋਂ ਵਿਲੱਖਣ ਪ੍ਰਤਿਭਾਵਾਨ ਸ਼ਖ਼ਸੀਅਤ ਤੇ ਅਨੂਠੀ ਦੇਣ 'ਚੋਂ ਕੁਝ ਚੋਣਵੇਂ ਅੰਸ਼ ਪਾਠਕਾਂ ਨਾਲ ਸਾਂਝੇ ਕਰਨਾ ਇਸ ਲੇਖ ਦਾ ਪ੍ਰਯੋਜਨ ਹੈ।

ਆਪ ਜੀ ਦਾ ਪ੍ਰਕਾਸ਼ ਨੌਵੇਂ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਘਰ ਮਾਤਾ ਗੁਜਰੀ ਜੀ ਦੀ ਕੁੱਖੋਂ ਪੋਹ ਸੁਦੀ ਸਤਵੀਂ ੧੭੨੩ ਬਿਕ੍ਰਮੀ (੨੨ ਦਸੰਬਰ, ੧੬੬੬ ਈ.) ਨੂੰ ਪਟਨਾ ਸਾਹਿਬ (ਬਿਹਾਰ) ਵਿਖੇ ਹੋਇਆ। ਇਹ ਪ੍ਰਕਾਸ਼ ਹੋਣ ਸਦਕਾ ਹੀ ਸਿੱਖ ਸੰਗਤਾਂ ਲਈ ਇਹ ਪਟਨਾ ਸਾਹਿਬ ਬਣ ਗਿਆ। ਇਹ ਪ੍ਰਕਾਸ਼ ਗੁਰੂ-ਪਰਵਾਰ ਹੀ ਨਹੀਂ ਸਗੋਂ ਸਮੂਹ ਸਿੱਖ ਸੰਗਤ ਵਾਸਤੇ ਵੀ ਇਕ ਅਤਿ ਖੁਸ਼ੀ ਭਰਿਆ ਸ਼ੁਭ ਸਮਾਚਾਰ ਸੀ। ਸਭ ਹੀ ਕੰਵਲ ਫੁੱਲਾਂ ਵਾਂਗ ਖਿੜ ਗਏ।

ਗ੍ਰਿਹਿ ਵਿਖੇ ਬਾਲ ਦੇ ਪ੍ਰਗਟ ਹੋਣ ਸਮੇਂ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਇਸ ਅਸਥਾਨ ਤੋਂ ਕਾਫੀ ਦੂਰ ਪ੍ਰਚਾਰ ਹਿੱਤ ਵਿਚਰ ਰਹੇ ਸਨ ਜਿੱਥੇ ਆਪ ਜੀ ਨੂੰ ਇਹ ਸ਼ੁਭ ਸਮਾਚਾਰ ਮਿਲਿਆ। ਸਤਿਗੁਰੂ ਜੀ ਨੇ ਅਕਾਲ ਪੁਰਖ ਦਾ ਸ਼ੁਕਰਾਨਾ ਅਦਾ ਕਰਦਿਆਂ ਸੰਦੇਸ਼ਕ ਨੂੰ ਮੋੜਵਾਂ ਲਿਖਤੀ ਫੁਰਮਾਨ ਪ੍ਰਦਾਨ ਕੀਤਾ। ਪਟਨਾ ਸਾਹਿਬ ਦੀ ਸੰਗਤ ਭਾਵੇਂ ਕਿ ਗੁਰ-ਪਰਵਾਰ ਦੀ ਸੇਵਾ-ਸੰਭਾਲ 'ਚ ਪਹਿਲਾਂ ਹੀ ਲੱਗੀ ਹੋਈ ਸੀ ਪਰੰਤੂ ਗੁਰੂ ਸਾਹਿਬ ਨੇ ਉਸ ਦੇ ਉਲੇਖ ਸਹਿਤ ਬਾਲ ਗੋਬਿੰਦ ਰਾਏ ਦੀ ਸੰਭਾਲ ਤੇ ਸੁਰੱਖਿਆ ਦਾ ਨਿਰਦੇਸ਼ ਲਿਖਤੀ ਰੂਪ 'ਚ ਦੇ ਕਰ ਕੇ ਸੰਦੇਸ਼ਕ ਸਿੱਖ ਨੂੰ ਪਟਨਾ ਸਾਹਿਬ ਵੱਲ ਰੁਖ਼ਸਤ ਕੀਤਾ। ਲੋੜੀਂਦੇ ਆਸ਼ਿਆਂ ਦੀ ਪੂਰਤੀ ਮਗਰੋਂ ਗੁਰੂ ਸਾਹਿਬ ਆਪ ਕਾਫੀ ਲੰਬੇ ਸਮੇਂ ਮਗਰੋਂ ਹੀ ਸਪੁੱਤਰ ਗੋਬਿੰਦ ਰਾਏ ਨੂੰ ਪਟਨਾ ਸਾਹਿਬ ਆ ਕੇ ਮਿਲ ਸਕੇ।

ਬਾਲ ਗੋਬਿੰਦ ਰਾਏ ਦੇ ਪ੍ਰਗਟ ਹੋਣ 'ਤੇ ਸਿੱਖ ਸੰਗਤਾਂ ਨੂੰ ਹੀ ਨਹੀਂ ਸਗੋਂ ਦੂਸਰੇ ਮਤਾਂ-ਮਤਾਂਤਰਾਂ ਦੇ ਸਿੱਖ ਸੰਗਤਾਂ ਨਾਲ ਮੇਲ-ਜੋਲ ਅਤੇ ਗੁਰੂ ਜੀ ਦੇ ਸਰਬਸਾਂਝੀਵਾਲਤਾ ਦੇ ਮਿਸ਼ਨ ਦੇ ਪ੍ਰਸੰਸਕ ਲੋਕਾਂ ਨੂੰ ਵੀ ਖੁਸ਼ੀ ਸੀ। ਇਹ ਖੁਸ਼ੀ ਪੀਰ ਭੀਖਣ ਸ਼ਾਹ ਵੱਲੋਂ ਘੁੜਾਮ (ਪੰਜਾਬ) ਤੋਂ ਲੰਮੀਆਂ ਵਾਟਾਂ ਕੱਟ ਕੇ ਪਟਨਾ ਸਾਹਿਬ ਪਹੁੰਚਣ 'ਤੇ ਤੀਬਰ ਸਿੱਕ

*ਮੁਖੀ, ਐਵਰਗ੍ਰੀਨ ਸਾਇੰਸ ਐਂਡ ਸਪੋਰਟਸ ਸਕੂਲ, ਅੱਚਲ ਸਾਹਿਬ (ਚਾਹਲ ਕਲਾਂ) ਜ਼ਿਲ੍ਹਾ ਗੁਰਦਾਸਪੁਰ; ਮੋ. +੯੧੯੮੭੨੨-੩੫੧੧੧

ਰੱਖਦਿਆਂ ਬਾਲ ਨੂੰ ਦੇਖ ਕੇ ਨਿਹਾਲ ਹੋਣ ਵਾਲਾ ਇਤਿਹਾਸਿਕ ਪ੍ਰਸੰਗ ਪਰੋਖ ਰੂਪ 'ਚ ਇਹ ਦਰਸਾਉਂਦਾ ਹੈ ਕਿ ਸਤਿਗੁਰੂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇਸ਼ ਕੌਮ ਨੂੰ ਏਕਤਾ ਦੇ ਸੂਤ ਵਿਚ ਪਿਰੋਣ ਦਾ, ਸਤਿਗੁਰੂ ਨਾਨਕ ਸਾਹਿਬ ਜੀ ਦੁਆਰਾ ਅਰੰਭ ਕੀਤਾ ਕਾਰਜ ਆਪਣੇ ਗੁਰਿਆਈ-ਕਾਲ ਦੌਰਾਨ ਕਰ ਰਹੇ ਸਨ। ਸ੍ਰੀ ਗੁਰੂ ਨਾਨਕ ਸਾਹਿਬ ਨੇ ਇਕ ਤਰ੍ਹਾਂ ਸਿੱਖ ਮਤ ਦੀ ਨੀਂਹ ਆਰਾਮਦਾਇਕ ਗ੍ਰਿਹਸਤੀ ਜੀਵਨ ਦੇ ਸੁੱਖ-ਆਰਾਮ ਤੋਂ ਉੱਪਰ ਉੱਠਦਿਆਂ ਅਤੇ ਗੁਜ਼ਰਾਨ ਹਿੱਤ ਚੰਗੀ-ਭਲੀ ਸਰਕਾਰੀ ਨੌਕਰੀ ਦਾ ਇੱਛਿਤ ਤਿਆਗ ਕਰਦਿਆਂ *ਨਾ ਕੋ ਹਿੰਦੂ ਨਾ ਮੁਸਲਮਾਨ* ਦੀ ਆਵਾਜ਼ ਬੁਲੰਦ ਕਰਦਿਆਂ ਰੱਖੀ ਸੀ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਇਸੇ ਕਾਰਜ ਭਾਵ ਹਿੰਦੂ/ਮੁਸਲਮਾਨ ਉਸ ਸਮੇਂ ਦੇ ਦੇਸ਼ 'ਚ ਪ੍ਰਚਲਿਤ ਦੋ ਵੱਡੇ ਮਤਾਂ ਦੇ ਮੰਨਣ ਵਾਲਿਆਂ ਵਿਚਕਾਰ ਪਈਆਂ ਦੂਰੀਆਂ ਦੂਰ ਕਰਦਿਆਂ ਨਿਭਾ ਰਹੇ ਸਨ। ਇਹ ਗੱਲ ਵੀ ਉਲੇਖਯੋਗ ਹੈ ਕਿ ਧਾਰਮਿਕ ਅਜ਼ਾਦੀ ਸਿੱਖ ਧਰਮ ਦਾ ਇਕ ਅਜਿਹਾ ਵੱਡਾ ਸਰੋਕਾਰ ਸੀ ਜਿਸ ਵਾਸਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇ ਦਿੱਲੀ ਦੇ ਚਾਂਦਨੀ ਚੌਂਕ ਵਿਚ ਆਪਣੇ ਸੀਸ ਦਾ ਬਲੀਦਾਨ ਦੇ ਦਿੱਤਾ। ਦੂਸਰੀ ਗੱਲ ਵਕਤ ਦੇ ਕੱਟੜ ਹਠਧਰਮੀ ਬਾਦਸ਼ਾਹ ਔਰੰਗਜ਼ੇਬ ਨੂੰ ਕੱਟੜ ਹਠਧਰਮੀ ਨੀਤੀ 'ਤੇ ਪੁਨਰ-ਵਿਚਾਰ ਕਰਨ ਵਾਸਤੇ ਗੁਰੂ ਸਾਹਿਬ ਨੇ ਪੱਕਾ ਫੈਸਲਾ ਆਪਣੇ ਹੋਣਹਾਰ ਸਪੂਤ ਸ੍ਰੀ ਗੋਬਿੰਦ ਰਾਏ ਦੁਆਰਾ ਕੀਤੀ ਪ੍ਰੇਰਨਾ ਦੇ ਮੱਦੇਨਜ਼ਰ ਹੀ ਲਿਆ ਸੀ।

ਮਾਤਾ ਗੁਜਰੀ ਜੀ, ਮਾਮਾ ਸ੍ਰੀ ਕ੍ਰਿਪਾਲ ਚੰਦ ਜੀ ਦੇ ਨਾਲ-ਨਾਲ ਬਾਲ ਸ੍ਰੀ ਗੋਬਿੰਦ ਰਾਏ ਜੀ ਦੀ ਬਹੁਤ ਹੀ ਲਾਡ-ਪਿਆਰ ਨਾਲ ਪਾਲਣਾ ਪਰਵਰਿਸ਼ ਕਰਨ 'ਚ ਦਾਈਆਂ ਮਾਈ ਪੇੜੀ ਬਾਈ, ਬੀਬੀ ਲਾਡੋ ਅਤੇ ਬੀਬੀ ਰੂਪੀ ਦਾ ਭਰਪੂਰ ਹਿੱਸਾ ਬੋਲਦਾ ਹੈ। ਪਟਨਾ ਸਾਹਿਬ ਦੀ ਸਿੱਖ ਅਤੇ ਹੋਰ ਧਰਮਾਂ ਨਾਲ ਸੰਬੰਧ ਰੱਖਣ ਵਾਲੇ, ਪਟਨਾ ਸਾਹਿਬ ਦੇ ਗੁਰੂ-ਘਰ ਨਾਲ ਸਾਂਝ ਮਹਿਸੂਸ ਕਰਨ ਵਾਲੇ ਵਸਨੀਕ ਇਸਤਰੀ ਪੁਰਸ਼ਾਂ ਦਾ ਵੀ ਮਹੱਤਵਪੂਰਨ ਯੋਗਦਾਨ ਇਤਿਹਾਸਿਕ ਸਰੋਤ ਦਰਸਾਉਂਦੇ ਹਨ। ਰਾਜਾ ਫਤਹ ਚੰਦ ਅਤੇ ਉਸ ਦੀ ਰਾਣੀ ਮੈਣੀ ਤਾਂ ਜਿਵੇਂ ਬਾਲ ਗੋਬਿੰਦ ਰਾਏ ਨੂੰ ਵੇਖ-ਵੇਖ ਕੇ ਹੀ ਜੀਉਂਦੇ ਸਨ।

ਰਾਣੀ ਮੈਣੀ ਬਾਲ ਗੋਬਿੰਦ ਰਾਏ ਤੇ ਉਨ੍ਹਾਂ ਨਾਲ ਖੇਡਣ ਵਾਲੇ ਹਮਉਮਰ ਬੱਚਿਆਂ ਨੂੰ ਮੋਹ-ਭਾਵ ਵਿਚ ਭਿੱਜ ਕੇ ਛੋਲੇ-ਪੂੜੀਆਂ ਛਕਾਉਂਦੇ ਰਹੇ। ਬਾਲ ਸ੍ਰੀ ਗੋਬਿੰਦ ਰਾਇ ਦੀ ਅਗਵਾਈ 'ਚ ਬਾਲਾਂ ਦੀ ਟੋਲੀ ਲੰਮਾ ਸਮਾਂ ਆਉਂਦੀ ਰਹੀ। ਉਹ ਰਾਣੀ ਨੂੰ 'ਮਾਂ' ਆਖਦੇ। ਰਾਣੀ ਅਥਾਹ ਖੁਸ਼ੀ ਮਹਿਸੂਸਦੀ। ਉਸ ਨੂੰ ਪਟਨਾ ਸਾਹਿਬ ਗੰਗਾ ਨਦੀ ਦੇ ਕਿਨਾਰੇ ਬਾਲ ਗੋਬਿੰਦ ਰਾਏ ਦੀ ਮਨੋਹਰ ਸੂਰਤ 'ਚੋਂ ਦੀਦਾਰ ਦੀ ਝਲਕ ਵਿੱਚੋਂ ਅਸੀਮ ਰੂਹਾਨੀ ਅਨੰਦ-ਹੁਲਾਸ ਹਾਸਲ ਹੋਇਆ। ਪਟਨਾ ਸਾਹਿਬ ਦੀਆਂ ਗਲੀਆਂ-ਬਜ਼ਾਰਾਂ 'ਚੋਂ ਲੰਘਦੀਆਂ ਨਵਾਬਾਂ ਦੀਆਂ ਸ਼ਾਹੀ ਸਵਾਰੀਆਂ ਨੂੰ ਸਿਰ ਝੁਕਾਉਣ ਤੋਂ ਬੇਪਰਵਾਹੀਆਂ 'ਚ ਇਨਕਾਰ ਕਰਦਿਆਂ ਬਾਲ ਸ੍ਰੀ ਗੋਬਿੰਦ ਰਾਏ ਤੇ ਉਨ੍ਹਾਂ ਦੇ ਹਮਉਮਰ ਬਾਲ ਜਨ-ਸਾਧਾਰਨ ਨੂੰ ਅਣਗੌਲਣ ਵਾਲੇ ਸਾਮੰਤਵਾਦੀ ਬਾਦਸ਼ਾਹੀ ਸਿਸਟਮ ਨੂੰ ਨਕਾਰਦੇ ਰਹੇ। ਸ੍ਰੀ ਗੋਬਿੰਦ ਰਾਏ ਬੀਰ ਰਸੀ ਜੰਗੀ ਅਭਿਆਸ ਨਾਲ ਸੰਬੰਧਿਤ ਖੇਡਾਂ ਖੇਡਦੇ ਰਹੇ, ਜਿਸ ਦੁਆਰਾ ਉਹ ਇਕ ਤਰ੍ਹਾਂ ਹਕੂਮਤ ਨਾਲ ਭਵਿੱਖ 'ਚ ਟਕਰਾਉ ਹੋਣ ਦਾ ਰਮਜ਼ੀ ਪ੍ਰਗਟਾਵਾ

ਕਰਦੇ ਜਾਪਦੇ। ਮਾਮਾ ਕ੍ਰਿਪਾਲ ਚੰਦ ਜੀ ਬਾਲਾਂ ਨੂੰ ਇਵੇਂ ਕਰਦਿਆਂ ਵੇਖ ਕੇ ਤਸੱਲੀ ਮਹਿਸੂਸ ਕਰਦੇ। ਸ੍ਰੀ ਗੋਬਿੰਦ ਰਾਏ ਜੀ ਉਨ੍ਹਾਂ ਤੋਂ ਖੇਡ 'ਚ ਜੇਤੂ ਟੋਲੀ ਨੂੰ ਇਨਾਮ ਤੇ ਸ਼ਾਬਾਸ਼ ਦਿੰਦੇ। ਇਸ ਪ੍ਰਕਾਰ ਸ੍ਰੀ ਗੋਬਿੰਦ ਰਾਏ ਜੀ ਨੂੰ ਬਾ-ਕਮਾਲ ਯੋਧੇ ਤੇ ਸੈਨਾਪਤੀ ਬਣਾਉਣ 'ਚ ਮਾਮਾ ਜੀ ਦੀ ਪਹਿਲ-ਕਦਮੀ ਤੇ ਹੱਲਾਸ਼ੇਰੀ ਆਪਣਾ ਪ੍ਰਭਾਵ ਰੱਖਦੀ ਹੈ। ਪਰੰਤੂ ਇਹ ਵੀ ਗੋਬਿੰਦ ਰਾਏ ਹੀ ਸਨ ਜਿਨ੍ਹਾਂ ਪਿਤਾ ਗੁਰੂ ਜੀ ਦਾ ਸ੍ਰੀ ਅਨੰਦਪੁਰ ਸਾਹਿਬ ਆਉਣ ਦਾ ਹੁਕਮ ਖੁਸ਼ੀ-ਖੁਸ਼ੀ ਸਿਰਮੱਥੇ ਮੰਨਦਿਆਂ ਪਟਨੇ ਸਾਹਿਬ ਵਾਲਾ ਅਨੰਦ ਮੰਗਲ ਨਾਲ ਭਰਪੂਰ ਜੀਵਨ ਤਿਆਗ ਦਿੱਤਾ ਤੇ ਸ੍ਰੀ ਅਨੰਦਪੁਰ ਸਾਹਿਬ ਦੇ ਨਵੇਂ ਸਥਲ ਤੇ ਬਿਲਕੁਲ ਅਲੱਗ ਤਰ੍ਹਾਂ ਦੇ ਅਥਾਹ, ਮਿਹਨਤ 'ਤੇ ਸਿਖਲਾਈ ਭਰਪੂਰ ਜੀਵਨ ਨਾਲ ਪੂਰਨ ਇਕਸੁਰਤਾ ਵਿਕਸਿਤ ਕਰ ਲਈ।

'ਅਨੰਦਪੁਰ ਸਾਹਿਬ' ਨਾਮ ਚੱਕ ਨਾਨਕੀ ਨੂੰ ਦੇਣ ਵਾਲੇ ਵੀ ਸ੍ਰੀ ਗੋਬਿੰਦ ਰਾਏ ਹੀ ਸਨ। ਸਤਿਗੁਰੂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਇਕ ਐਸੀ ਜਗ੍ਹਾ ਖਰੀਦ ਕੇ ਇਹ ਨਗਰ ਆਪਣੇ ਮਾਤਾ ਜੀ ਦੇ ਨਾਮ 'ਤੇ ਵਸਾਉਣਾ ਕੀਤਾ ਸੀ ਜਿਸ ਬਾਰੇ ਲੋਕਾਈ ਦੇ ਮਨ-ਮਸਤਕ 'ਚ ਕਈ ਤਰ੍ਹਾਂ ਦੇ ਭਰਮ ਪਾਏ ਜਾਂਦੇ ਸਨ। ਦੂਸਰਾ, ਇਸ ਨੂੰ ਵਿੱਦਿਆ ਦੇ ਕੇਂਦਰ ਵਜੋਂ ਵਿਕਸਿਤ ਕਰਨ ਦੀ ਲੋੜ ਵੀ ਸੀ। ਇੱਥੇ ਬਾਲ ਗੋਬਿੰਦ ਰਾਏ ਦੀ ਵਿੱਦਿਆ ਤੇ ਸ਼ਸਤਰਾਂ ਨੂੰ ਚਲਾਉਣ 'ਚ ਮੁਹਾਰਤ ਪਿਤਾ ਗੁਰੂ ਜੀ ਦੁਆਰਾ ਬਹੁਤ ਹੀ ਤਜ਼ਰਬੇਕਾਰ ਮਾਹਰ ਉਸਤਾਦਾਂ ਦੀ ਦੇਖ-ਰੇਖ ਤੇ ਸਿਖਲਾਈ ਹੇਠ ਕਰਵਾਈ ਗਈ। ਜਦੋਂ ਸਿਖਲਾਈ ਦੇਣ ਵਾਲਾ ਉਸਤਾਦ ਅਤੇ ਸਿਖਲਾਈ ਪਾਉਣ ਵਾਲਾ ਸ਼ਿਸ਼ ਦੋਨੋਂ ਆਪਣੇ-ਆਪਣੇ ਹਿੱਸੇ ਦਾ ਅਮਲ-ਓ-ਕਰਮ ਉੱਚਤਮ ਸਿਖਰ ਵਾਲੀ ਉਚਾਈ, ਡੂੰਘਾਈ ਤੇ ਵਿਆਪਕਤਾ ਉੱਪਰ ਜਾ ਕੇ ਨਿਭਾਉਂਦੇ ਹਨ ਉਦੋਂ ਹੀ ਅਸਚਰਜ ਸਿੱਟੇ ਤੇ ਪ੍ਰਾਪਤੀਆਂ ਸਾਕਾਰ ਹੋ ਸਕਦੀਆਂ ਹਨ। ਸ੍ਰੀ ਗੋਬਿੰਦ ਰਾਏ ਜੀ ਨੂੰ ਭਾਈ ਬੱਜਰ ਸਿੰਘ ਸ਼ਾਹਦਰਾ ਨੇ ਅਨੇਕਾਂ ਸ਼ਸਤਰਾਂ ਨੂੰ ਚਲਾਉਣ ਤੇ ਘੋੜ-ਸਵਾਰੀ 'ਚ ਨਿਪੁੰਨਤਾ ਪ੍ਰਦਾਨ ਕਰਵਾਈ। ਸ਼ਸਤਰਾਂ ਨੂੰ ਚਲਾਉਣ ਤੇ ਘੋੜ-ਸਵਾਰੀ ਵਿਚ ਆਪ ਲਾਸਾਨੀ ਸਿੱਧ ਹੋਏ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੁਆਰਾ ਨਵਵਿਕਸਿਤ ਵਿੱਦਿਆ ਦੇ ਕੇਂਦਰ ਸ੍ਰੀ ਅਨੰਦਪੁਰ ਸਾਹਿਬ 'ਚ ਉਨ੍ਹਾਂ ਦੇ ਹੋਣਹਾਰ ਤੇ ਗ੍ਰਹਿਣ ਕਰਨ 'ਚ ਅਸਾਧਾਰਨ ਸਮਰੱਥਾ ਰੱਖਣ ਵਾਲੇ ਸਪੁੱਤਰ ਸ੍ਰੀ ਗੋਬਿੰਦ ਰਾਏ ਜੀ ਨੂੰ ਬ੍ਰਿਜ ਭਾਸ਼ਾ, ਸੰਸਕ੍ਰਿਤ, ਅਰਬੀ, ਫ਼ਾਰਸੀ ਅਤੇ ਪੰਜਾਬੀ ਭਾਸ਼ਾਵਾਂ ਤੇ ਇਨ੍ਹਾਂ ਲਈ ਨਿਸ਼ਚਿਤ ਲਿਪੀਆਂ ਦਾ ਗਿਆਨ ਅਭਿਆਸ ਪੰਡਿਤ ਕਿਰਪਾ ਰਾਮ, ਮੁਨਸ਼ੀ ਸਾਹਿਬ ਚੰਦ, ਭਾਈ ਚੌਪਾ ਸਿੰਘ, ਮੁਨਸ਼ੀ ਪੀਰ ਮੁਹੰਮਦ ਕਾਜ਼ੀ ਅਤੇ ਭਾਈ ਹਰਜਸ ਰਾਇ ਤੇ ਭਾਈ ਕੇਸਰ ਸਿੰਘ ਜਿਹੇ ਗੁੜ੍ਹੇ ਹੋਏ ਵਿਦਵਾਨ ਉਸਤਾਦਾਂ ਦੁਆਰਾ ਕਰਵਾਇਆ। ਜਦਕਿ ਗੁਰਬਾਣੀ ਦਾ ਗਿਆਨ ਪਿਤਾ ਸਤਿਗੁਰੂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਖ਼ੁਦ ਪ੍ਰਦਾਨ ਕੀਤਾ।

ਸ੍ਰੀ ਅਨੰਦਪੁਰ ਸਾਹਿਬ ਵਿਖੇ ਕਸ਼ਮੀਰ 'ਚ ਜ਼ਬਰੀ ਧਰਮ ਪਰਿਵਰਤਨ ਕਰਾਉਣ ਦੀ ਅਣਇੱਛਿਤ ਸਮੇਂ ਦੀ ਮੁਗ਼ਲ ਸਰਕਾਰ ਦੀ ਅੱਤਿਆਚਾਰੀ ਨੀਤੀ ਦੇ ਸਤਾਏ ਬ੍ਰਾਹਮਣਾਂ ਦੀ ਪੁਕਾਰ 'ਤੇ ਆਪਣੇ ਹੋਣਹਾਰ ਸਪੂਤ ਵੱਲੋਂ ਪਿਤਾ ਜੀ ਨੂੰ ਖ਼ੁਦ ਦੁਖੀਆਂ ਦੀ

ਬਾਂਹ ਫੜਨ ਲਈ ਪ੍ਰੇਰਿਤ ਕਰਨ ਕਰਕੇ ਪਿਤਾ ਗੁਰੂ ਜੀ ਨੇ ਖ਼ੁਦ ਦਿੱਲੀ ਜਾ ਕੇ ਆਪਣੇ ਤਿੰਨ ਚੋਣਵੇਂ ਸਿੱਖਾਂ ਸਮੇਤ ਆਪਣਾ ਸਰੀਰ ਕੁਰਬਾਨ ਕਰ ਦਿੱਤਾ, ਤਾਂ ਸ੍ਰੀ ਗੋਬਿੰਦ ਰਾਏ ਉੱਪਰ ਸਿੱਖ ਲਹਿਰ ਦੀ ਅਗਵਾਈ ਕਰਨ ਦੀ ਜ਼ਿੰਮੇਵਾਰੀ ਆਈ ਜੋ ਆਪ ਜੀ ਨੇ ਉੱਚਤਮ ਬਹੁਗੁਣ ਸੰਪੰਨ ਕਿਰਦਾਰ ਤੇ ਅਸਾਧਾਰਨ ਯੋਗਤਾ ਨਾਲ ਨਿਭਾਉਂਦਿਆਂ ਹੋਇਆਂ ਸ੍ਰੀ ਅਨੰਦਪੁਰ ਸਾਹਿਬ ਦੀ ਪਾਵਨ ਸਰ-ਜ਼ਮੀਨ ’ਤੇ ਪੰਜ ਪਿਆਰਿਆਂ ਨੂੰ ਅੰਮ੍ਰਿਤ-ਪਾਨ ਕਰਵਾ ਕੇ ਖਾਲਸਾ ਪੰਥ ਦੀ ਸਿਰਜਣਾ ਕੀਤੀ ਅਤੇ ਉਨ੍ਹਾਂ ਪੰਜ ਪਿਆਰਿਆਂ ਪਾਸੋਂ ਖ਼ੁਦ ਅੰਮ੍ਰਿਤ ਦੀ ਦਾਤ ਹਾਸਲ ਕਰ ਕੇ ਗੋਬਿੰਦ ਰਾਏ ਤੋਂ ਸ੍ਰੀ ਗੁਰੂ ਗੋਬਿੰਦ ਸਿੰਘ ਬਣੇ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਗ੍ਰਹਿ ਵਿਖੇ ਚਾਰ ਸਾਹਿਬਜ਼ਾਦੇ: ਸਾਹਿਬਜ਼ਾਦਾ ਅਜੀਤ ਸਿੰਘ, ਸਾਹਿਬਜ਼ਾਦਾ ਜੁਝਾਰ ਸਿੰਘ, ਸਾਹਿਬਜ਼ਾਦਾ ਜ਼ੋਰਾਵਰ ਸਿੰਘ ਅਤੇ ਸਾਹਿਬਜ਼ਾਦਾ ਫਤਿਹ ਸਿੰਘ ਦਾ ਜਨਮ ਹੋਇਆ, ਜਿਨ੍ਹਾਂ ਨੇ ਆਪਣੀਆਂ ਸ਼ਹੀਦੀਆਂ ਦੇ ਕੇ ਲਾਸਾਨੀ ਬਹਾਦਰੀ ਤੇ ਦ੍ਰਿੜ੍ਹਤਾ ਦੀਆਂ ਉੱਚਤਮ ਮਿਸਾਲਾਂ ਕਾਇਮ ਕੀਤੀਆਂ। ਜਿਨ੍ਹਾਂ ਦਾ ਇਕ ਵੱਖਰਾ ਸ਼ਾਨਾਂਮੱਤਾ ਇਤਿਹਾਸ ਹੈ।

‘ਸ੍ਰੀ ਅਨੰਦਪੁਰ ਸਾਹਿਬ’ ਵਧੇਰੇ ਹਿੰਦੂ ਪਹਾੜੀ ਰਾਜਿਆਂ ਅਤੇ ਮੁਗ਼ਲ ਹਕੂਮਤ ਦੀਆਂ ਅੱਖਾਂ ’ਚ ਰੜਕਣ ਲੱਗਾ। ਸੋ ਇੱਥੇ ਅਤੇ ਆਲੇ-ਦੁਆਲੇ ਦੇ ਵੱਖ-ਵੱਖ ਸਥਾਨਾਂ ’ਤੇ ਆਪਣੇ ਗੁਰਿਆਈ ਕਾਲ ’ਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਕੁੱਲ ੧੪ ਯੁੱਧ ਇਨ੍ਹਾਂ ਵੈਰੀਆਂ ਨਾਲ ਲੜਨੇ ਪਏ। ਇਨ੍ਹਾਂ ਯੁੱਧਾਂ ’ਚ ਗੁਰੂ ਜੀ ਦੁਆਰਾ ਮਾਨਸਿਕ-ਆਤਮਿਕ ਤੌਰ ’ਤੇ ਤਿਆਰ ਕੀਤੇ ਸਿੱਖਾਂ ਅਰਥਾਤ ਸਿੰਘ-ਸੂਰਮਿਆਂ ਵੱਲੋਂ ਵੈਰੀਆਂ ਦੇ ਹਮਲਿਆਂ ਨੂੰ ਅਪੂਰਨ ਸੂਰਮਤਾਈ, ਹੌਂਸਲੇ ਤੇ ਦ੍ਰਿੜ੍ਹਤਾ ਨਾਲ ਰੋਕਿਆ ਗਿਆ। ਪਹਾੜੀ ਰਾਜੇ ਅਤੇ ਵੱਖ-ਵੱਖ ਨਾਮੀ ਮੁਗ਼ਲ ਸੈਨਾਪਤੀ ਹਰ ਵਾਰ ਮੂੰਹ ਦੀ ਖਾਂਦੇ ਰਹੇ ਅਤੇ ਗੁਰੂ ਸਾਹਿਬ ਤੇ ਉਨ੍ਹਾਂ ਦੇ ਸਾਜੇ-ਨਿਵਾਜੇ ਸਿੰਘ ਸੂਰਮੇ ਖਾਲਸੇ ਟਿੱਡੀ ਦਲਾਂ ਦੇ ਹਮਲਿਆਂ ਸਾਹਵੇਂ ਪੂਰੇ ਆਤਮ ਬਲ ਤੇ ਸੂਰਮਤਾਈ ਨਾਲ ਸੀਨੇ ਤਾਣ ਕੇ ਖੜ੍ਹਦੇ ਹੋਏ ਸੱਚ ਦੀ ਜਿੱਤ ਦਰਜ ਕਰਾਉਂਦੇ ਰਹੇ। ਕੁਝ ਇਕ ਪਹਾੜੀ ਰਾਜੇ ਭਾਵੇਂ ਉਹ ਆਟੇ ’ਚ ਲੂਣ ਸਾਮਾਨ ਹੀ ਸਨ, ਗੁਰੂ ਸਾਹਿਬ ਦੇ ਸਮਰਥਕ ਵੀ ਰਹੇ ਪਰੰਤੂ ਵਧੇਰੇ ਉਨ੍ਹਾਂ ਨਾਲ ਵੈਰ-ਵਿਰੋਧ ਤੇ ਈਰਖਾ ਪਾਲਦੇ ਰਹੇ ਤੇ ਅਨੇਕਾਂ ਵਾਰ ਉਨ੍ਹਾਂ ਦੁਆਰਾ ਗੁਰੂ ਜੀ ਨਾਲ ਕੀਤੇ ਪ੍ਰਣ ਤੇ ਇਕਰਾਰਨਾਮੇ ਵੀ ਤੋੜੇ। ਸਮੇਂ ਦੀ ਮੁਗ਼ਲ ਹਕੂਮਤ ਦੀ ਬਦਨੀਅਤੀ ਤੇ ਜ਼ੁਲਮ-ਜ਼ਬਰ ਦਾ ਕੋਈ ਮੇਚ-ਬੰਨਾ ਹੀ ਨਹੀਂ ਸੀ। ਮੁਗ਼ਲ ਸੂਬੇਦਾਰਾਂ ਦਾ ਸਿਰੇ ਦਾ ਨਕਾਰਾਤਮਕ ਰੋਲ ਇਤਿਹਾਸ ’ਚ ਕਾਲੇ ਅੱਖਰਾਂ ’ਚ ਲਿਖਿਆ ਗਿਆ ਹੈ ਜਿਨ੍ਹਾਂ ’ਚੋਂ ਸਭ ਤੋਂ ਵੱਧ ਮੱਕਾਰ ਸਰਹੰਦ ਦਾ ਸੂਬੇਦਾਰ ਵਜੀਰ ਖਾਨ ਸਾਬਿਤ ਹੋਇਆ ਜਿਸ ਨੇ ਜੰਗਾਂ-ਯੁੱਧਾਂ ’ਚ ਮੂੰਹ ਦੀ ਖਾਣ ਮਗਰੋਂ ਗੁਰੂ ਜੀ ਤੇ ਉਨ੍ਹਾਂ ਦੇ ਛੋਟੇ ਸਾਹਿਬਜ਼ਾਦਿਆਂ ਨੂੰ ਸਰੀਰਿਕ ਪੱਖੋਂ ਖਤਮ ਕਰਨ ਦੀ ਬਦਨੀਅਤੀ ਧਾਰ ਲਈ। ਛੋਟੇ ਸਾਹਿਬਜ਼ਾਦਿਆਂ ਨੇ ਉਸ ਦੇ ਸਨਮੁਖ ਅਪੂਰਣ ਹੌਂਸਲੇ ਤੇ ਧਰਮ ’ਤੇ ਦ੍ਰਿੜ੍ਹਤਾ ਸਹਿਤ ਖੜ੍ਹ ਕੇ ਆਪਣੀਆਂ ਜ਼ਿੰਦੜੀਆਂ ਸਿੱਖੀ ਅਸੂਲਾਂ, ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਉੱਚਤਮ ਵਿਅਕਤਿਤਵ ਅਤੇ ਦਾਦਾ ਸ੍ਰੀ ਗੁਰੂ ਤੇਗ

ਬਹਾਦਰ ਸਾਹਿਬ ਜੀ ਦੇ ਅਦੁੱਤੀ ਬਲੀਦਾਨ ਨੂੰ ਸਨਮੁੱਖ ਰੱਖਦਿਆਂ ਵਾਰ ਕੇ ਅਡੋਲ, ਅਡਿੱਗ ਧਰਮੀ ਸਪੂਤ ਬਣ ਕੇ ਅਦੁੱਤੀ ਸਿੱਖ ਇਤਿਹਾਸ ਰਚਿਆ।

ਜਦੋਂ ਸਮੇਂ ਦੀ ਮੁਗ਼ਲ ਹਕੂਮਤ ਕਿਸੇ ਵੀ ਤਰ੍ਹਾਂ ਗੁਰੂ ਸਾਹਿਬ ਨੂੰ ਨਿਵਾ ਜਾਂ ਹਰਾ ਨਾ ਸਕੀ ਤਾਂ ਇਹ ਅਤਿ ਹੋਛੇ ਹਥਿਆਰਾਂ 'ਤੇ ਉਤਰ ਆਈ। ਝੂਠੀਆਂ ਕਸਮਾਂ ਖਾ ਕੇ ਗੁਰੂ ਜੀ ਨੂੰ ਸ੍ਰੀ ਅਨੰਦਪੁਰ ਸਾਹਿਬ ਦਾ ਕਿਲ੍ਹਾ ਛੱਡਣ ਦੇ ਹਾਲਾਤ ਬਣਾਏ, ਕੀਤੇ ਪ੍ਰਣਾਂ ਨੂੰ ਛਿੱਕੇ 'ਤੇ ਟੰਗ ਸਰਸਾ ਨਦੀ ਕਿਨਾਰੇ ਨਦੀ ਪਾਰ ਕਰਦਿਆਂ ਉਨ੍ਹਾਂ 'ਤੇ ਹਮਲਾ ਕੀਤਾ। ਗੁਰੂ ਸਾਹਿਬ ਤੇ ਉਨ੍ਹਾਂ ਦੀਆਂ ਖਾਲਸਾ ਫੌਜਾਂ ਦੁਆਰਾ ਲੜਿਆ ਗਿਆ ਚਮਕੌਰ ਦਾ ਯੁੱਧ ਸੰਸਾਰ ਦਾ ਅਨੋਖਾ ਯੁੱਧ ਹੈ ਜਿਸ ਵਿਚ ਗੁਰੂ ਸਾਹਿਬ ਦੇ ਚਾਲੀ ਸਿੰਘਾਂ ਨੇ ਲੱਖਾਂ ਦੀ ਮੁਗ਼ਲ ਫੌਜ ਨਾਲ ਫਸਵੀਂ ਲੜਾਈ ਲੜ ਕੇ, ਜੂਝਦਿਆਂ ਤੇ ਵੱਡੀ ਗਿਣਤੀ 'ਚ ਵੈਰੀਆਂ ਨੂੰ ਖਤਮ ਕਰ ਕੇ ਸ਼ਹੀਦੀਆਂ ਪਾਈਆਂ। ਗੁਰੂ ਸਾਹਿਬ ਨੇ ਪੰਜ-ਪੰਜ ਸਿੰਘਾਂ ਜਥੇ ਭੇਜ ਕੇ ਸੰਸਾਰ ਦੇ ਬੇਮਿਸਾਲ ਯੁੱਧਨੀਤਕ ਸੈਨਾਪਤੀ ਹੋਣ ਦਾ ਸਬੂਤ ਦਿੱਤਾ ਤੇ ਇਨ੍ਹਾਂ 'ਚੋਂ ਪਹਿਲੇ ਦੋ ਜਥਿਆਂ 'ਚ ਵਾਰੋ-ਵਾਰੀ ਆਪਣੇ ਸਪੁੱਤਰ ਸਾਹਿਬਜ਼ਾਦਾ ਅਜੀਤ ਸਿੰਘ ਅਤੇ ਸਾਹਿਬਜ਼ਾਦਾ ਜੁਝਾਰ ਸਿੰਘ ਨੂੰ ਭੇਜ ਕੇ ਇਕ ਵਿਲੱਖਣ ਮਿਸਾਲ ਕਾਇਮ ਕੀਤੀ। ਗੁਰੂ ਸਾਹਿਬ ਨੂੰ ਇਸ ਦਾ ਪੂਰਾ-ਪੂਰਾ ਇਲਮ ਸੀ ਕਿ ਐਸੀ ਸਥਿਤੀ 'ਚ ਉਨ੍ਹਾਂ ਦੇ ਇਨ੍ਹਾਂ ਸਪੁੱਤਰਾਂ ਨੇ ਵਾਪਸ ਨਹੀਂ ਸੀ ਆ ਸਕਣਾ ਪਰੰਤੂ ਗੁਰੂ ਸਾਹਿਬ ਨੂੰ ਉਨ੍ਹਾਂ ਦੇ ਸਿੰਘ ਵੀ ਤਾਂ ਸਪੁੱਤਰਾਂ ਵਾਂਗ ਹੀ ਪਿਆਰੇ ਸਨ। ਚਮਕੌਰ ਦੇ ਯੁੱਧ 'ਚ ਗੁਰੂ ਸਾਹਿਬ ਖ਼ੁਦ ਵੀ ਜੂਝ ਕੇ ਸ਼ਹੀਦ ਹੋਣ ਦੀ ਚਾਹਤ ਤੇ ਇਰਾਦਾ ਰੱਖਦੇ ਸਨ, ਪਰੰਤੂ ਉਨ੍ਹਾਂ ਨੂੰ ਪੰਜ ਸਿੰਘਾਂ ਨੇ ਹੁਕਮਨਾਮਾ ਕਰ ਕੇ ਚਮਕੌਰ ਦੀ ਗੜ੍ਹੀ ਛੱਡ ਕੇ ਬਿਖਰੇ ਖਾਲਸੇ ਨੂੰ ਮੁੜ ਸੰਗਠਿਤ ਕਰਨ ਦਾ ਹੁਕਮ ਜਾਰੀ ਕਰ ਦਿੱਤਾ ਸੀ। ਗੁਰੂ ਸਾਹਿਬ ਨੇ ਇਸ ਕਾਰਜ ਨੂੰ ਵੀ ਆਪਣੀ ਦ੍ਰਿੜ੍ਹਤਾ ਨਾਲ ਸਰਅੰਜਾਮ ਦਿੱਤਾ। ਗੁਰੂ ਜੀ ਨੇ ਦਮਦਮਾ ਸਾਹਿਬ ਵਿਖੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਮੁੜ ਸੰਪਾਦਨਾ ਕਰ ਕੇ ਨਾਂਦੇੜ (ਸ੍ਰੀ ਹਜ਼ੂਰ ਸਾਹਿਬ) ਵਿਖੇ ਇਸ ਨੂੰ ਗੁਰੂ ਦਾ ਦਰਜਾ ਦਿੰਦਿਆਂ ਸਿੱਖਾਂ ਨੂੰ 'ਸ਼ਬਦ ਗੁਰੂ' ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲਾਇਆ। ਇਸ ਤੋਂ ਪਹਿਲਾਂ ਉਨ੍ਹਾਂ ਨੇ ਬੰਦਾ ਬੈਰਾਗੀ ਨੂੰ ਖਾਲਸਾ ਸਾਜ ਕੇ ਬਾਬਾ ਬੰਦਾ ਸਿੰਘ ਬਹਾਦਰ ਬਣਾ ਕੇ ਖਾਲਸੇ ਨੂੰ ਕੂੜ ਤਾਕਤਾਂ ਨਾਲ ਸਿੱਝਣ ਦੇ ਪੂਰੀ ਤਰ੍ਹਾਂ ਸਮਰੱਥ ਬਣਾ ਦਿੱਤਾ ਸੀ। ਇਸ ਤਰ੍ਹਾਂ ਇਹ ਅੰਤਿਮ ਅਤਿ ਜ਼ਰੂਰੀ ਜੀਵਨ ਉਦੇਸ਼ ਪੂਰਾ ਕਰਨ ਮਗਰੋਂ ਗੁਰੂ ਸਾਹਿਬ ੧੭੦੮ ਈ. ਨੂੰ ਜੋਤੀ ਜੋਤ ਸਮਾ ਗਏ।

ਗੁਰੂ ਸਾਹਿਬ ਹੋਰ ਅਣਗਿਣਤ ਗੁਣਾਂ ਦੇ ਨਾਲ-ਨਾਲ ਖੁਦ ਇਕ ਬੇਹੱਦ-ਕੁਸ਼ਲ ਤੇ ਅਪੂਰਣ ਸਮਰੱਥਾ ਵਾਲੇ ਬਾਣੀਕਾਰ ਵੀ ਹਨ। ਐਸੇ ਗੁਰੂ ਜੀ ਨੂੰ ਅਣਗਿਣਤ ਹੀ ਵਿਸ਼ੇਸ਼ਣੀ ਸੰਗਿਆਵਾਂ ਸਹਿਤ ਯਾਦ ਕੀਤਾ ਜਾਂਦਾ ਹੈ। ਅਲਹ ਯਾਰ ਖਾਂ ਜੋਗੀ ਦਾ ਕਥਨ ਹੈ:

*ਕਰਤਾਰ ਕੀ ਸੁਗੰਦ ਹੈ, ਨਾਨਕ ਕੀ ਕਸਮ ਹੈ*
*ਜਿਤਨੀ ਭੀ ਹੋ ਗੋਬਿੰਦ ਕੀ ਤਾਰੀਫ ਵੁਹ ਕਮ ਹੈ।*

■

# ਜਿਤੁ ਬੋਲਿਐ ਪਤਿ ਪਾਈਐ

*-ਡਾ. ਰੂਪ ਸਿੰਘ**

ਸਿਰਜਣਹਾਰ ਦੀ ਸਿਰਜਣਾ ਵਿਸਮਾਦਮਈ ਹੈ। ਸਮੁੱਚੀ ਸਿਰਜਣਾ ਨੂੰ ਜਾਣਨਾ ਉਤਨਾ ਹੀ ਮੁਸ਼ਕਲ ਹੈ ਜਿਤਨਾ ਸਿਰਜਣਹਾਰ ਨੂੰ! ਵਿਸਮਾਦੀ ਸਿਰਜਣਾ ਵਿੱਚੋਂ ਹੀ ਮਾਨਵ-ਜਾਤੀ ਪ੍ਰਭੂ ਦੀ ਸਰਵੋਤਮ ਕਿਰਤ ਮੰਨੀ ਗਈ ਹੈ। ਮਾਨਵ ਨੂੰ 'ਧਰਤੀ ਦਾ ਸਿਰਦਾਰ' ਕਹਿ ਕੇ ਨਿਵਾਜਿਆ ਗਿਆ ਹੈ। ਲੱਖਾਂ ਹੀ ਜੂਨਾਂ ਵਿੱਚੋਂ ਮਾਨਵ ਨੂੰ ਪ੍ਰਭੂ ਨੇ ਸਿਰਦਾਰ ਹੋਣ ਦੀ ਵਡਿਆਈ ਬਖਸ਼ੀ ਹੈ। ਜੋ ਸਿਰਦਾਰੀ ਦੇ ਅਵਸਰ ਨੂੰ ਲਬ-ਲੋਭ, ਹਉਮੈਂ-ਹੰਕਾਰ ਤੇ ਸੰਸਾਰਿਕ ਨਸ਼ਿਆਂ ਵਿਚ ਗਲਤਾਨ ਕਰ ਕੇ ਗੁਆ ਲੈਂਦਾ ਹੈ, ਉਹ ਜਨਮ-ਮਰਨ ਦੇ ਚੱਕਰ ਦਾ ਦੁੱਖ ਸਹਾਰਦਾ ਹੈ। ਮਾਨਵ ਜੀਵਨ ਅਮੋਲਕ ਹੈ, ਦੁਰਲੱਭ ਹੈ, ਜੋ ਬਾਰ-ਬਾਰ ਨਹੀਂ ਮਿਲਦਾ ਤੇ ਜੋ ਮਨੁੱਖ ਜੀਵਨ-ਆਦਰਸ਼ ਦੀ ਪ੍ਰਾਪਤੀ ਲਈ ਜੀਵਨ ਭਰ ਯਤਨਸ਼ੀਲ ਰਹਿੰਦਾ ਹੈ, ਉਹੀ ਪ੍ਰਭੂ-ਦਰ 'ਤੇ ਪ੍ਰਵਾਨ ਚੜ੍ਹਦਾ ਹੈ। ਸਮਾਜਿਕ ਮਾਣ-ਸਨਮਾਨ ਦਾ ਹੱਕਦਾਰ ਵੀ ਅਜਿਹਾ ਹੀ ਮਨੁੱਖ ਬਣਦਾ ਹੈ।

ਮਨੁੱਖਾ ਸਰੀਰ ਹੀ ਨਹੀਂ ਸਗੋਂ ਜੇਕਰ ਗਹੁ ਨਾਲ ਦੇਖਿਆ ਜਾਵੇ ਤਾਂ ਇਸ ਦਾ ਹਰੇਕ ਅੰਗ ਹੀ ਅਮੋਲਕ ਤੇ ਦੁਰਲੱਭ ਨਜ਼ਰ ਆਵੇਗਾ। ਕਿਸੇ ਅੰਗ ਦੀ ਕੀਮਤ ਦਾ ਅਹਿਸਾਸ ਕਿਸੇ ਅੰਗਹੀਣ ਦੀ ਬੇਵਸੀ ਵੱਲ ਤੱਕ ਕੇ ਸਹਿਜੇ ਹੀ ਹੋ ਸਕਦਾ ਹੈ। ਜਿਸ ਮਨੁੱਖ ਦੇ ਨੈਣ ਜੋਤ ਤੋਂ ਹੀਣ ਹਨ, ਉਹ ਹਰ ਕੀਮਤ 'ਤੇ ਅੱਖਾਂ ਦੀ ਰੋਸ਼ਨੀ ਪ੍ਰਾਪਤ ਕਰਨੀ ਲੋਚਦਾ ਹੈ।

ਇਸ ਤਰ੍ਹਾਂ ਹੀ ਮਨੁੱਖ ਨੂੰ ਸੋਚ ਤੇ ਬੋਲ-ਸ਼ਕਤੀ ਪਰਮਾਤਮਾ ਨੇ ਬਖਸ਼ਿਸ਼ ਕੀਤੀ ਹੈ। ਬੋਲ-ਸ਼ਕਤੀ ਹੀ ਇਕ ਅਜਿਹਾ ਮਾਧਿਅਮ ਹੈ ਜਿਸ ਰਾਹੀਂ ਹਰ ਵਿਅਕਤੀ ਆਪਣੀਆਂ ਅੰਦਰੂਨੀ ਭਾਵਨਾਵਾਂ ਨੂੰ ਪ੍ਰਗਟ ਕਰਦਾ ਹੈ। ਬੋਲ-ਸ਼ਕਤੀ ਹੀ ਐਸਾ ਸਾਧਨ ਹੈ ਕਿ ਜੇਕਰ ਮਨੁੱਖ ਚਾਹੇ ਤਾਂ ਮਿੱਠੜੇ ਬੋਲ ਬੋਲ ਕੇ ਸੱਜਣਤਾਈ ਪ੍ਰਾਪਤ ਕਰ ਸਕਦਾ ਹੈ ਤੇ ਜੇ ਚਾਹੇ ਤਾਂ ਗਾਲੀ-ਗਲੋਚ ਦੇ ਬੋਲਾਂ ਨਾਲ ਸੱਜਣਾਂ ਨੂੰ ਵੀ ਦੁਸ਼ਮਣ ਬਣਾ ਸਕਦਾ ਹੈ। ਪਾਵਨ ਗੁਰਬਾਣੀ ਮਨੁੱਖ ਨੂੰ ਜੀਵਨ ਦੇ ਹਰ ਪਹਿਲੂ ਤੋਂ ਅਗਵਾਈ ਬਖ਼ਸ਼ਿਸ਼ ਕਰਦੀ ਹੈ। ਅਸੀਂ ਵਿਚਾਰ ਕਰਨੀ ਹੈ ਕਿ ਗੁਰਬਾਣੀ ਸਾਨੂੰ ਬੋਲ-ਚਾਲ ਸੰਬੰਧੀ ਕਿਵੇਂ ਸੇਧ ਪ੍ਰਦਾਨ ਕਰਦੀ ਹੈ?

ਬੋਲ ਦਾ ਅਰਥ ਹੈ, 'ਬਚਨ', 'ਅਵਾਜ਼', 'ਕਥਨ'। ਬੋਲਣ ਤੋਂ ਭਾਵ

*ਮੁੱਖ ਸਕੱਤਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ।

ਹੈ: ਵਾਰਤਾਲਾਪ ਕਰਨਾ, ਕਿਸੇ ਨੂੰ ਕੁਝ ਕਹਿਣਾ, ਗੱਲਬਾਤ ਕਰਨੀ ਆਦਿ। ਹਰ ਮਨੁੱਖ ਦੀ ਆਪਣੀ ਹੀ ਬੋਲਣ-ਸ਼ੈਲੀ ਹੈ ਜਿਸ ਦੁਆਰਾ ਉਹ ਆਪਣੇ ਆਪ ਨੂੰ ਵਿਅਕਤ ਕਰਦਾ ਹੈ! ਵਿਦਵਾਨਾਂ ਨੇ ਅਵਾਜ਼ ਜਾਂ ਬੋਲੀ ਨੂੰ ਚਾਰ ਭਾਗਾਂ ਵਿਚ ਵੰਡਿਆ ਹੈ। 'ਪਰਾ', 'ਪਸ਼ੰਤੀ', 'ਮਧਯਮਾ' ਤੇ 'ਬੈਖਰੀ'। 'ਪਰਾ' ਉਹ ਅਵਾਜ਼ ਹੈ ਜੋ ਅਜੇ ਮੂਲਾਧਾਰ ਵਿਚ ਹੀ ਹੈ ਤੇ ਮੂਲਾਧਾਰ ਤੋਂ ਉੱਠ ਕੇ ਹਿਰਦੇ ਵਿਚ ਆਉਣ ਵਾਲੀ ਅਵਾਜ਼ 'ਪਸ਼ੰਤੀ' ਕਹਾਉਂਦੀ ਹੈ, ਜੋ ਕੰਠ ਵਿਚ ਆ ਗਈ ਉਹ 'ਮਧਯਮਾ' ਅਤੇ ਜੋ ਮੁਖ ਰਾਹੀਂ ਉਚਾਰੀ ਗਈ ਉਹ 'ਬੈਖਰੀ' ਕਹਿਲਾਉਂਦੀ ਹੈ। ਇਨ੍ਹਾਂ ਵਿੱਚੋਂ ਬੈਖਰੀ ਮਹੱਤਵਪੂਰਨ ਹੈ। ਪਹਿਲੀਆਂ ਅਵਸਥਾਵਾਂ ਵਿਚ ਤਾਂ ਮਨੁੱਖ ਦਾ ਆਪਾ ਬਾਹਰ ਪ੍ਰਗਟ ਹੀ ਨਹੀਂ ਹੁੰਦਾ ਤੇ ਚੌਥੀ ਅਵਸਥਾ ਵਿਚ ਆਪਾ 'ਬੋਲਣ' ਦੁਆਰਾ ਪ੍ਰਗਟ ਹੋ ਜਾਂਦਾ ਹੈ। ਸਿਆਣਿਆਂ ਦਾ ਕਥਨ ਹੈ ਕਿ ਤੀਰ ਕਮਾਨੋਂ ਤੇ ਬੋਲ ਜ਼ੁਬਾਨੋਂ ਨਿਕਲੇ ਵਾਪਸ ਨਹੀਂ ਆਉਂਦੇ। ਗੁਰਬਾਣੀ ਅਨੁਸਾਰ ਉਹੀ ਬੋਲ ਪ੍ਰਵਾਨ ਮੰਨੇ ਗਏ ਹਨ ਜਿਨ੍ਹਾਂ ਦੇ ਬੋਲਣ ਨਾਲ ਸਮਾਜ ਵਿਚ ਮਾਣ-ਸਨਮਾਨ ਤੇ ਪ੍ਰਭੂ-ਦਰਬਾਰ ਵਿਚ ਢੋਈ ਪ੍ਰਾਪਤ ਹੁੰਦੀ ਹੈ। ਫਿੱਕੇ ਬੋਲ ਬੋਲਣ ਵਾਲਾ ਹਮੇਸ਼ਾਂ ਹੀ ਖੁਆਰ ਹੁੰਦਾ ਹੈ। ਗੁਰਬਾਣੀ ਦਾ ਪਾਵਨ ਫੁਰਮਾਨ ਹੈ:

*ਜਿਤੁ ਬੋਲਿਐ ਪਤਿ ਪਾਈਐ ਸੋ ਬੋਲਿਆ ਪਰਵਾਣੁ॥*
*ਫਿਕਾ ਬੋਲਿ ਵਿਗੁਚਣਾ ਸੁਣਿ ਮੂਰਖ ਮਨ ਅਜਾਣ॥* *(ਪੰਨਾ ੧੫)*

ਇਸ ਕਰਕੇ ਹਰੇਕ ਮਨੁੱਖ ਨੂੰ ਆਪਣੇ ਬੋਲ-ਬਚਨਾਂ ਵਿਚ ਮਿਠਾਸ ਤੇ ਨਿਮਰਤਾ-ਭਾਵ ਦੇ ਸਦਗੁਣ ਪੈਦਾ ਕਰਨੇ ਚਾਹੀਦੇ ਹਨ। ਕਠੋਰ ਤੇ ਕੌੜੇ ਬੋਲ ਬੋਲਣ ਵਾਲੇ ਵਿਅਕਤੀ ਸਮਾਜ ਵਿਚ ਕਦੇ ਵੀ ਇੱਜ਼ਤ-ਮਾਣ ਦੇ ਹੱਕਦਾਰ ਨਹੀਂ ਬਣਦੇ। ਅਸੀਂ ਰੋਜ਼ਾਨਾ ਜੀਵਨ ਵਿਚ ਦੇਖਦੇ ਹਾਂ ਕਿ ਕੌੜੇ ਬੋਲ ਬੋਲਣ ਵਾਲਿਆਂ ਤੋਂ ਸਾਰੇ ਹੀ ਕੰਨੀ ਕਤਰਾਉਂਦੇ ਹਨ। ਕੌੜੇ ਬੋਲ ਬੋਲਣ ਵਾਲੇ ਵਿਅਕਤੀ ਨੂੰ ਹਰ ਪਾਸੇ ਤੋਂ ਫਿਟਕਾਰਾਂ ਹੀ ਪੈਂਦੀਆਂ ਹਨ ਤੇ ਉਸ ਨੂੰ ਸਮਾਜ ਵਿਚ ਮੂਰਖ ਦੇ ਨਾਮ ਨਾਲ ਯਾਦ ਕੀਤਾ ਜਾਂਦਾ ਹੈ ਤੇ ਉਹ ਕਈ ਵਾਰ ਤਾਂ ਫਿੱਕੇ ਬੋਲ ਬੋਲਣ ਕਰਕੇ ਜੁੱਤੀਆਂ ਦਾ ਵੀ ਭਾਗੀ ਬਣਦਾ ਹੈ। ਗੁਰੂ ਨਾਨਕ ਸਾਹਿਬ ਜੀ ਦਾ ਪਾਵਨ ਹੁਕਮ ਹੈ:

*ਨਾਨਕ ਫਿਕੈ ਬੋਲਿਐ ਤਨੁ ਮਨੁ ਫਿਕਾ ਹੋਇ॥*
*ਫਿਕੋ ਫਿਕਾ ਸਦੀਐ ਫਿਕੇ ਫਿਕੀ ਸੋਇ॥*
*ਫਿਕਾ ਦਰਗਹ ਸਟੀਐ ਮੁਹਿ ਥੁਕਾ ਫਿਕੇ ਪਾਇ॥*
*ਫਿਕਾ ਮੂਰਖੁ ਆਖੀਐ ਪਾਣਾ ਲਹੈ ਸਜਾਇ॥* *(ਪੰਨਾ ੪੭੩)*

ਭਗਤ ਸ਼ੇਖ ਫਰੀਦ ਜੀ ਵੀ ਮਨੁੱਖਤਾ ਦਾ ਮਾਰਗ-ਦਰਸ਼ਨ ਕਰਦੇ ਹੋਏ ਫ਼ਰਮਾਉਂਦੇ ਹਨ ਕਿ ਜੇ ਤੈਨੂੰ ਪ੍ਰੀਤਮ ਪਿਆਰੇ ਪ੍ਰਭੂ ਨਾਲ ਮਿਲਣ ਦੀ ਸਿੱਕ ਹੈ ਤਾਂ ਤੈਨੂੰ ਕਿਸੇ ਨਾਲ ਵੀ ਮਾੜਾ ਬੋਲ ਨਹੀਂ ਬੋਲਣਾ ਚਾਹੀਦਾ ਕਿਉਂਕਿ ਹਰੇਕ ਮਨੁੱਖ ਦੇ ਅੰਦਰ ਉਸ ਪ੍ਰੀਤਮ

ਪਿਆਰੇ ਦੀ ਜੋਤ ਵਿਆਪਕ ਹੈ। ਫੁਰਮਾਨ ਹੈ:

*ਸਭਨਾ ਮਨ ਮਾਣਿਕ ਠਾਹਣੁ ਮੂਲਿ ਮਚਾਂਗਵਾ।*
*ਜੇ ਤਉ ਪਿਰੀਆ ਦੀ ਸਿਕ ਹਿਆਉ ਨ ਠਾਹੇ ਕਹੀ ਦਾ॥ (ਪੰਨਾ ੧੩੮੪)*

ਮਿੱਠੜੇ ਤੇ ਨਿਮਰਤਾ ਭਰੇ ਬੋਲ ਹੀ ਚੰਗੇ ਗੁਣਾਂ ਦਾ ਤੱਤਸਾਰ ਹੈ:

*ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ॥ (ਪੰਨਾ ੪੭੦)*

ਬੋਲ ਮਨੁੱਖ ਦੀ ਅਜ਼ਾਦ ਹਸਤੀ ਦਾ ਵੀ ਪ੍ਰਗਟਾਅ ਕਰਦੇ ਹਨ। ਗ਼ੁਲਾਮ ਮਨੁੱਖ ਦੀ ਬੋਲ-ਸ਼ਕਤੀ ਖ਼ਤਮ ਹੋ ਜਾਂਦੀ ਹੈ। ਉਹ ਬੋਲਣ ਦੇ ਅੰਗ ਰੱਖਦਾ ਹੋਇਆ ਵੀ ਬੋਲਣ ਤੋਂ ਅਸਮਰੱਥ ਹੈ, ਗੂੰਗਾ ਹੈ। ਗ਼ੁਲਾਮ ਦੇ ਬੋਲ ਆਪਣੇ ਨਹੀਂ ਹੁੰਦੇ। ਉਹ ਜੋ ਬੋਲਦਾ ਹੈ ਆਪਣੀ ਜ਼ਮੀਰ ਦੀ ਅਵਾਜ਼ ਤੋਂ ਨਹੀਂ ਬੋਲਦਾ ਸਗੋਂ ਮਾਲਕ ਦੇ ਹੁਕਮ 'ਤੇ ਹੀ ਬੋਲਦਾ ਹੈ। ਗ਼ੁਲਾਮ ਜੇਕਰ ਜ਼ਮੀਰ ਤੋਂ ਬੋਲਣਾ ਸ਼ੁਰੂ ਕਰ ਦੇਵੇ ਤਾਂ ਉਹ ਬਾਗੀ ਸਦਵਾਉਂਦਾ ਹੈ। ਪਰ ਅਜ਼ਾਦ-ਸੁਤੰਤਰ ਮਨੁੱਖ ਦੇ ਬੋਲ ਜ਼ਮੀਰ ਦੀ ਅਵਾਜ਼-ਅਧਾਰਿਤ ਹੁੰਦੇ ਹਨ, ਉਧਾਰੇ ਨਹੀਂ ਲਏ ਹੁੰਦੇ, ਸ਼ਾਇਦ ਇਸ ਕਰਕੇ ਹੀ ਸੂਰਮੇ ਮਨੁੱਖ ਦਾ ਸਰੀਰ ਤਾਂ ਭਾਵੇਂ ਬਿਨਸ ਜਾਏ ਪਰ ਬੋਲ ਸਦੀਵੀ ਹੋ ਨਿੱਬੜਦੇ ਹਨ। ਸੂਰਮਾ ਮਨੁੱਖ ਸਮੇਂ ਸਿਰ ਸੱਚੇ ਤੇ ਮਿੱਠੇ ਬੋਲ ਬੋਲਦਾ ਹੈ। ਗੁਰੂ ਨਾਨਕ ਸਾਹਿਬ ਜੀ ਨੇ ਸਮੇਂ ਸਿਰ ਸੱਚੇ ਤੇ ਸਦੀਵੀ ਬੋਲ ਬੋਲ ਕੇ ਮਾਨਵਤਾ ਦਾ ਮਾਰਗ-ਦਰਸ਼ਨ ਕੀਤਾ ਹੈ। ਉਨ੍ਹਾਂ ਨੇ ਸਮੇਂ ਦੇ ਹਾਕਮਾਂ ਵੱਲੋਂ ਕੀਤੇ ਜਾ ਰਹੇ ਜ਼ੁਲਮਾਂ ਦੇ ਵਿਰੁੱਧ ਜ਼ੋਰਦਾਰ ਅਵਾਜ਼ ਉਠਾਈ ਤੇ ਬਾਬਰ ਨੂੰ ਜਾਬਰ ਤਕ ਕਿਹਾ। ਉਨ੍ਹਾਂ ਲੋਕਾਈ ਨੂੰ ਵੰਗਾਰ ਕੇ ਕਿਹਾ, "ਲੋਕੋ! ਤੁਹਾਡੀ ਤਾਂ ਬੋਲੀ ਹੀ ਹੋਰ ਹੋ ਗਈ।" ਖੱਤਰੀਆਂ, ਜਿਨ੍ਹਾਂ ਨੇ ਦੇਸ਼ ਦੀ ਰੱਖਿਆ ਦਾ ਕਾਰਜ ਆਪਣੇ ਸਿਰ ਲਿਆ ਸੀ ਤੇ ਖੱਤਰੀਪੁਣੇ ਨੂੰ ਆਪਣਾ ਧਰਮ, ਕਰਮ ਸਮਝਦੇ ਸਨ, ਉਨ੍ਹਾਂ ਨੇ ਵੀ ਗ਼ੁਲਾਮੀ ਅਖਤਿਆਰ ਕਰ ਲਈ ਅਤੇ ਮਲੇਛ ਭਾਸ਼ਾ ਬੋਲਣੀ ਸ਼ੁਰੂ ਕਰ ਦਿੱਤੀ:

*-ਘਰਿ ਘਰਿ ਮੀਆ ਸਭਨਾਂ ਜੀਆਂ ਬੋਲੀ ਅਵਰ ਤੁਮਾਰੀ॥ (ਪੰਨਾ ੧੧੯੧)*
*-ਖਤ੍ਰੀਆ ਤ ਧਰਮੁ ਛੋਡਿਆ ਮਲੇਛ ਭਾਖਿਆ ਗਹੀ॥ (ਪੰਨਾ ੬੬੩)*

ਬੋਲਾਂ ਸੰਬੰਧੀ ਗੁਰਬਾਣੀ ਵਿੱਚੋਂ ਸਾਨੂੰ ਭਰਪੂਰ ਅਗਵਾਈ ਮਿਲਦੀ ਹੈ ਕਿ ਮਨੁੱਖ ਬੋਲਣ-ਸ਼ਕਤੀ ਦਾ ਕਿਵੇਂ ਸਦ-ਉਪਯੋਗ ਕਰ ਸਕਦਾ ਹੈ। ਜਿਵੇਂ ਕਿ ਅਸਾਂ ਪਹਿਲਾਂ ਵਿਚਾਰ ਕੀਤੀ ਹੈ ਕਿ ਪ੍ਰਭੂ-ਦਰਬਾਰ ਵਿਚ ਉਹੀ ਲੋਕ ਸ਼ੋਭਾ ਦੇ ਪਾਤਰ ਬਣਦੇ ਹਨ ਜਿਨ੍ਹਾਂ ਦੀ ਬੋਲ-ਬਾਣੀ ਅੰਮ੍ਰਿਤਮਈ ਹੋਵੇ। ਜਿਵੇਂ ਗੁਰਮਤਿ ਵਿਚ ਥੋੜ੍ਹਾ ਖਾਣ ਤੇ ਥੋੜ੍ਹਾ ਸੌਣ ਦੀ ਤਾਕੀਦ ਕੀਤੀ ਗਈ ਹੈ; ਇਵੇਂ ਹੀ ਬੋਲਣ ਸੰਬੰਧੀ ਵੀ ਸੰਜਮ ਅਖਤਿਆਰ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ ਗਿਆ ਹੈ ਅਤੇ ਬਹੁਤਾ ਬੋਲਣ ਤੋਂ ਵਰਜਿਆ ਗਿਆ ਹੈ। ਬਹੁਤਾ ਬੋਲਣਾ ਫਜ਼ੂਲ ਹੈ, ਬੇ-ਫਾਇਦਾ ਹੈ ਕਿਉਂਕਿ ਪ੍ਰੀਤਮ ਪਿਆਰਾ ਮਨੁੱਖ ਦੀ ਮੂਕ ਭਾਸ਼ਾ ਨੂੰ ਵੀ ਸੁਣਦਾ, ਸਮਝਦਾ

ਹੈ! ਪਾਵਨ ਫੁਰਮਾਨ ਹੈ:

*ਬਹੁਤਾ ਬੋਲਣੁ ਝਖਣੁ ਹੋਇ॥*
*ਵਿਣੁ ਬੋਲੇ ਜਾਣੈ ਸਭੁ ਸੋਇ॥* (ਪੰਨਾ ੬੬੧)

ਮਨੁੱਖ ਦਾ ਮਨੁੱਖ ਨਾਲ ਸਨੇਹ-ਪਿਆਰ ਮਿੱਠੇ ਬੋਲ ਬੋਲਣ ਨਾਲ ਹੀ ਬਣ ਸਕਦਾ ਹੈ ਪਰ ਪਿਆਰ ਦੀ ਸਾਂਝ ਬੁਰੇ ਬੋਲ ਬੋਲਣ ਨਾਲ ਪਲਾਂ ਵਿਚ ਟੁੱਟ ਵੀ ਜਾਂਦੀ ਹੈ:

*-ਗੰਢੁ ਪਰੀਤੀ ਮਿਠੇ ਬੋਲ॥* (ਪੰਨਾ ੧੪੩)
*-ਟੂਟਿ ਪਰੀਤਿ ਗਈ ਬੁਰ ਬੋਲਿ॥* (ਪੰਨਾ ੯੩੩)

ਤੇ ਫਿਰ ਜਿੱਥੇ ਬੋਲਣਾ ਹੀ ਵਿਅਰਥ ਹੋਵੇ, ਬੇ ਫਾਇਦਾ ਹੋਵੇ ਭਾਵ ਜਿੱਥੇ ਬੋਲਣ ’ਤੇ ਸੁਣਨ ਵਾਲੇ ਅਸਰ ਹੀ ਕਬੂਲ ਨਾ ਕਰਨ, ਉੱਥੇ ਤਾਂ ਬੋਲਣ ਨਾਲੋਂ ਚੁੱਪ ਹੀ ਭਲੀ ਹੈ:

*ਜਿਥੈ ਬੋਲਣਿ ਹਾਰੀਐ ਤਿਥੈ ਚੰਗੀ ਚੁਪ॥* (ਪੰਨਾ ੧੪੯)

ਗੁਰਬਾਣੀ ਵਿਚ ਮਨੁੱਖ ਨੂੰ ਅਧਿਆਤਮਿਕ ਪੱਖ ਦੇ ਨਾਲ-ਨਾਲ ਸਮਾਜਿਕ ਵਰਤੋਂ-ਵਿਹਾਰ ਵਿਚ ਵੀ ਬੋਲ-ਚਾਲ ਦਾ ਚੱਜ-ਆਚਾਰ ਅਖ਼ਤਿਆਰ ਕਰਨ ਦੀ ਨਸੀਹਤ ਕੀਤੀ ਹੈ। ਪ੍ਰਭੂ-ਰਜ਼ਾ ਵਿਚ ਚੱਲਣ ਵਾਲਾ ਮਨੁੱਖ ਚੰਗੀਆਂ ਬਿਰਤੀਆਂ ਨੂੰ ਧਾਰਨ ਕਰਦਾ ਹੈ ਤੇ ਮਾੜੇ ਕਰਮਾਂ ਤੋਂ ਤੋਬਾ ਕਰਦਾ ਹੋਇਆ ਕਥਨੀ ਤੇ ਕਰਨੀ ਵਿਚ ਇਕਸਾਰਤਾ ਲਿਆਉਂਦਾ ਹੈ। ਮਿਠਾਸ ਤੇ ਨਿਮਰਤਾ ਭਰਪੂਰ ਬੋਲਣ ਵਾਲਿਆਂ ਨੂੰ ਘਰ-ਪਰਵਾਰ ਤੇ ਸਮਾਜ ਵਿਚ ਮਾਣ-ਸਤਿਕਾਰ ਪ੍ਰਾਪਤ ਹੁੰਦਾ ਹੈ। ਗੁਰਬਾਣੀ ਦਾ ਪਾਵਨ ਸਿਧਾਂਤ ਹੈ:

*ਅੰਮ੍ਰਿਤ ਫਲ ਤਿਨ ਜਨ ਕਉ ਲਾਗੇ॥*
*ਜੋ ਬੋਲਹਿ ਅੰਮ੍ਰਿਤ ਬਾਤਾ ਹੇ॥* (ਪੰਨਾ ੧੦੫੧)

ਜਿੱਥੇ ਗੁਰਬਾਣੀ ਵਿਚ ਬਾਰ-ਬਾਰ ਨਿਮਰਤਾ ਤੇ ਮਿਠਾਸ ਭਰਪੂਰ ਬੋਲ ਬੋਲਣ ’ਤੇ ਜ਼ੋਰ ਦਿੱਤਾ ਗਿਆ ਹੈ, ਉੱਥੇ ਨਾਲ ਹੀ ਇਹ ਵੀ ਤਾਕੀਦ ਕੀਤੀ ਗਈ ਹੈ ਕਿ ਆਪਣੇ ਧਰਮ ਅਨੁਸਾਰ ਸੱਚੇ ਬੋਲ ਬੋਲੋ, ਕਦੇ ਵੀ ਝੂਠੇ ਬੋਲ ਬੋਲ ਕੇ ਦੂਸਰਿਆਂ ਦਾ ਮਨ ਨਾ ਦੁਖਾਓ ਤੇ ਨਾ ਹੀ ਆਪਣੇ ਆਪ ਨਾਲ ਇਸ ਤਰ੍ਹਾਂ ਕਦੇ ਧੋਖਾ ਕਰੋ। ਜਿੱਤ ਹਮੇਸ਼ਾਂ ਸੱਚੇ ਬੋਲਾਂ ਦੀ ਹੀ ਹੁੰਦੀ ਹੈ। ਝੂਠ ਬੋਲਣ ਵਾਲਿਆਂ ਦੇ ਅਖ਼ੀਰ ਨਮੋਸ਼ੀ ਹੀ ਪੱਲੇ ਪੈਂਦੀ ਹੈ:

*ਬੋਲੀਐ ਸਚੁ ਧਰਮੁ ਝੂਠੁ ਨ ਬੋਲੀਐ॥* (ਪੰਨਾ ੪੮੮)

ਮੰਦੇ ਬੋਲ ਬੋਲ ਕੇ ਕਿਸੇ ਦਾ ਵੀ ਮਨ ਨਹੀਂ ਦੁਖਾਉਣਾ ਚਾਹੀਦਾ। ਗਿਆਨ ਦੀ ਪ੍ਰਾਪਤੀ ਕਰ ਕੇ ਮਨੁੱਖ ਨੂੰ ਇਹੀ ਸਮਝ ਆਉਂਦੀ ਹੈ ਕਿ ਮੂਰਖ ਬੇਵਕੂਫ ਨਾਲ ਕਦੇ ਵੀ ਬਹਿਸ ਜਾਂ ਵਾਦ-ਵਿਵਾਦ ਨਹੀਂ ਕਰਨਾ ਚਾਹੀਦਾ:

*ਮੰਦਾ ਕਿਸੈ ਨ ਆਖੀਐ ਪੜਿ ਅਖਰੁ ਏਹੋ ਬੁਝੀਐ॥*

*ਮੂਰਖੈ ਨਾਲਿ ਨ ਲੁਝੀਐ॥* *(ਪੰਨਾ ੪੭੩)*

ਮਿੱਠੇ ਬਚਨ ਹਰ ਕਿਸੇ ਨੂੰ ਮੁਲਾਇਮ ਕਰ ਲੈਂਦੇ ਹਨ। ਬਚਨਾਂ ਦੀ ਮਿਠਾਸ ਹਰੇਕ ਨੂੰ ਪ੍ਰੇਰ ਲੈਂਦੀ ਹੈ:

*ਕੋਮਲ ਬਾਣੀ ਸਭ ਕਉ ਸੰਤੋਖੈ॥* *(ਪੰਨਾ ੨੯੯)*

ਬੁਜ਼ਦਿਲਾਂ, ਮਾਨਸਿਕ ਅਪਾਹਜਾਂ ਮਨਮੁਖਾਂ ਤੇ ਮੂਰਖਾਂ ਦੀ ਪਹਿਚਾਣ ਉਨ੍ਹਾਂ ਦੇ ਸਰੀਰ, ਰੰਗ-ਰੂਪ ਤੇ ਪਹਿਰਾਵੇ ਤੋਂ ਨਹੀਂ ਹੁੰਦੀ ਸਗੋਂ ਉਨ੍ਹਾਂ ਦੇ ਬੋਲ ਹੀ ਉਨ੍ਹਾਂ ਦੀ ਪਹਿਚਾਣ ਕਰਾਉਂਦੇ ਹਨ। ਬੁਜ਼ਦਿਲ, ਕਾਇਰ, ਗੁਲਾਮ ਸਮੇਂ ਸਿਰ ਸੱਚ ਨਹੀਂ ਬੋਲਦੇ, ਉਹ ਕੇਵਲ ਹਾਕਮ ਦੀ ਖੁਸ਼ਨੂਦੀ ਹਾਸਲ ਕਰਨ ਲਈ ਖ਼ੁਸ਼ਾਮਦ ਕਰਦੇ ਹਨ ਤੇ ਹਾਂ 'ਚ ਹਾਂ ਮਿਲਾਉਂਦੇ ਹਨ। ਮਨਮੁਖ ਤੇ ਮੂਰਖ ਦੀ ਪ੍ਰਮੁੱਖ ਨਿਸ਼ਾਨੀ ਹੈ ਕਿ ਉਹ ਬੋਲਣ ਤੋਂ ਪਹਿਲਾਂ ਵਿਚਾਰਦਾ ਨਹੀਂ, ਜੋ ਮੂੰਹ ਵਿਚ ਆਉਂਦਾ ਹੈ ਉਗਲ ਦਿੰਦਾ ਹੈ। ਉਹ ਦੂਸਰਿਆਂ ਨੂੰ ਤਾਂ ਆਪਣੀ ਗੱਲ ਸੁਣਾਉਂਦਾ ਹੈ ਪਰ ਆਪ ਨਾ ਤਾਂ ਕਿਸੇ ਦੀ ਗੱਲ ਗਹੁ ਨਾਲ ਸੁਣਦਾ-ਵਿਚਾਰਦਾ ਹੈ ਤੇ ਨਾ ਹੀ ਆਪਣੇ ਕਹੇ 'ਤੇ ਅਮਲ ਕਰਦਾ ਹੈ। ਗੁਰਬਾਣੀ ਦੇ ਪਾਵਨ ਵਾਕ ਹਨ:

*-ਮਾਨੁਖੁ ਕਥੈ ਕਥਿ ਲੋਕ ਸੁਨਾਵੈ ਜੋ ਬੋਲੈ ਸੋ ਨ ਬੀਚਾਰੇ॥* *(ਪੰਨਾ ੯੮੧)*

*-ਮਨਮੁਖ ਕਥਨੀ ਹੈ ਪਰੁ ਰਹਤ ਨ ਹੋਈ॥* *(ਪੰਨਾ ੮੩੧)*

ਬਿਨਾਂ ਸੋਚੇ-ਸਮਝੇ ਬੋਲੇ ਹੋਏ ਬੋਲ ਕਈ ਵਾਰ ਤਲਵਾਰ ਦੇ ਜ਼ਖਮਾਂ ਤੋਂ ਵੀ ਵੱਧ ਘਾਤਕ ਤੇ ਚਿਰਕਾਲੀ ਹੋ ਨਿੱਬੜਦੇ ਹਨ। ਬੇਸਮਝੀ ਵਿਚ ਬੋਲਿਆ ਇਕ ਕੌੜਾ ਬੋਲ ਉਮਰਾਂ ਦੀ ਲੰਮੀ ਸਾਂਝ ਨੂੰ ਦੁਸ਼ਮਣੀ ਵਿਚ ਬਦਲ ਸਕਦਾ ਹੈ। ਦੂਸਰੇ ਪਾਸੇ ਨਿਮਰਤਾ ਨਾਲ ਕਹੇ ਹੋਏ ਮਿੱਠੜੇ ਬੋਲ ਪੁਰਾਣੇ ਜ਼ਖ਼ਮਾਂ ਨੂੰ ਮੇਟਣ ਵਿਚ ਸਹਾਈ ਹੋ ਸਕਦੇ ਹਨ। ਗੁਰਬਾਣੀ ਦੇ ਆਸ਼ੇ ਅਨੁਸਾਰ ਹਰੇਕ ਮਨੁੱਖ ਦੀ ਬੋਲ-ਬਾਣੀ ਮਿਠਾਸ-ਭਰਪੂਰ ਤੇ ਸੰਜਮਮਈ ਹੋਣੀ ਚਾਹੀਦੀ ਹੈ, ਗੁਰਸਿੱਖ ਸਦਵਾਉਣ ਵਾਲਿਆਂ ਲਈ ਤਾਂ ਇਹ ਨਹਾਇਤ ਹੀ ਜ਼ਰੂਰੀ ਹੈ ਕਿਉਂਕਿ ਗਾਲੀ-ਗਲੋਚ ਵਾਲੀ ਭਾਸ਼ਾ ਤੇ ਬੋਲ-ਬਾਣੀ ਗੁਰੂ-ਹੁਕਮਾਂ ਦੀ ਸਰਾਸਰ ਉਲੰਘਣਾ ਹੈ, ਜੋ ਗੁਰਸਿੱਖ ਕਦੇ ਵੀ ਨਹੀਂ ਕਰਦਾ! ਗੁਰਸਿੱਖਾਂ ਨੂੰ ਤਾਂ ਹਦਾਇਤ ਹੈ :

*ਬੋਲੀਐ ਸਚੁ ਧਰਮੁ ਝੂਠੁ ਨ ਬੋਲੀਐ॥*
*ਜੋ ਗੁਰੁ ਦਸੈ ਵਾਟ ਮੁਰੀਦਾ ਜੋਲੀਐ॥* *(ਪੰਨਾ ੪੮੮)*

■

# ਸਰਹਿੰਦ ਸ਼ਹਿਰ ਅਤੇ ਸਾਕਾ ਸਰਹਿੰਦ ਇਤਿਹਾਸਿਕ ਜਾਣਕਾਰੀ

*-ਸ. ਸਿਮਰਜੀਤ ਸਿੰਘ**

ਸਰਹਿੰਦ ਇਕ ਬਹੁਤ ਪੁਰਾਣਾ ਸ਼ਹਿਰ ਹੈ। ਇਸ ਦਾ ਅਨੁਮਾਨ ਆਲੇ-ਦੁਆਲੇ ਦੇ ਥੇਹਾਂ ਵਿੱਚੋਂ ਨਿਕਲਦੀਆਂ ਪੁਰਾਤਨ ਇੱਟਾਂ, ਠੀਕਰੀਆਂ, ਟੁੱਟੇ ਠੂਠਿਆਂ ਅਤੇ ਮਿੱਟੀ ਦੇ ਭਾਂਡਿਆਂ ਤੋਂ ਲੱਗ ਜਾਂਦਾ ਹੈ। ਕਈ ਲੋਕਾਂ ਦਾ ਵਿਚਾਰ ਹੈ ਕਿ ਇਸ ਦਾ ਨਾਂ 'ਸਰਹਿੰਦ' ਮੁਸਲਮਾਨਾਂ ਨੇ ਮੁਗ਼ਲ-ਕਾਲ ਵੇਲੇ ਰੱਖਿਆ ਸੀ, ਕਿਉਂਕਿ ਇਹ ਹਿੰਦੁਸਤਾਨ ਦੇ ਸਿਰ ਉੱਤੇ (ਸਰ+ਹਿੰਦ) ਉੱਤਰ ਵੱਲ ਆਖਰੀ ਸ਼ਹਿਰ ਸੀ, ਪਰੰਤੂ ਇਹ ਗੱਲ ਠੀਕ ਨਹੀਂ ਜਾਪਦੀ, ਕਿਉਂਕਿ ਇਹ ਸਥਾਨ ਮੁਸਲਮਾਨਾਂ ਦੇ ਇੱਥੇ ਆਉਣ ਤੋਂ ਬਹੁਤ ਪੁਰਾਣਾ ਹੈ। ਇਸ ਦਾ ਮੁੱਢ ਪ੍ਰਾਚੀਨ ਆਰੀਆ ਲੋਕਾਂ ਨਾਲ ਜਾ ਜੁੜਦਾ ਹੈ। ਹੋ ਸਕਦਾ ਹੈ ਕਿ ਇਹ ਉਸ ਤੋਂ ਵੀ ਪਹਿਲਾਂ ਦਾ ਹੋਵੇ। ਇਸ ਦਾ ਜ਼ਿਕਰ ਸਭ ਤੋਂ ਪਹਿਲਾਂ 'ਪਰਾਸ਼ਰ-ਸੰਹਿਤਾ' ਵਿਚ ਆਉਂਦਾ ਹੈ ਜਿੱਥੋਂ ਲੈ ਕੇ ਵਰਾਹ ਮਿਹਰੀ ਨੇ ਆਪਣੀ 'ਬ੍ਰਿਹਤ-ਸਹਿੰਤਾ' ਵਿਚ ਇਸ ਦਾ ਜ਼ਿਕਰ ਕੀਤਾ ਹੈ। ਵਰਾਹ ਮਿਹਰੀ ਮਹਾਰਾਜਾ ਬਿਕਰਮਾਦਿੱਤ ਦੇ ਨੌਂ ਰਤਨਾਂ ਵਿੱਚੋਂ ਇਕ ਸੀ। ਉਹ ਲਿਖਦਾ ਹੈ ਕਿ ਸਿਰੰਦ ਸ਼ਹਿਰ ਸ਼ਤੁਦਰ ਦੇਸ਼ ਦਾ ਮੁੱਖ ਅਸਥਾਨ ਹੁੰਦਾ ਸੀ। ਇੱਥੇ ਸੈਰਿੰਧ ਨਾਉਂ ਦੀ ਆਰੀਆ ਜਾਤੀ ਦੇ ਲੋਕ ਵੱਸਦੇ ਸਨ। ਸੈਰਿੰਧ ਲੋਕਾਂ ਦੇ ਨਾਂ ਤੋਂ ਹੀ ਉਨ੍ਹਾਂ ਦੇ ਇਸ ਮੁੱਖ ਨਗਰ ਦਾ ਨਾਂ ਸਿਰੰਦ ਪੈ ਗਿਆ। ਸ਼ਤੁਦਰ ਦੇਸ਼ ਇਕ ਵਿਸ਼ਾਲ ਇਲਾਕਾ ਸੀ। ਅੱਜਕਲ੍ਹ ਦੇ ਭੂਗੋਲ ਅਨੁਸਾਰ ਹਿਮਾਚਲ ਪ੍ਰਦੇਸ਼ ਦੀ ਊਨਾ ਤਹਿਸੀਲ, ਸ੍ਰੀ ਅਨੰਦਪੁਰ ਸਾਹਿਬ ਅਤੇ ਕੀਰਤਪੁਰ ਸਾਹਿਬ ਦੇ ਇਲਾਕੇ ਨਾਲਾਗੜ੍ਹ ਅਤੇ ਸ਼ਿਮਲੇ ਦੇ ਇਲਾਕੇ, ਅੰਬਾਲਾ ਤਹਿਸੀਲ ਦਾ ਉੱਤਰ ਚੜ੍ਹਦਾ ਪਾਸਾ, ਸਰਹਿੰਦ (ਫਤਿਹਗੜ੍ਹ ਸਾਹਿਬ) ਰਾਜਪੁਰਾ, ਜ਼ਿਲ੍ਹਾ ਲੁਧਿਆਣਾ, ਨਾਭਾ ਅਤੇ ਪਟਿਆਲਾ ਆਦਿ ਸ਼ਤੁਦਰ ਦੇਸ਼ ਵਿਚ ਆਉਂਦੇ ਹਨ।

ਇਹ ਵੀ ਜ਼ਿਕਰ ਹੈ ਕਿ ਸਰਹਿੰਦ ਸ਼ਹਿਰ ਨੂੰ ਪੰਜਾਬ ਵਿਚ ਸਾਲਬਾਹਨ ਦੇ ਪੁੱਤਰ ਸਾਰ ਰਾਉ ਨੇ ਵਸਾਇਆ ਸੀ। ਉਸ ਸਮੇਂ ਇਸ ਦੇ ਵੱਡੇ ਭਰਾ ਰਿਸਾਲੂ ਦੇ ਅਧੀਨ, ਭਾਦਸੋਂ, ਹੋਡਲਾ ਤੇ ਸੁਨਾਮ ਆਦਿ ਪਰਗਣੇ ਸਨ। ਹਾਂਸੀ ਵਿਚ ਇਸ ਦੇ ਭਾਈ ਹੰਸ ਰਾਏ ਦਾ ਰਾਜ ਸੀ। ਝੰਡੂ ਰਾਇ ਦਾ ਹਿਸਾਰ ਵਿਚ ਰਾਜ ਸੀ। ਫਿਰੋਜ਼ਸ਼ਾਹ ਤੁਗਲਕ ਨੇ ਇਸ ਨਗਰ ਨੂੰ ਬਹੁਤ ਤਰੱਕੀ ਦਿੱਤੀ। ਅਕਬਰ ਦੇ ਸਮੇਂ ਇੱਥੇ ੫੨ ਲੱਖ ਦੀ ਆਮਦਨੀ ਵਾਲੇ ੩੨ ਪਰਗਣਿਆਂ ਦੀ ਸਰਕਾਰ ਬਣੀ। ਮੁਸਲਮਾਨ ਬਾਦਸ਼ਾਹਾਂ ਨੇ ਇਸ ਨੂੰ ਹਿੰਦ ਦਾ ਦਰਵਾਜ਼ਾ ਸਮਝ ਕੇ ਬਹੁਤ ਪ੍ਰਫੁਲਿਤ ਕੀਤਾ। ਕਹਿੰਦੇ ਹਨ ਕਿ ਇਹ ਨਗਰ ੧੨ ਮੁਰੱਬਾ ਮੀਲ ਵਿਚ ਵੱਸਦਾ ਸੀ। ਇਹ ਸਰਕਾਰ 'ਮਦਰ ਦੇਸ' ਅਥਵਾ 'ਗੁਰੂ ਕੇ ਮਾਲਵੇ' ਦੀ

---

**ਮੀਤ ਸਕੱਤਰ ਅਤੇ ਮੁੱਖ ਸੰਪਾਦਕ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ।*

ਰੂਪ-ਰੇਖਾ ਬਣਾਉਣ ਦਾ ਅੱਜ ਤਕ ਪ੍ਰਤੀਕ ਮੰਨੀ ਜਾਂਦੀ ਹੈ।

ਅਲ-ਬਿਰੂਨੀ ਪੁਸਤਕ 'ਅਲ-ਹਿੰਦ' ਵਿਚ ਲਿਖਦਾ ਹੈ ਕਿ ਪਹਿਲਾਂ ਇੱਥੇ ਸੂਰਜ-ਬੰਸੀ ਰਾਜੇ ਰਾਜ ਕਰਦੇ ਸਨ। ਬਾਅਦ ਦੇ ਹਿੰਦੂ ਰਾਜ ਦੇ ਸਮੇਂ ਵਿਚ ਇਹ ਲਾਹੌਰ (ਰਾਜਧਾਨੀ ਬਠਿੰਡਾ) ਦੇ ਪਾਲ ਰਾਜਿਆਂ ਦਾ ਉੱਘਾ ਸਰਹੱਦੀ ਸ਼ਹਿਰ ਹੁੰਦਾ ਸੀ। ਉਨ੍ਹਾਂ ਦੀ ਦੱਖਣੀ ਹੱਦ ਥਾਨੇਸਰ ਤੋਂ ਦੱਖਣ ਤਕ ਜਾਂਦੀ ਸੀ। ਫਰਿਸ਼ਤਾ ਦੀ ਲਿਖਤ ਅਨੁਸਾਰ ਸਰਹਿੰਦ, ਕਾਬਲ ਦੇ ਬ੍ਰਾਹਮਣਸ਼ਾਹੀ ਰਾਜਿਆਂ ਦੀ ਚੜ੍ਹਦੀ ਸਰਹੱਦ ਹੁੰਦਾ ਸੀ। ਵਲੀ-ਉਲ-ਸਦੀਕੀ ਆਪਣੀ ਪੁਸਤਕ 'ਆਈਨਾ ਬਾਗੜ ਬੰਸ' ਵਿਚ ਲਿਖਦਾ ਹੈ ਕਿ ਇਸ ਸ਼ਹਿਰ ਦਾ ਨਾਮ 'ਸਰਹਿੰਦ ਰਾਓ' ਲਾਹੌਰ ਦੇ ਰਾਜੇ ਲੋਮਾਨ ਰਾਓ ਵੱਲੋਂ ੫੩੧ ਬਿਕ੍ਰਮੀ ਸੰਮਤ ਵਿਚ ਇਸ ਦੀ ਬੁਨਿਆਦ ਰੱਖਣ ਕਾਰਨ ਪਿਆ। ਕਈ ਇਤਿਹਾਸਕਾਰਾਂ ਦਾ ਵਿਚਾਰ ਹੈ ਕਿ ਨੂਰ-ਉਦ-ਦੀਨ ਨੇ ਇਸ ਦਾ ਨਾਂ 'ਸੀਹ' ਅਤੇ 'ਹਿੰਦ' ਨੂੰ ਜੋੜ ਕੇ ਬਣਾਇਆ, ਜਿਸ ਦਾ ਮਤਲਬ ਹੈ ਸ਼ੇਰਾਂ ਦਾ ਜੰਗਲ। ਉਸ ਸਮੇਂ ਇਹ ਇਲਾਕਾ ਸ਼ੇਰਾਂ ਅਤੇ ਚੀਤਿਆਂ ਨਾਲ ਭਰਪੂਰ ਜੰਗਲਾਂ ਵਾਲਾ ਸੀ, ਜਿਸ ਕਾਰਨ ਇਸ ਦਾ ਨਾਂ 'ਸਰਹਿੰਦ' ਪੈ ਗਿਆ। ਸੰਨ ੧੦੧੧ ਈ. ਵਿਚ ਮਹਿਮੂਦ ਗਜ਼ਨਵੀ ਨੇ ਪਹਿਲੀ ਵਾਰ ਇਸ ਨੂੰ, ਥਾਨੇਸਰ ਦੇ ਮੰਦਰਾਂ ਅਤੇ ਹੋਰ ਸ਼ਹਿਰਾਂ ਨੂੰ ਲੁੱਟਿਆ ਤੇ ਤਬਾਹ ਕਰ ਦਿੱਤਾ। ਪਰ ਹਿੰਦੂ ਰਾਜ ਇੱਥੋਂ ਉਸ ਸਮੇਂ ਖਤਮ ਹੋਇਆ ਜਦੋਂ ੧੧੯੩ ਈ. ਵਿਚ ਮੁਹੰਮਦ ਗੌਰੀ ਨੇ ਪ੍ਰਿਥਵੀ ਰਾਜ ਚੌਹਾਨ ਨੂੰ ਫੜ ਕੇ ਕਤਲ ਕਰਵਾ ਦਿੱਤਾ। ਗ਼ੁਲਾਮ ਘਰਾਣੇ ਦੇ ਸੁਲਤਾਨ ਮਲਿਕ ਨਾਸਿਰੁਦੀਨ ਕਬਚਾ ਨੇ ਸੰਨ ੧੨੧੦ ਈ. ਵਿਚ ਇਸ ਇਲਾਕੇ ਉੱਤੇ ਕਬਜ਼ਾ ਕਰ ਲਿਆ, ਪਰ ਇਲਤੁਤਮਸ਼ ਨੇ ਛੇਤੀ ਹੀ ਇਸ ਨੂੰ ਵਾਪਸ ਲੈ ਲਿਆ। ਨਾਸਿਰੁਦੀਨ (੧੨੪੬-੧੨੬੬ ਈ.) ਦੇ ਵੇਲੇ ਬਲਬਨ ਦੇ ਭਤੀਜੇ ਸ਼ੇਰ ਖਾਂ ਨੇ ਸਰਹਿੰਦ ਵਿਚ ਇਕ ਕਿਲ੍ਹਾ ਬਣਵਾਇਆ। ਸੰਨ ੧੩੬੦ ਈ. ਵਿਚ ਫਿਰੋਜ਼ਸ਼ਾਹ ਤੁਗਲਕ ਨੇ ਸਰਹਿੰਦ ਨੂੰ ਸਮਾਣੇ ਦੀ ਹਕੂਮਤ ਤੋਂ ਅਲੱਗ ਕਰ ਕੇ ਇਸ ਅਧੀਨ ੨੮ ਪਰਗਨੇ ਕਰ ਦਿੱਤੇ ਅਤੇ ਇਸ ਨੂੰ ਜ਼ਿਲ੍ਹੇ ਦਾ ਸਦਰ ਮੁਕਾਮ ਬਣਾ ਦਿੱਤਾ। ਸਿਰਮੌਰ ਦੀ ਪਹਾੜੀ ਨੂੰ ਕੱਟ ਕੇ ਸਤਲੁਜ ਦਰਿਆ ਦਾ ਪਾਣੀ ਸਲੀਮਾ ਨਦੀ ਵਿਚ ਸੁੱਟ ਦਿੱਤਾ ਅਤੇ ਸਰਹਿੰਦ ਦੀ ਨਹਿਰ (ਹੰਸਲੀ) ਬਣਾ ਦਿੱਤੀ, ਜਿਸ ਨਾਲ ਸੁਨਾਮ ਤਕ ਦਾ ਇਲਾਕਾ ਖੁਸ਼ਹਾਲ ਹੋ ਗਿਆ। ਫਿਰੋਜ਼ਸ਼ਾਹ ਤੁਗਲਕ ਨੇ ਸੰਨ ੧੩੬੦ ਈ. ਵਿਚ ਹੰਸਲੀ ਦੇ ਕਿਨਾਰੇ ਇਕ ਬਹੁਤ ਵੱਡਾ ਕਿਲ੍ਹਾ ਬਣਵਾਇਆ। ਹੰਸਲੀ ਨੂੰ ਅੱਜਕੱਲ੍ਹ ਸਰਹਿੰਦ ਚੋਅ ਕਰਕੇ ਜਾਣਿਆ ਜਾਂਦਾ ਹੈ।

ਪਹਿਲੇ ਸੱਯਦ ਬਾਦਸ਼ਾਹ ਸੱਯਦ ਖਿਜਰ ਖਾਂ ਦੇ ਆਖਰੀ ਦਿਨਾਂ ਵਿਚ ਸਰਹਿੰਦ ਦੀ ਹਕੂਮਤ ਲੋਧੀ ਅਫਗਾਨਾਂ ਪਾਸ ਚਲੀ ਗਈ। ਇਸ ਨੇ ਸੰਨ ੧੪੧੫ ਈ. ਵਿਚ ਆਪਣੇ ਪੁੱਤਰ ਮਾਲਿਕ ਮੁਬਾਰਕ ਨੂੰ ਫਿਰੋਜ਼ਪੁਰ ਅਤੇ ਸਰਹਿੰਦ ਦਾ ਗਵਰਨਰ ਥਾਪਿਆ। ਸਾਧੂ ਨਾਦਰਾ ਨੂੰ ਉਪ-ਗਵਰਨਰ ਮੁਕੱਰਰ ਕੀਤਾ ਸੀ। ਪਰ ਸੰਨ ੧੪੧੬ ਈ. ਵਿਚ ਤਮਾਮ ਰਈਸ ਅਤੇ ਹੋਰਾਂ ਨੇ ਸਾਧੂ ਨਾਦਰਾ ਦਾ ਕਤਲ ਕਰ ਦਿੱਤਾ। ਅਗਲੇ ਸਾਲ ਇਸ ਬਗ਼ਾਵਤ ਨੂੰ ਸਮਾਣੇ ਦੇ ਗਵਰਨਰ ਜੀਰਕ ਖਾਂ ਨੇ ਦਬਾ ਦਿੱਤਾ। ਸੱਯਦ ਮੁਬਾਰਕ ਸ਼ਾਹ (੧੪੨੧-੧੪੩੫ ਈ.) ਦੇ ਵੇਲੇ ਗੱਖੜਾਂ ਨੇ ਲਾਹੌਰ ਤੇ ਜਲੰਧਰ ਉੱਪਰ ਕਬਜ਼ਾ ਕਰਨ

ਤੋਂ ਬਾਅਦ ਸਰਹਿੰਦ ਉੱਤੇ ਹਮਲਾ ਕੀਤਾ। ਇੱਥੋਂ ਦਾ ਹਾਕਮ ਇਸਲਾਮ ਸ਼ਾਹ ਬੜੇ ਖ਼ਤਰੇ ਵਿਚ ਸੀ। ਪਰ ਸ਼ਾਹੀ ਫ਼ੌਜ ਦਿੱਲੀ ਤੋਂ ਆ ਪੁੱਜੀ ਅਤੇ ਗੱਖੜ ਅਕਤੂਬਰ ੧੪੨੧ ਈ. ਵਿਚ ਮੁੜ ਲਾਹੌਰ ਚਲੇ ਗਏ।

ਬਹਿਲੋਲ ਲੋਧੀ ਵੀ ਸਰਹਿੰਦ ਦਾ ਹੀ ਸੀ। ਉਹ ਇੱਥੇ ਹੀ ਪਲਿਆ ਅਤੇ ਵੱਡਾ ਹੋਇਆ। ਇੱਥੋਂ ਹੀ ਸੰਨ ੧੪੦੧ ਈ. ਵਿਚ ਸੁਲਤਾਨ ਦੀ ਉਪਾਧੀ ਗ੍ਰਹਿਣ ਕਰ ਕੇ ਹਾਕਮ ਬਣਿਆ। ਇੱਥੋਂ ਹੀ ਉਹ ਦਿੱਲੀ ਜਾ ਕੇ ਹਿੰਦੁਸਤਾਨ ਦਾ ਬਾਦਸ਼ਾਹ ਬਣ ਗਿਆ। ਬਾਬਰ ਬਾਦਸ਼ਾਹ ਨੇ ੧੫੨੬ ਈ. ਵਿਚ ਇਬਰਾਹੀਮ ਲੋਧੀ ਨੂੰ ਪਾਣੀਪਤ ਦੀ ਲੜਾਈ ਵਿਚ ਹਰਾ ਕੇ ਹਿੰਦੁਸਤਾਨ ਦਾ ਰਾਜ ਸੰਭਾਲ ਲਿਆ। ਸਰਹਿੰਦ ਵੀ ਉਸ ਦੇ ਕਬਜ਼ੇ ਵਿਚ ਚਲੀ ਗਈ। 'ਤਾਰੀਖ-ਏ-ਸਾਲਾਤਿਨ-ਏ-ਅਫਗੀਨਾ' ਅਨੁਸਾਰ ਇਸ ਸਮੇਂ ਸਰਹਿੰਦ ਦੇ ਰਾਜਾ ਖਿਲਵਾਰ ਨੇ ਆਪਣੀ ਜ਼ਿਮੀਂਦਾਰੀ ਕਾਇਮ ਰੱਖਣ ਲਈ ਬਾਬਰ ਨੂੰ ੩ ਪੰਡਾਂ ਸੋਨਾ ਭੇਟ ਕੀਤਾ। ਇਸ ਤੋਂ ਬਾਅਦ ਸੁਲਤਾਨ ਦੁਲੰਦੀ ਨੂੰ ਸਰਹਿੰਦ ਦਾ ਫੌਜਦਾਰ ਨਿਯੁਕਤ ਕੀਤਾ ਗਿਆ। ਉਸ ਸਮੇਂ ਉਸ ਦੇ ਅਧੀਨ ੧੫ ਲੱਖ ਦੀ ਆਮਦਨ ਵਾਲਾ ਇਲਾਕਾ ਆਇਆ।

ਸੰਨ ੧੫੨੯ ਵਿਚ ਪੰਜਾਬ ਦੇ ਗਵਰਨਰ ਮਿਰਜ਼ਾ ਕਾਮਰਾਨ ਨੇ ਬਾਬਰ ਨੂੰ ਪੰਜਾਬ ਦੇ ਜਾਗੀਰਦਾਰਾਂ ਦੀ ਮੁਲਾਕਾਤ ਲਈ ਲਾਹੌਰ ਬੁਲਾਇਆ। ਬਾਬਰ ਦੇ ਪੁੱਜਣ ਤੋਂ ਪਹਿਲਾਂ ਉਨ੍ਹਾਂ ਨੇ ਮੁਗ਼ਲ ਰਾਜ ਦੀ ਈਨ ਮੰਨ ਲਈ। ਇਸ ਦੇ ਨਾਲ ਹੀ ਦਿੱਲੀ ਤੋਂ ਸਤਲੁਜ ਤਕ ਦਾ ਇਲਾਕਾ ਮੁਗ਼ਲ ਰਾਜ ਅਧੀਨ ਹੋ ਗਿਆ।

'ਤਾਬਾਕਿਤ-ਇ-ਅਕਬਰੀ' ਅਨੁਸਾਰ ਬਾਦਸ਼ਾਹ ਹਮਾਯੂੰ ਦੇ ਸਮੇਂ ਰਾਜਕੁਮਾਰ ਅਕਬਰ ਨੂੰ ਸਰਹਿੰਦ ਵਿਖੇ ਬੈਰਮ ਖਾਂ ਪਾਸ ਪੜ੍ਹਨ ਲਈ ਭੇਜਿਆ ਗਿਆ। 'ਤਾਰੀਖਇ-ਹਮਾਯੂੰ' ਅਨੁਸਾਰ ਮਿਕਰੀ ਜੰਗ-ਜੰਗ ਨੂੰ ਹਮਾਯੂੰ ਦੁਆਰਾ ਸਰਹਿੰਦ ਸਰਕਾਰ ਦਾ ਹਾਕਮ ਥਾਪਿਆ ਗਿਆ। 'ਆਇਨ-ਇ-ਅਕਬਰੀ' ਅਨੁਸਾਰ ਸਿਕੰਦਰ ਅਫਗਾਨ ਨੇ ਸਰਹਿੰਦ ਵਿਖੇ ਹਮਾਯੂੰ ਨਾਲ ਭਿਅੰਕਰ ਯੁੱਧ ਕੀਤਾ। 'ਅਕਬਰਨਾਮਾ' ਅਨੁਸਾਰ ਅਕਬਰ ਦੇ ਸਮੇਂ ਬੈਰਮ ਖਾਂ ਨੂੰ ਸਰਹਿੰਦ ਦਾ ਫੌਜਦਾਰ ਨਿਯੁਕਤ ਕੀਤਾ ਗਿਆ।

ਅਕਬਰ ਬਾਦਸ਼ਾਹ ਨੂੰ ਸਰਹਿੰਦ ਬਹੁਤ ਚੰਗਾ ਲੱਗਾ। ਉਸ ਨੇ ਇਸ ਦੀ ਪ੍ਰਸਿੱਧੀ ਨੂੰ ਵਧਾਉਣ ਲਈ ਸਮਾਣਾ ਅਤੇ ਸੁਨਾਮ ਵੀ ਸਰਹਿੰਦ ਦੀ ਸਰਕਾਰ ਅਧੀਨ ਕਰ ਦਿੱਤੇ। ਸਰਹਿੰਦ ਦਾ ਸੰਬੰਧ ਸਿੱਧਾ ਦਿੱਲੀ ਨਾਲ ਜੋੜ ਦਿੱਤਾ ਗਿਆ। 'ਆਇਨ-ਇ-ਅਕਬਰੀ' ਅਨੁਸਾਰ ਇਸ ਦੇ ਅਧੀਨ ੫੨ ਲੱਖ ਦੀ ਆਮਦਨੀ ਵਾਲੇ ੩੨ ਪਰਗਨੇ ਹੇਠ ਲਿਖੇ ਅਨੁਸਾਰ ਸਨ- ੧. ਅੰਬਾਲਾ ੨. ਬਨੂੜ ੩. ਪਾਇਲ ੪. ਭਦੌੜ ੫. ਬਠਿੰਡਾ ੬. ਪਰੰਦਰ ੭. ਤਿਗੜਾ ੮. ਥਾਨੇਸਰ ੯. ਛਤ ੧੦. ਚੜਿਕ ੧੧. ਖਿਜਰਾਬਾਦ ੧੨. ਦੁਰਾਲਾ ੧੩. ਦਰੂਤ ੧੪. ਦੇਉਗਣਾ ੧੫. ਰੋਪੜ ੧੬. ਸਰਹਿੰਦ ਜਾਂ ਹਵੇਲੀ ੧੭. ਸਮਾਣਾ ੧੮. ਸੁਨਾਮ ੧੯. ਸੰਢੌਰਾ ੨੦. ਸੁਲਤਾਨਪੁਰ (ਬਾਰਾਹ) ੨੧. ਸ਼ਾਹਬਾਦ ੨੨. ਫਤੇਪੁਰ ੨੩. ਕਰਯਾਤ ਰਾਇ ਸਾਮੂ ੨੪. ਕੈਥਲ ੨੫. ਘੁੜਾਮ ੨੬. ਲੁਧਿਆਣਾ ੨੭. ਮੁਸਤਫ਼ਾਬਾਦ ੨੮. ਮਸੀਂਗਣ ੨੯. ਮਨਸੂਰਪੁਰ ੩੦. ਮਾਲੇਰ ੩੧. ਮਾਛੀਵਾੜਾ ੩੨.

ਹਾਪਰੀ। ਇਸ ਵਿਚ ੨੨ ਅਤੇ ੨੩ ਨੰਬਰ ਦਾ ਪਤਾ ਨਹੀਂ ਲੱਗਦਾ ਕਿ ਕਿਹੜੇ ਥਾਂ ਹਨ ਅਤੇ ਪਰੰਦਰ ਵੀ ਸਰਸਵਤੀ ਨਦੀ ਉੱਪਰ ਵੱਸਿਆ ਕੋਈ ਪੁਰਾਣਾ ਕਸਬਾ ਹੋ ਸਕਦਾ ਹੈ ਕਿਉਂਕਿ ਇਸ ਦਾ ਅਰਥ ਹੈ, ਇੰਦਰ ਦੇਵਤੇ ਦਾ ਸ਼ਹਿਰ (ਦੈਤਾਂ ਦੀਆਂ ੯੯ ਪੁਰੀਆਂ ਨੂੰ ਦਲਣ ਵਾਲਾ ਪੁਰੰਦਰਇੰਦਰ) ਆਦਿ ਸਰਸਵਤੀ ਉੱਤੇ ਹੀ ਹੋ ਸਕਦਾ ਹੈ।

ਮੁਸਲਮਾਨ ਬਾਦਸ਼ਾਹਾਂ ਦਾ ਲਾਹੌਰ ਤੋਂ ਦਿੱਲੀ ਜਾਣ ਵੇਲੇ ਰਸਤੇ ਦਾ ਸਭ ਤੋਂ ਵੱਡਾ ਪੜਾਅ ਸਰਹਿੰਦ ਹੁੰਦਾ ਸੀ। ਇਸ ਲਈ ਕਿਸੇ ਵੀ ਬਾਦਸ਼ਾਹ ਦੇ ਉਤਾਰੇ ਤੋਂ ਦੋ-ਤਿੰਨ ਮਹੀਨੇ ਪਹਿਲਾਂ ਸ਼ਹਿਰ ਵਿਚ ਗਹਿਮਾ-ਗਹਿਮੀ ਹੋ ਜਾਂਦੀ ਸੀ। ਮੁਗ਼ਲਾਂ ਦੀ ਹਕੂਮਤ ਸਮੇਂ ਸਰਹਿੰਦ ਇਕ ਵੱਡਾ ਘੁੱਗ ਵੱਸਦਾ ਸ਼ਹਿਰ ਬਣ ਗਿਆ ਸੀ। ਕਿਹਾ ਜਾਂਦਾ ਹੈ ਕਿ ਉਸ ਵੇਲੇ ਇੱਥੇ ੩੬੦ ਮਸਜਿਦਾਂ, ਮਕਬਰੇ, ਸਰਾਵਾਂ ਅਤੇ ਖੂਹ ਸਨ।

'ਆਇਨ-ਇ-ਅਕਬਰੀ' ਅਨੁਸਾਰ ਕੁਝ ਸਮੇਂ ਲਈ ਮਿਰਜ਼ਾ ਰੁਸਤਮ ਵੀ ਸਰਹਿੰਦ ਵਿਖੇ ਨਿਯੁਕਤ ਕੀਤਾ ਗਿਆ। 'ਮੀਨਾਰ-ਉਲ-ਉਮਰਾ' ਅਨੁਸਾਰ ਅਕਬਰ ਤੋਂ ਬਾਅਦ ਸ਼ਾਹ ਜਹਾਨ ਦੇ ਸਮੇਂ ੧੬੩੦ ਈ. ਵਿਚ ਸਰਹਿੰਦ ਦੇ ਸੂਬੇ ਦੇ ਸੰਬੰਧ ਮੁਗ਼ਲਾਂ ਨਾਲ ਸੁਖਾਵੇਂ ਨਾ ਰਹੇ। ੧੬੩੧ ਈ. ਵਿਚ ਸ਼ਾਹ ਜਹਾਨ ਨੇ ਪਹਿਲਾਂ ਰਾਏ ਕਾਸ਼ੀ ਦਾਸ ਤੇ ਬਾਅਦ ਵਿਚ ਦਿਆਨਤ ਖਾਂ ਨੂੰ ਦੀਵਾਨੀ, ਅਮੀਨੀ ਅਤੇ ਫੌਜਦਾਰੀ ਦੇ ਅਹੁਦੇ ਸੌਂਪੇ। ਇਨ੍ਹਾਂ ਤੋਂ ਬਾਅਦ ਸੇਠ ਟੋਡਰ ਮੱਲ ਨੂੰ ਰਾਇ ਦੀਵਾਨ ਦੀ ਪਦਵੀ ਦੇ ਕੇ ਉਪਰੋਕਤ ਸਾਰੇ ਅਧਿਕਾਰ ਦੇ ਦਿੱਤੇ ਗਏ। ਦੀਵਾਨ ਟੋਡਰ ਮੱਲ ਦੇ ਕੰਮ ਤੋਂ ਖੁਸ਼ ਹੋ ਕੇ ਬਾਦਸ਼ਾਹ ਨੇ ੧੬੪੮ ਈ. ਵਿਚ 'ਰਾਜਾ' ਦਾ ਖਿਤਾਬ ਦਿੱਤਾ। ਬਾਦਸ਼ਾਹ ਨੇ ਦਿਪਾਲਪੁਰ, ਜਲੰਧਰ ਅਤੇ ਸੁਲਤਾਨਪੁਰ ਲੋਧੀ ਦੇ ੫੦ ਲੱਖ ਰੁਪਏ ਦੀ ਆਮਦਨ ਦਾ ਇਲਾਕਾ ਵੀ ਦੇ ਦਿੱਤਾ। ਦੀਵਾਨ ਟੋਡਰ ਮੱਲ ਦੇ ਕੰਮਾਂ ਤੋਂ ਜਨਤਾ ਵੀ ਬਹੁਤ ਖੁਸ਼ ਸੀ। ਬਾਦਸ਼ਾਹ ਨੇ ਉਸ ਦੇ ਕੰਮ ਤੋਂ ਖੁਸ਼ ਹੋ ਕੇ ਖਿੱਲਤ ਦਿੱਤੀ। ਹਾਥੀ, ਘੋੜੇ ਸਨਮਾਨ ਵਜੋਂ ਦਿੱਤੇ ਗਏ। ਦੀਵਾਨ ਟੋਡਰ ਮੱਲ ਦੇ ਸਮੇਂ ਵਿਚ ਸਰਹਿੰਦ ਨੇ ਬਹੁਤ ਤਰੱਕੀ ਕੀਤੀ।

ਸ਼ਾਹਜਹਾਨ ਤੋਂ ਬਾਅਦ ਔਰੰਗਜ਼ੇਬ ਦੇ ਸਮੇਂ ਵਿਚ ਸਰਹਿੰਦ ਦਾ ਪ੍ਰਬੰਧ ਦੀਵਾਨ ਟੋਡਰ ਮੱਲ ਤੋਂ ਲੈ ਕੇ ਮੀਰ ਬਾਕਿਰ ਖਾਂ, ਅਬਦੁਲ ਅਜ਼ੀਜ ਖਾਂ ਤੇ ਬਾਅਦ ਵਿਚ ਵਜ਼ੀਰ ਖਾਂ ਸੂਬਾ-ਸਰਹਿੰਦ ਪਾਸ ਆਇਆ। ਇੱਥੋਂ ਹੀ ਸਾਕਾ ਸਰਹਿੰਦ ਦਾ ਮੁੱਢ ਬੱਝਣਾ ਸ਼ੁਰੂ ਹੋ ਗਿਆ। ਇਸ ਨੂੰ ਬਿਆਨ ਕਰਨ ਵਾਲੇ ਇਤਿਹਾਸਕਾਰ, ਸੰਸਾਰ ਪ੍ਰਸਿੱਧ ਕਰਬਲਾ ਦੇ ਦੁਖਾਂਤ ਤੋਂ ਵੀ ਵੱਡਾ ਮੰਨਦੇ ਹਨ। ਦਸੰਬਰ ੧੭੦੪ ਈ. ਦੇ ਦਿਨ ਸਾਹਿਬਜ਼ਾਦਾ ਜ਼ੋਰਾਵਰ ਸਿੰਘ ਅਤੇ ਸਾਹਿਬਜ਼ਾਦਾ ਫਤਿਹ ਸਿੰਘ, ਉਨ੍ਹਾਂ ਨਾਲ ਉਨ੍ਹਾਂ ਦੀ ਦਾਦੀ ਮਾਤਾ ਗੁਜਰੀ ਜੀ ਨੂੰ ਮੋਰਿੰਡੇ ਦਾ ਕੋਤਵਾਲ ਵਜ਼ੀਰ ਖਾਂ ਪਾਸ ਸਰਹਿੰਦ ਛੱਡ ਗਿਆ। 'ਗੁਰ ਬਿਲਾਸ ਪਾਤਸ਼ਾਹੀ ਦਸਵੀਂ' ਵਿਚ ਇਸ ਦਾ ਜ਼ਿਕਰ ਹੈ ਕਿ ਜਦ ਸਾਹਿਬਜ਼ਾਦਿਆਂ ਨੂੰ ਸਰਹਿੰਦ ਲਿਆਂਦਾ ਗਿਆ ਤਾਂ ਉਸ ਸਮੇਂ ਉਨ੍ਹਾਂ ਨੇ ਨੀਲਾ ਬਾਣਾ ਪਾਇਆ ਹੋਇਆ ਸੀ। ਉਨ੍ਹਾਂ ਦੇ ਖ਼ੂਬਸੂਰਤ ਬਦਨ ਇੰਝ ਲੱਗ ਰਹੇ ਸਨ, ਜਿਵੇਂ ਬੱਦਲਾਂ ਵਿਚ ਬਿਜਲੀ ਚਮਕ ਰਹੀ ਹੋਵੇ। ਹੱਥਾਂ ਵਿਚ ਹੱਥਕੜੀਆਂ ਅਤੇ ਪੈਰਾਂ ਵਿਚ ਬੇੜੀਆਂ ਪਾਈਆਂ ਹੋਈਆਂ ਸਨ:

*ਨੀਲੇ ਝਗੀਆਂ ਤਨ ਮੋ ਕੈਸੇ। ਬਿਜਲੀ ਸਯਾਮ ਅਭ੍ਰ ਮੈ ਜੈਸੇ।*

*ਕੋਮਲ ਅਮਗ ਹਥੌੜੀ ਹਾਥਾ। ਪਾਦ ਜੰਜੀਰੀ ਤਿਨ ਕੋ ਸਾਥਾ।*

ਕਚਹਿਰੀ ਵਿਚ ਪੇਸ਼ ਹੋਣ ਵੇਲੇ ਉਨ੍ਹਾਂ ਕੇਸਰੀ ਬਾਣਾ ਸਜਾ ਲਿਆ . . .

*ਕੇਸਰੀ ਅੰਗ ਪੋਸ਼ਾਕ ਮਹਾਬਰ।*

ਉਨ੍ਹਾਂ ਨੂੰ ਦੇਖ ਸੂਬੇਦਾਰ ਦੇ ਮਨ ਵਿਚ ਆਇਆ ਕਿ ਇਨ੍ਹਾਂ ਨੂੰ ਦੀਨ-ਏ-ਮੁਹੰਮਦੀ ਵਿਚ ਲਿਆਉਣਾ ਚਾਹੀਦਾ ਹੈ।

ਇਨ੍ਹਾਂ ਤਿੰਨਾਂ ਨੂੰ ਸਰਹਿੰਦ ਦੇ ਕਿਲ੍ਹੇ ਦੇ ਠੰਡੇ ਬੁਰਜ ਵਿਚ ਕੈਦ ਕਰ ਦਿੱਤਾ ਗਿਆ। ਠੰਡੇ ਬੁਰਜ ਨੂੰ ਸਰਦ-ਬੁਰਜ ਵੀ ਕਿਹਾ ਜਾਂਦਾ ਸੀ। ਸ਼ਹਿਰ ਸਰਹਿੰਦ ਦੇ ਚਾਰੇ ਪਾਸੇ ਇਕ ਕੰਧ ਸੀ। ਉਸ ਵਿਚ ਅੱਠ ਬੁਰਜ ਸਨ। ਠੰਡਾ ਬੁਰਜ ਉਸ ਨੂੰ ਇਸ ਲਈ ਕਿਹਾ ਜਾਂਦਾ ਸੀ ਕਿ ਇਹ ੧੪੦ ਫੁੱਟ ਉੱਚਾ ਸੀ ਅਤੇ ਇਸ ਦੇ ਨਾਲ ਠੰਡੇ ਪਾਣੀ ਦਾ ਨਾਲਾ ਵਗਦਾ ਸੀ, ਜਿਸ ਕਾਰਨ ਇਹ ਬਹੁਤ ਠੰਡਾ ਰਹਿੰਦਾ ਸੀ ਅਤੇ ਸੂਬਾ ਗਰਮੀ ਦੇ ਦਿਨਾਂ ਵਿਚ ਇੱਥੇ ਠਹਿਰਿਆ ਕਰਦਾ ਸੀ। ਅੱਤ ਦੀ ਠੰਡ ਦੇ ਦਿਨਾਂ ਵਿਚ ਬਿਰਧ ਮਾਤਾ ਗੁਜਰੀ ਜੀ ਛੋਟੇ-ਛੋਟੇ ਬੱਚਿਆਂ ਨੂੰ ਆਪਣੀ ਬੁੱਕਲ ਵਿਚ ਲੈ ਕੇ ਨਿੱਘ ਦੇਣ ਦੀ ਕੋਸ਼ਿਸ਼ ਕਰ ਰਹੇ ਸਨ। ਮਾਤਾ ਜੀ ਸਾਹਿਬਜ਼ਾਦਿਆਂ ਨੂੰ ਧਰਮ ਉੱਤੇ ਡਟੇ ਰਹਿਣ ਦੀ ਸਿੱਖਿਆ ਦੇ ਰਹੇ ਸਨ। ਇੱਥੇ ਭਾਈ ਮੋਤੀ ਰਾਮ ਨਾਂ ਦਾ ਭਲਾ-ਪੁਰਖ ਨਵਾਬ ਵਜ਼ੀਰ ਖਾਂ ਦਾ ਰਸੋਈਆ ਸੀ। ਇਹ ਗੁਰੂ-ਘਰ ਦਾ ਸ਼ਰਧਾਲੂ ਵੀ ਸੀ। ਉਹ ਮਾਤਾ ਜੀ ਅਤੇ ਸਾਹਿਬਜ਼ਾਦਿਆਂ ਨੂੰ ਆਪਣੀ ਜਾਨ ਦੀ ਪਰਵਾਹ ਨਾ ਕਰਦੇ ਹੋਏ ਠੰਡੇ ਬੁਰਜ ਵਿਚ ਦੁੱਧ ਪਹੁੰਚਾਉਂਦਾ ਰਿਹਾ। ਇਸ ਗੱਲ ਦਾ ਪਤਾ ਲੱਗਣ ਉੱਤੇ ਨਵਾਬ ਵਜ਼ੀਰ ਖਾਂ ਨੇ ਉਸ ਨੂੰ ਸਾਰੇ ਪਰਵਾਰ ਸਮੇਤ ਕੋਹਲੂ ਵਿਚ ਪੀੜ ਕੇ ਸ਼ਹੀਦ ਕਰ ਦਿੱਤਾ। ਸਰਹਿੰਦ ਦੇ ਸੂਬੇਦਾਰ ਵਜ਼ੀਰ ਖਾਂ ਨੇ ਸਾਹਿਬਜ਼ਾਦਿਆਂ ਨੂੰ ਕਚਹਿਰੀ ਵਿਚ ਪੇਸ਼ ਕਰਨ ਦਾ ਹੁਕਮ ਦਿੱਤਾ। ਹੁਕਮ ਦੀ ਤਾਮੀਲ ਕਰਦਿਆਂ ਦੀਵਾਨ ਸੁੱਚਾ ਨੰਦ ਦੀ ਅਗਵਾਈ ਹੇਠ ਸਿਪਾਹੀ ਠੰਡੇ ਬੁਰਜ ਤੋਂ ਮਾਤਾ ਗੁਜਰੀ ਜੀ ਪਾਸੋਂ ਸਾਹਿਬਜ਼ਾਦਿਆਂ ਨੂੰ ਲੈ ਕੇ ਆਏ। ਅੱਲਾ ਯਾਰ ਖਾਂ ਜੋਗੀ ਨੇ ਇਸ ਘਟਨਾ ਨੂੰ ਕਲਮ-ਬੰਦ ਕਰਦੇ ਹੋਏ ਲਿਖਿਆ ਹੈ:

*ਬੱਚੋਂ ਕੋ ਲੇਨੇ ਆਏ ਗਰਜ ਚੰਦ ਬੇ-ਹਯਾ,*
*ਸਰਦਾਰ ਇਨਕਾ ਕਹਤੇ ਕਿ ਸੁੱਚਾ ਨੰਦ ਥਾ।*

ਮਾਤਾ ਗੁਜਰੀ ਜੀ ਪਾਸੋਂ ਸਾਹਿਬਜ਼ਾਦਿਆਂ ਦੀ ਜੁਦਾਈ ਦਾ ਸਮਾਂ ਸਿਰ ਉੱਤੇ ਆਣ ਪਹੁੰਚਾ। ਅੱਲਾ ਯਾਰ ਖਾਂ ਜੋਗੀ ਇਸ ਬਾਰੇ ਮਾਤਾ ਗੁਜਰੀ ਜੀ ਦੇ ਵਿਚਾਰ ਕਲਮ-ਬੰਦ ਕਰਦਾ ਲਿਖਦਾ ਹੈ ਕਿ:

*ਜਾਨੇ ਸੇ ਪਹਲੇ ਆਓ ਗਲੇ ਸੇ ਲਗਾ ਤੋ ਲੂੰ।*
*ਕੇਸੋਂ ਕੋ ਕੰਘੀ ਕਰੂੰ ਜ਼ਰਾ ਮੂੰਹ ਧੁਲਾ ਤੋ ਲੂੰ।*
*ਪਿਆਰੇ ਸੇ ਸਰੋਂ ਪੇ ਨੰਨ੍ਹੀ ਸੀ ਕਲਗੀ ਸਜਾ ਤੋ ਲੂੰ।*
*ਮਰਨੇ ਸੇ ਪਹਿਲੇ ਤੁਮ ਕੋ ਦੁਲਹਾ ਬਨਾ ਤੋ ਲੂੰ।*

ਸਾਹਿਬਜ਼ਾਦਿਆਂ ਨੂੰ ਲਿਆ ਕੇ ਕਚਹਿਰੀ ਵਿਚ ਪੇਸ਼ ਕਰਨ ਲਈ ਸਿਪਾਹੀ ਪੈਦਲ ਹੀ ਵਜ਼ੀਰ ਖਾਂ ਦੀ ਕਚਹਿਰੀ ਵੱਲ ਤੁਰ ਪਏ। ਜਦ ਉਹ ਕਚਹਿਰੀ ਦੇ ਨੇੜੇ ਪਹੁੰਚੇ

ਤਾਂ ਸਾਹਿਬਜ਼ਾਦਿਆਂ ਨੇ ਦੇਖਿਆ ਕਿ ਵੱਡਾ ਦਰਵਾਜ਼ਾ ਬੰਦ ਕਰ ਦਿੱਤਾ ਗਿਆ ਹੈ। ਨਿੱਕੀ ਬਾਰੀ ਖੁੱਲ੍ਹੀ ਹੈ, ਜਿਸ ਦੇ ਅੰਦਰ ਜਾਣ ਲਈ ਸਿਰ ਝੁਕਾਉਣਾ ਪੈਂਦਾ ਹੈ। ਸੂਝਵਾਨ ਸਾਹਿਬਜ਼ਾਦੇ ਹਾਕਮਾਂ ਦੀ ਚਾਲ ਸਮਝ ਗਏ। ਬੜੀ ਚੁਸਤੀ ਨਾਲ ਉਨ੍ਹਾਂ ਪਹਿਲਾਂ ਪੈਰ ਅੰਦਰ ਕੀਤੇ ਅਤੇ ਬਿਨਾਂ ਸੀਸ ਝੁਕਾਏ ਅੰਦਰ ਦਾਖ਼ਲ ਹੋ ਗਏ। ਵਜ਼ੀਰ ਖਾਂ ਦੀ ਕਚਹਿਰੀ ਲੱਗੀ ਹੋਈ ਸੀ। ਸਾਹਿਬਜ਼ਾਦਿਆਂ ਨੇ ਅੰਦਰ ਪਹੁੰਚਦਿਆਂ ਹੀ ਗੱਜ ਕੇ ਫਤਹ ਬੁਲਾਈ:

*ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹ।*

ਉਨ੍ਹਾਂ ਦੇ ਉੱਚੇ ਜੈਕਾਰੇ ਨਾਲ ਕਚਹਿਰੀ ਗੂੰਜ ਉੱਠੀ ਤੇ ਸਭ ਦੀਆਂ ਨਜ਼ਰਾਂ ਬਹਾਦਰ ਤੇ ਨਿਡਰ ਸਾਹਿਬਜ਼ਾਦਿਆਂ ਉੱਤੇ ਟਿਕ ਗਈਆਂ। ਸੂਬੇਦਾਰ ਨੇ ਉਨ੍ਹਾਂ ਨੂੰ ਇਸਲਾਮ ਕਬੂਲ ਕਰਨ ਲਈ ਕਿਹਾ। ਕਈ ਤਰ੍ਹਾਂ ਦੇ ਤਸੀਹਿਆਂ ਦੇ ਨਾਲ-ਨਾਲ ਲਾਲਚ ਵੀ ਦਿੱਤੇ ਗਏ। ਇਹ ਕਿਹਾ ਕਿ ਔਰੰਗਜ਼ੇਬ ਨਾਲ ਤੁਹਾਡੀ ਮੁਲਾਕਾਤ ਵੀ ਕਰਵਾਉਂਦੇ ਹਾਂ, ਰਾਜ ਲੈ ਦਿੰਦੇ ਹਾਂ, ਰੇਸ਼ਮੀ ਕੱਪੜੇ ਪਾਓ, ਸ਼ਹਿਜ਼ਾਦੀਆਂ ਦੇ ਡੋਲੇ ਲੈ ਲਵੋ, ਸਿਰਫ਼ ਇਸਲਾਮ ਕਬੂਲ ਕਰ ਲਵੋ:

*ਤੁਮੇ ਸਾਹ ਕੇ ਮੇਲ ਕਰਾਵੈ। ਬਹੁ ਦੇਸਨ ਕੋ ਰਾਜ ਦਿਵਾਵੈ।*
*ਪਟ ਭੂਖਨ ਤੁਮ ਅਨਮਨ ਦੈ ਹੈ। ਦੁਖਤਰ ਸਹਿਤ ਸੂਬਤਰ ਹ੍ਵੈ ਹੈ।*
*ਜੋਤੀ ਨਾਰ ਚਾਹ ਜੋ ਦੇ ਹੀ। ਨੀਲ ਪਟੰਬਰ ਧਾਰੋ ਏ ਹੀ।*

ਪਰ ਸੂਰਮੇ ਸਾਹਿਬਜ਼ਾਦਿਆਂ ਨੇ ਸਭ ਲਾਲਚ ਠੁਕਰਾ ਦਿੱਤੇ। ਉਨ੍ਹਾਂ ਕਿਹਾ ਕਿ ਉਹ ਧਰਮ ਉੱਤੇ ਪੱਕੇ ਰਹਿਣਗੇ ਚਾਹੇ ਇਸ ਲਈ ਸ਼ਹਾਦਤ ਹੀ ਕਿਉਂ ਨਾ ਦੇਣੀ ਪਵੇ:

*ਹਮਰੇ ਬੰਸ ਰੀਤ ਇਮ ਆਈ। ਸੀਸ ਦੇਤ ਪਰ ਧਰਮ ਨ ਜਾਈ।*

ਤਾਂ ਸੁੱਚਾ ਨੰਦ ਨੇ ਕਿਹਾ:

*ਇਹ ਮੂਏ ਬਿਨ ਨਹਿ ਕਲਯਾਨੀ।*

'ਕਥਾ ਗੁਰੂ ਜੀ ਕੇ ਸੁਤਨ ਕੀ' ਵਿਚ ਭਾਈ ਦੁੱਨਾ ਸਿੰਘ ਨੇ ਲਿਖਿਆ ਹੈ ਕਿ ਕਿਤਨਾ ਦੁੱਖ ਦਿੱਤਾ ਗਿਆ, ਪਰ ਸਾਹਿਬਜ਼ਾਦੇ ਦ੍ਰਿੜ੍ਹ ਰਹੇ:

*ਬਾਲ ਬੁਲਾਇ ਲਏ ਜਬ ਹੀ, ਤਬ ਆਨ ਅਦਾਲਤ ਬੀਚ ਪਠਾਏ।*
*ਦੇਖਤ ਹੈ ਸਭ ਹੀ ਜਗ ਆਇ, ਮਨਹੁ ਫੂਲ ਗੁਲਾਬ ਸੁਹਾਏ।*
*ਤਹਿ ਮਲੇਛ ਲਗੇ ਦੁਖ ਦੇਵਨ, ਚਾਹਤ ਹੈ, ਖਲ ਦੀਨ ਮਿਲਾਏ।*
*ਨਾਹਿ ਮੰਨੈ ਦੁਖ ਸੀਸ ਸਹੈ, ਦ੍ਰਿੜਤਾ ਹਰਿ ਆਪ ਦਈ ਤਿਨ ਆਏ।*

ਹਾਰ ਮੰਨ ਕੇ ਸੂਬੇ ਨੇ ਉਨ੍ਹਾਂ ਨੂੰ ਦੂਸਰੇ ਦਿਨ ਪੇਸ਼ ਕਰਨ ਦਾ ਹੁਕਮ ਦੇ ਦਿੱਤਾ। ਅਗਲੇ ਦਿਨ ਫਿਰ ਕਚਹਿਰੀ ਲੱਗ ਗਈ। ਸਾਹਿਬਜ਼ਾਦਿਆਂ ਨੂੰ ਪੇਸ਼ ਕਰਨ ਦਾ ਹੁਕਮ ਹੋਇਆ। ਉਹੀ ਪਿਆਰੇ ਬੱਚੇ ਅੱਗੇ ਨਾਲੋਂ ਵੀ ਚੜ੍ਹਦੀ ਕਲਾ ਵਿਚ ਪੇਸ਼ ਹੋਏ। ਸੂਬੇਦਾਰ ਦਾ ਗੁੱਸਾ ਆਪੇ ਤੋਂ ਬਾਹਰ ਹੁੰਦਾ ਜਾਂਦਾ ਸੀ। ਉਸ ਦੀ ਕੋਈ ਪੇਸ਼ ਨਹੀਂ ਸੀ ਜਾ ਰਹੀ। ਕਾਜ਼ੀ ਨੂੰ ਸਾਹਿਬਜ਼ਾਦਿਆਂ ਦਾ ਕਸੂਰ ਸਮਝਾ ਕੇ ਉਨ੍ਹਾਂ ਨੂੰ ਸਜ਼ਾ ਦੇਣ ਲਈ ਕਿਹਾ ਗਿਆ। ਕਾਜ਼ੀ ਨੇ ਕਿਹਾ ਕਿ ਇਸਲਾਮ ਮਾਸੂਮ ਬੱਚਿਆਂ ਨੂੰ ਉਨ੍ਹਾਂ ਦੇ ਬਾਪ ਦੇ ਕੀਤੇ

ਅਪਰਾਧ ਦੀ ਸਜ਼ਾ ਦੇਣ ਦੀ ਇਜਾਜ਼ਤ ਨਹੀਂ ਦਿੰਦਾ। ਮਲੇਰਕੋਟਲਾ ਦਾ ਨਵਾਬ ਸ਼ੇਰ ਮੁਹੰਮਦ ਖਾਂ ਵੀ ਹਾਜ਼ਰ ਸੀ। ਸੂਬੇ ਨੇ ਸ਼ੇਰ ਮੁਹੰਮਦ ਖਾਂ ਦੇ ਜਜ਼ਬਾਤਾਂ ਨੂੰ ਭੜਕਾਉਣ ਦੀ ਕੋਸ਼ਿਸ਼ ਕੀਤੀ ਗਈ। ਉਸ ਨੂੰ ਕਿਹਾ ਗਿਆ ਕਿ ਉਸ ਦੇ ਭਰਾ ਨਾਹਰ ਖਾਂ ਨੂੰ ਅਤੇ ਉਸ ਦੇ ਭਾਣਜੇ ਖਿਜਰ ਖਾਂ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਚਮਕੌਰ ਦੇ ਯੁੱਧ ਵਿਚ ਮਾਰ ਦਿੱਤਾ ਸੀ, ਉਹ ਉਨ੍ਹਾਂ ਦਾ ਬਦਲਾ ਇਨ੍ਹਾਂ ਬੱਚਿਆਂ ਕੋਲੋਂ ਲੈ ਲਵੇ। ਨਵਾਬ ਸ਼ੇਰ ਮੁਹੰਮਦ ਖਾਂ ਨੇ ਇਸ ਦਲੀਲ ਨੂੰ ਰੱਦ ਹੀ ਨਹੀਂ ਕੀਤਾ, ਸਗੋਂ ਹਾਅ ਦਾ ਨਾਅਰਾ ਵੀ ਮਾਰਿਆ ਕਿ ਸ਼ੀਰਖੋਰਾਂ ਉੱਤੇ ਜ਼ੁਲਮ ਢਾਹੁਣਾ ਠੀਕ ਨਹੀਂ:

*ਬਦਲਾ ਹੀ ਲੇਨਾ ਹੋਗਾ ਤੋ ਹਮ ਲੇਂਗੇ ਬਾਪ ਸੇ।*
*ਮਹਿਫੂਜ਼ ਰੱਖੇ ਹਮ ਕੋ ਖੁਦਾ ਐਸੇ ਪਾਪ ਸੇ।*

ਇਸ ਦਾ ਵਰਣਨ 'ਮਹਿਮਾ ਪ੍ਰਕਾਸ਼ ਵਾਰਤਕ' ਵਿਚ ਇਸ ਤਰ੍ਹਾਂ ਕੀਤਾ ਗਿਆ ਹੈ ਕਿ:

*"ਇਹ ਸ਼ੀਰਖੋਰ ਲੜਕੇ ਹੈਨਿ, ਇਨ ਕੀ ਬਦੀ ਚਾਹਨਾ ਬੜਾ ਅਜਾਬ ਹੈ।"*
ਨਵਾਬ ਮਲੇਰਕੋਟਲੇ ਦਾ ਇਹ ਦਲੇਰੀ ਭਰਿਆ ਜਵਾਬ ਸੁਣ ਕੇ ਸੁੱਚਾ ਨੰਦ ਨੇ ਆਪਣੀ ਮਲੀਨ ਬੁੱਧੀ ਨਾਲ ਭਰਪੂਰ ਇੱਕ ਵਾਰ ਹੋਰ ਕੀਤਾ:

*ਉਨ ਕਹਯੋ ਨਵਾਬ, ਇਹ ਸਰਪ ਬਿਸੂਰੇ। ਛੋਟੇ ਬੜੇ ਏ ਡੱਸਗ ਜ਼ਰੂਰੇ।*
*ਇਹ ਬਾਤ ਸੁਣ ਕੇ- ਸੂਬੇਦਾਰ ਕੋ ਖ਼ੌਫ ਖੁਦਾ ਕਾ ਹੁਆ।*
*ਸੁੱਚਾ ਨੰਦ ਨੇ ਕਿਹਾ- ਇਹ ਸ਼ੀਰ ਨਹੀਂ, ਸ਼ੇਰ ਕੇ ਬੱਚੇ ਹੈਂ।*
*ਜਦ ਸਿਆਣੇ ਹੋਇੰਗੇ ਤਦ ਇਹ ਤੂਫਾਨ ਉਠਾਵੇਂਗੇ।*
*ਅਰ ਇਨ ਕੋ ਸਲਾਮ ਕਰਨ ਨੂੰ ਕਹਿ, ਇਹ ਨਹੀਂ ਕਰਨਗੇ।*
*ਵਜ਼ੀਰ ਖਾਂ ਨੇ ਕਿਹਾ- ਇਨ ਕੋ ਕਹੋ ਸਲਾਮ ਕਰੋ।*
*ਸੁੱਚਾ ਨੰਦ ਨੇ ਕਿਹਾ- ਸੂਬੇ ਕੋ ਸਲਾਮ ਕਰੋ।*

ਤਦ ਸਾਹਿਬਜ਼ਾਦਿਆਂ ਬਚਨ ਕੀਆ:

*ਜੋ ਹਮ ਨੇ ਸੱਚੇ ਪਾਤਸ਼ਾਹ ਕੋ ਸਲਾਮ ਕੀਆ ਹੈ,*
*ਅਉਰ ਕੋ ਸਲਾਮ ਨਹੀਂ ਕਰਤੇ।*

ਸੁੱਚਾ ਨੰਦ ਨੇ ਮੌਕਾ ਸੰਭਾਲ ਕਿਹਾ:

*ਜੋ ਮੈਂ ਅਰਜ਼ ਕੀਆ ਸੋ ਆਪ ਨੇ ਦੇਖਾ।*

ਇਸ ਬਾਤ ਕੋ ਚਿਤ ਮੋਂ ਦੇਖ ਕੇ, ਝੂਠਾ ਨੰਦ ਦਾ ਕਹਿਣਾ ਦ੍ਰਿੜ ਭਇਆ, ਤਦ ਉਸ ਨੇ ਜਲਾਦ ਕਉ ਕਿਹਾ।

*ਇਸ ਤਰ੍ਹਾਂ ਇਹ ਕਾਰਾ ਹੂਆ।*

ਅੱਜ ਵੀ ਗੱਲ ਕਿਸੇ ਕੰਢੇ ਨਾ ਲੱਗਦੀ ਦੇਖ ਕੇ ਅਗਲੀ ਪੇਸ਼ੀ ਰੱਖੀ ਗਈ ਫਿਰ ਉਹੀ ਪੁਰਾਣੀ ਰੱਟ ਕਿ ਇਸਲਾਮ ਕਬੂਲ ਕਰੋ। ਪਰ ਸਾਹਿਬਜ਼ਾਦੇ ਅਡੋਲ, ਸ਼ਾਂਤ ਤੇ ਬੇਪਰਵਾਹ ਰਹੇ। ਭਲਾ ਜਿਨ੍ਹਾਂ ਬੱਚਿਆਂ ਨੇ ਬਚਪਨ ਵਿਚ ਹੀ ਦਾਦੇ, ਪੜਦਾਦੇ ਦੀਆਂ ਬਹਾਦਰੀਆਂ ਦੇ ਕਿੱਸੇ ਆਪਣੀ ਦਾਦੀ ਤੋਂ ਸੁਣੇ ਹੋਣ। ਸ੍ਰੀ ਅਨੰਦਪੁਰ ਸਾਹਿਬ ਵਿਖੇ

ਸੂਰਬੀਰ ਸਿੱਖਾਂ ਨੂੰ ਆਪਣੇ ਧਰਮ ਲਈ ਆਪਣੇ ਅੱਖੀਂ ਸ਼ਹੀਦ ਹੁੰਦਾ ਵੇਖਿਆ ਹੋਵੇ। ਭਾਈ ਬਚਿੱਤਰ ਸਿੰਘ ਵਰਗੇ ਸੂਰਮੇ ਨੂੰ ਹਾਥੀ ਨਾਲ ਲੜਦਾ ਵੇਖਿਆ ਹੋਵੇ। ਉਨ੍ਹਾਂ ਨੂੰ ਧਰਮ ਬਦਲਣ ਲਈ ਕੋਈ ਲਾਲਚ ਜਾਂ ਡਰ ਕੀ ਕਰ ਸਕਦਾ ਸੀ। ਇਤਿਹਾਸਕਾਰ ਮੁਹੰਮਦ ਲਤੀਫ 'ਪੰਜਾਬ ਦਾ ਇਤਿਹਾਸ' ਵਿਚ ਲਿਖਦਾ ਹੈ ਕਿ ਜਦੋਂ ਸੂਬੇ ਨੇ ਬੱਚਿਆਂ ਨੂੰ ਪੁੱਛਿਆ ਕਿ ਜੇ ਤੁਹਾਨੂੰ ਅਜ਼ਾਦ ਕਰ ਦਿੱਤਾ ਜਾਵੇ ਤਾਂ ਤੁਸੀਂ ਕੀ ਕਰੋਗੇ? ਸਾਹਿਬਜ਼ਾਦਿਆਂ ਦਾ ਉੱਤਰ ਸੀ, ਖਿੰਡੇ-ਪੁੰਡੇ ਸਿੱਖਾਂ ਨੂੰ ਜਥੇਬੰਦ ਕਰਾਂਗੇ। ਉਨ੍ਹਾਂ ਨੂੰ ਜੰਗੀ ਹਥਿਆਰ ਜੁਟਾਵਾਂਗੇ। ਤੁਹਾਡੇ ਨਾਲ ਲੜਾਂਗੇ ਤੇ ਤੁਹਾਨੂੰ ਮੌਤ ਦੇ ਘਾਟ ਉਤਾਰਾਂਗੇ। ਨਵਾਬ ਨੇ ਫਿਰ ਪੁੱਛਿਆ, ਜੇ ਤੁਸੀਂ ਜੰਗ ਵਿਚ ਹਾਰ ਗਏ ਤਾਂ ਫਿਰ ਕੀ ਕਰੋਗੇ? ਇਸ 'ਤੇ ਸਾਹਿਬਜ਼ਾਦਿਆਂ ਦਾ ਫਿਰ ਉਹੀ ਉੱਤਰ ਸੀ ਕਿ, ਕਰਨਾ ਕੀ ਹੈ? ਫਿਰ ਆਪਣੀਆਂ ਫੌਜਾਂ ਇਕੱਠੀਆਂ ਕਰਾਂਗੇ। ਤਦ ਤਕ ਲੜਦੇ ਰਹਾਂਗੇ ਜਦ ਤਕ ਤੁਸੀਂ ਮੁੱਕ ਨਹੀਂ ਜਾਂਦੇ ਜਾਂ ਅਸੀਂ ਸ਼ਹੀਦ ਨਹੀਂ ਹੋ ਜਾਂਦੇ।

ਇਸ ਗੱਲ ਦਾ ਵੀ ਜ਼ਿਕਰ ਮਿਲਦਾ ਹੈ ਕਿ ਬੱਚਿਆਂ ਦੀ ਪਰਖ ਕਰਨ ਲਈ ਸੁਹਣੇ-ਸੁਹਣੇ ਕੱਪੜਿਆਂ, ਖਿਡੌਣਿਆਂ, ਮਠਿਆਈਆਂ ਅਤੇ ਜੰਗੀ ਸਾਜ-ਓ-ਸਾਮਾਨ ਦੀਆਂ ਦੁਕਾਨਾਂ ਸਜਾਈਆਂ ਗਈਆਂ। ਜਦੋਂ ਬੱਚਿਆਂ ਨੂੰ ਉਨ੍ਹਾਂ ਦੁਕਾਨਾਂ ਪਾਸ ਲਿਜਾਇਆ ਗਿਆ ਤਾਂ ਉਹ ਬਾਕੀ ਦੁਕਾਨਾਂ ਛੱਡ ਕੇ ਹਥਿਆਰਾਂ ਵਾਲੀ ਦੁਕਾਨ 'ਤੇ ਜਾ ਖੜ੍ਹੇ ਅਤੇ ਉਨ੍ਹਾਂ ਦੀ ਜਾਂਚ-ਪਰਖ ਕਰਨ ਲੱਗ ਪਏ।

ਦੂਜੇ ਪਾਸੇ ਜਦੋਂ ਸਰਹਿੰਦ ਦੀ ਸੰਗਤ ਨੇ ਸਾਹਿਬਜ਼ਾਦਿਆਂ ਨੂੰ ਨੀਹਾਂ ਵਿਚ ਚਿਣ ਕੇ ਸ਼ਹੀਦ ਕਰਨ ਦੇ ਫ਼ਤਵੇ ਬਾਰੇ ਸੁਣਿਆ ਤਾਂ ਸ਼ਹਿਰ ਦੇ ਕੁਝ ਮੁਖੀਆਂ ਨੇ ਦੀਵਾਨ ਟੋਡਰ ਮੱਲ ਦੇ ਘਰ ਇਕੱਠ ਕੀਤਾ। ਸਲਾਹ-ਮਸ਼ਵਰੇ ਦੌਰਾਨ ਮਤਾ ਪਕਾਇਆ ਕਿ ਇਨ੍ਹਾਂ ਦੇ ਤੋਲ ਦੇ ਬਰਾਬਰ ਸੋਨਾ ਦੇ ਕੇ ਬੱਚਿਆਂ ਨੂੰ ਬਚਾ ਲਈਏ। ਪਰ ਇਕ ਸਿਆਣੇ ਸਿੱਖ ਨੇ ਕਿਹਾ ਕਿ ਮੁਗ਼ਲਾਂ ਨੂੰ ਤੁਸੀਂ ਨਹੀਂ ਜਾਣਦੇ, ਭਾਣਾ ਵਰਤ ਕੇ ਰਹਿਣਾ ਹੈ। ਇਹ ਸੋਨਾ ਵੀ ਰੱਖ ਲੈਣਗੇ ਤੇ ਉਨ੍ਹਾਂ ਨੂੰ ਸ਼ਹੀਦ ਵੀ ਕਰ ਦੇਣਗੇ:

*ਸੀਰੰਦ ਕੀ ਸੰਗਤ ਸਬੈ, ਮਨ ਮੈਂ ਕਰਤ ਬੀਚਾਰ।*
*ਤੋਲ ਸੁਇਨ ਕਰ ਦੀਜੀਐ, ਕਨਕ ਯਾਹਿ ਨਿਰਧਾਰ।*
*ਏਕ ਸਿੱਖ ਤਬ ਯੋਂ ਕਹੀ ਸਵਰਨ ਲੇਹਿੰਗੇ ਲੂਟ।*
*ਹੋਵਗ ਸੋ ਗੁਰ ਨੇ ਠਟੀ, ਹਮਰੀ ਕਹਾ ਪਹੂਚ।*

ਦੀਵਾਨ ਟੋਡਰ ਮੱਲ ਦੀ ਅਗਵਾਈ ਵਿਚ ਇਕ ਵਫਦ ਵਜ਼ੀਰ ਖਾਂ ਨੂੰ ਮਿਲਿਆ। ਵਜ਼ੀਰ ਖਾਂ ਨੇ ਇਸ ਵਫਦ ਨੂੰ ਝੂਠਾ ਭਰੋਸਾ ਦੇ ਦਿੱਤਾ ਕਿ ਗੁਰੂ-ਪਰਵਾਰ ਦਾ ਪੂਰਾ ਖਿਆਲ ਰੱਖਿਆ ਜਾਵੇਗਾ।

ਉਧਰ ਕੋਈ ਵੀ ਜੱਲਾਦ ਸਾਹਿਬਜ਼ਾਦਿਆਂ ਨੂੰ ਸ਼ਹੀਦ ਕਰਨ ਲਈ ਨਹੀਂ ਸੀ ਮੰਨ ਰਿਹਾ। ਦਿੱਲੀ ਦੇ ਸ਼ਾਹੀ ਜਲਾਦ ਸਾਸ਼ਲ ਬੇਗ ਤੇ ਬਾਸ਼ਲ ਬੇਗ ਸਮਾਣੇ ਦੇ ਰਹਿਣ ਵਾਲੇ ਸਨ। ਇਨ੍ਹਾਂ 'ਤੇ ਕਤਲ ਦੇ ਸਬੰਧ ਵਿਚ ਸਰਹਿੰਦ ਦੀ ਕਚਹਿਰੀ ਵਿਚ ਮੁਕੱਦਮਾ ਚੱਲ ਰਿਹਾ ਸੀ। ਨਵਾਬ ਵਜ਼ੀਰ ਖਾਂ ਨੇ ਮੁਕੱਦਮਾ ਬਰਖ਼ਾਸਤ ਕਰਨ ਦੀ ਸ਼ਰਤ ਉੱਤੇ ਉਨ੍ਹਾਂ

ਨੂੰ ਸਾਹਿਬਜ਼ਾਦਿਆਂ ਨੂੰ ਜ਼ਿਬਹ ਕਰਨ ਲਈ ਮਨਾ ਲਿਆ। ਇਸ ਤਰ੍ਹਾਂ ਪਹਿਲਾਂ ਮਾਸੂਮ ਸਾਹਿਬਜ਼ਾਦਿਆਂ ਨੂੰ ਕੰਧਾਂ ਵਿਚ ਚਿਣ ਦਿੱਤਾ ਅਤੇ ਬਾਅਦ ਵਿਚ ਜ਼ਿਬਹ ਕਰ ਕੇ ਸ਼ਹੀਦ ਕਰ ਦਿੱਤਾ ਗਿਆ। ਭਾਈ ਰਤਨ ਸਿੰਘ (ਭੰਗੂ) 'ਪ੍ਰਾਚੀਨ ਪੰਥ ਪ੍ਰਕਾਸ਼' ਵਿਚ ਲਿਖਦੇ ਹਨ:

*ਹੁਤੋ ਉਹਾਂ ਥੋ ਛੁਰਾ ਇਕ ਵਾਰੋ, ਦੈ ਗੋਡੇ ਹੇਠ, ਕਰ ਜ਼ਿਬਹ ਡਾਰੋ।*
*ਤੜਫ ਤੜਫ ਗਈ ਜਿੰਦ ਉਡਾਇ, ਇਮ ਸ਼ੀਰ ਖੋਰ ਦੁਇ ਦਏ ਕਤਲਾਇ।*

ਭਾਈ ਸੁੱਖਾ ਸਿੰਘ, 'ਗੁਰ ਬਿਲਾਸ' ਵਿਚ ਲਿਖਦੇ ਹਨ:

*ਦੋਉ ਸੀਸਨ ਕੇ ਸੀਸ ਉਤਾਰੀ। ਦਏ ਕਾਟ ਉਨ ਅਧਮ ਗਵਾਰੀ।੨੨੪।*

ਦੁਨੀਆ ਦੇ ਲਾਲਚਾਂ ਅਤੇ ਖਿੱਚਾਂ ਦਾ ਸਾਹਿਬਜ਼ਾਦਿਆਂ ਦੇ ਦ੍ਰਿੜ੍ਹ ਇਰਾਦਿਆਂ ਉੱਤੇ ਕੋਈ ਫ਼ਰਕ ਨਹੀਂ ਪਿਆ। ਇਸ ਦਾ ਵੱਡਾ ਕਾਰਨ ਉਹ ਪਿਤਾ-ਪੁਰਖੀ ਪੂੰਜੀ ਸੀ, ਜੋ ਉਨ੍ਹਾਂ ਨੇ ਆਪਣੇ ਵਡੇਰਿਆਂ ਤੋਂ ਪ੍ਰਾਪਤ ਕੀਤੀ ਸੀ। ਨਿਰਸੰਦੇਹ ਹੀ ਸ਼ਾਂਤੀ ਦੇ ਪੁੰਜ ਸ੍ਰੀ ਗੁਰੂ ਅਰਜਨ ਦੇਵ ਜੀ, ਸ੍ਰੀ ਗੁਰੂ ਤੇਗ ਬਹਾਦਰ ਜੀ, ਭਾਈ ਸਤੀ ਦਾਸ ਜੀ, ਭਾਈ ਮਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਆਦਿ ਦੁਆਰਾ ਦਿੱਤੀਆਂ ਸ਼ਹੀਦੀਆਂ ਬੱਚਿਆਂ ਦੇ ਮਨ ਨੂੰ ਅਡੋਲ ਰੱਖਣ ਵਿਚ ਸਹਾਈ ਹੋਈਆਂ। ਹਿੰਦੀ ਦੇ ਰਾਸ਼ਟਰ ਕਵੀ 'ਮੈਥਲੀ ਸ਼ਰਨ ਗੁਪਤ' ਨੇ ਆਪਣੇ ਮਹਾਂ ਕਾਵਯ 'ਭਾਰਤ ਭਾਰਤੀ' ਵਿਚ ਇਸ ਦਾ ਵਰਣਨ ਕਰਦੇ ਹੋਏ ਲਿਖਿਆ ਹੈ ਕਿ:

*ਜਿਸ ਕੁਲ ਜਾਤਿ ਕੌਮ ਕੇ ਬੱਚੇ, ਦੇ ਸਕਤੇ ਹੋਂ ਯੂੰ ਬਲੀਦਾਨ,*
*ਉਸ ਕਾ ਵਰਤਮਾਨ ਕੁਛ ਭੀ ਹੋ, ਪਰ ਭਵਿੱਸ਼ਯ ਹੈ ਮਹਾਂ ਮਹਾਨ।*

ਬੱਚਿਆਂ ਦੀ ਸ਼ਹੀਦੀ ਦੀ ਖ਼ਬਰ ਮਾਤਾ ਗੁਜਰੀ ਜੀ ਪਾਸ ਪਹੁੰਚਾਉਣ ਲਈ ਦੀਵਾਨ ਟੋਡਰ ਮੱਲ ਨੂੰ ਕਿਹਾ ਗਿਆ। ਉਸ ਨੇ ਭਰੇ ਮਨ ਨਾਲ ਮਾਤਾ ਜੀ ਨੂੰ ਇਹ ਕਹਿਰ ਦੀ ਖ਼ਬਰ ਸੁਣਾਈ ਤਾਂ ਉਹ ਠੰਡੇ ਬੁਰਜ ਵਿਚ ਬੰਦ ਕਹਿਰ ਦੀ ਠੰਡ ਨਾ ਸਹਾਰਦੇ ਹੋਏ ਆਪਣੇ ਪੰਜ-ਭੂਤਕ ਬਿਰਧ ਸਰੀਰ ਨਾਲ ਅੱਤ ਦੇ ਤਸੀਹੇ ਝੱਲਦੇ ਹੋਏ ਸ਼ਹੀਦੀ ਪ੍ਰਾਪਤ ਕਰ ਗਏ। ਬੱਚਿਆਂ ਨੂੰ ਸ਼ਹੀਦ ਕਰ ਕੇ ਉਨ੍ਹਾਂ ਦੀਆਂ ਅਤੇ ਮਾਤਾ ਜੀ ਦੀ ਮ੍ਰਿਤਕ ਦੇਹ ਨੂੰ ਬਾਹਰ ਰੱਖ ਦਿੱਤਾ ਗਿਆ। ਦੀਵਾਨ ਟੋਡਰ ਮੱਲ ਨੇ ਜ਼ੋਖਮ ਉਠਾਉਂਦੇ ਹੋਏ ਵਜ਼ੀਰ ਖਾਂ ਪਾਸ ਮਾਸੂਮ ਬੱਚਿਆਂ ਅਤੇ ਮਾਤਾ ਜੀ ਦਾ ਅੰਤਮ-ਸਸਕਾਰ ਕਰਨ ਦੀ ਇੱਛਾ ਪ੍ਰਗਟ ਕੀਤੀ। ਵਜ਼ੀਰ ਖਾਂ ਵੱਲੋਂ ਤੁਰੰਤ ਇਕ ਫੁਰਮਾਨ ਜਾਰੀ ਕਰ ਦਿੱਤਾ ਗਿਆ ਕਿ ਇਨ੍ਹਾਂ ਦਾ ਅੰਤਮ-ਸਸਕਾਰ ਸਰਹਿੰਦ ਦੀ ਧਰਤੀ ਉੱਤੇ ਨਹੀਂ ਕੀਤਾ ਜਾ ਸਕਦਾ, ਕਿਉਂਕਿ ਇਹ ਸਾਰੀ ਧਰਤੀ ਮੁਗ਼ਲ ਸਲਤਨਤ ਦੀ ਹੈ। ਸਸਕਾਰ ਲਈ ਦੀਵਾਨ ਟੋਡਰ ਮੱਲ ਨੇ ਜਗ੍ਹਾ ਖਰੀਦਣ ਦੀ ਪੇਸ਼ਕਸ਼ ਕੀਤੀ। ਵਜ਼ੀਰ ਖਾਂ ਨੇ ਇਸ ਉੱਤੇ ਇਕ ਬਹੁਤ ਹੀ ਸਖ਼ਤ ਸ਼ਰਤ ਰੱਖ ਦਿੱਤੀ ਕਿ ਜਿੰਨੀ ਧਰਤੀ ਖਰੀਦਣੀ ਹੈ, ਉਤਨੀ ਉੱਤੇ ਖੜ੍ਹੇ ਰੁਖ਼ ਮੋਹਰਾਂ ਚਿਣੀਆਂ ਜਾਣ। ਦੀਵਾਨ ਟੋਡਰ ਮੱਲ ਨੇ ਧਨ ਇਕੱਠਾ ਕਰ ਕੇ ਸਸਕਾਰ ਲਈ ਮੋਹਰਾਂ ਖੜ੍ਹੇ ਰੁਖ ਚਿਣ ਕੇ ਮੁਹੰਮਦ ਅੱਤਾ ਨਾਂ ਦੇ ਇਕ ਚੌਧਰੀ ਪਾਸੋਂ ਥੋੜ੍ਹੀ ਜਿਹੀ ਜਗ੍ਹਾ ਖਰੀਦੀ, ਜਿਸ ਉੱਤੇ ਤਿੰਨਾਂ ਦਾ ਸਸਕਾਰ ਕੀਤਾ ਗਿਆ। ਜ਼ਿਲ੍ਹਾ ਫਤਿਹਗੜ੍ਹ ਸਾਹਿਬ

ਵਿਚ ਜ਼ਮੀਨ ਦਾ ਇਹ ਟੁਕੜਾ ਦੁਨੀਆ ਦੀ ਸਭ ਤੋਂ ਮਹਿੰਗੀ ਧਰਤੀ ਦੇ ਰੂਪ ਵਿਚ ਅੱਜ ਵੀ ਮੌਜੂਦ ਹੈ, ਜੋ ਦੀਵਾਨ ਟੋਡਰ ਮੱਲ ਨੇ ਧਰਤੀ 'ਤੇ ਖੜ੍ਹੇ ਰੁਖ਼ ਸੋਨੇ ਦੀਆਂ ਮੋਹਰਾਂ ਚਿਣ ਕੇ ਖਰੀਦਿਆ ਸੀ। ਇਸ ਤੋਂ ਪਹਿਲਾਂ ਜਾਂ ਇਸ ਤੋਂ ਬਾਅਦ ਅੱਜ ਤਕ ਦੁਨੀਆ ਵਿਚ ਕੋਈ ਵੀ ਧਰਤੀ ਏਨਾ ਮੁੱਲ ਤਾਰ ਕੇ ਨਹੀਂ ਖਰੀਦੀ ਗਈ।

ਦੂਜੇ ਪਾਸੇ ਜਿਸ ਧਨ ਦੇ ਲਾਲਚ ਵਿਚ ਗੰਗੂ ਨੇ ਐਡਾ ਵੱਡਾ ਪਾਪ ਕੀਤਾ ਸੀ, ਉਹੀ ਧਨ ਉਸ ਦੀ ਮੌਤ ਦਾ ਕਾਰਨ ਬਣਿਆ। ਮਿਲੀ ਰਿਪੋਰਟ ਦੇ ਆਧਾਰ ਉੱਤੇ ਜਾਨੀ ਖਾਂ ਅਤੇ ਮਾਨੀ ਖਾਂ ਨੇ ਨਵਾਬ ਵਜ਼ੀਰ ਖਾਂ ਨੂੰ ਦੱਸਿਆ ਕਿ ਮਾਤਾ ਗੁਜਰੀ ਜੀ, ਜੋ ਮੋਹਰਾਂ ਦੀ ਖੁਰਜੀ ਨਾਲ ਲੈ ਕੇ ਆਏ ਸਨ, ਉਹ ਗੰਗੂ ਕੋਲ ਹੈ। ਵਜ਼ੀਰ ਖਾਂ ਨੇ ਉਹ ਰਕਮ ਸਰਕਾਰੀ ਖਜ਼ਾਨੇ ਵਿਚ ਜਮ੍ਹਾਂ ਕਰਵਾਉਣ ਵਾਸਤੇ ਕਿਹਾ। ਗੰਗੂ ਨੇ ਮੰਨਣ ਤੋਂ ਇਨਕਾਰ ਕਰ ਦਿੱਤਾ, ਤਾਂ ਹਾਕਮਾਂ ਵੱਲੋਂ ਮਾਰ-ਕੁਟਾਈ ਸ਼ੁਰੂ ਹੋ ਗਈ। ਕੁੱਟ ਦਾ ਮਾਰਿਆ ਗੰਗੂ ਮਾਇਆ ਦੇਣੀ ਮੰਨ ਗਿਆ। ਉਸ ਨੇ ਕਈ ਥਾਂ ਵਿਖਾਏ, ਜਿੱਥੇ ਧਨ ਦੱਬਿਆ ਸੀ, ਪਰ ਉਹ ਕਿਸੇ ਜਗ੍ਹਾ ਤੋਂ ਨਹੀਂ ਮਿਲਿਆ, ਕਿਉਂਕਿ ਧਨ ਤਾਂ ਹੜ੍ਹ ਦੇ ਪਾਣੀ ਨਾਲ ਰੁੜ੍ਹ ਗਿਆ ਸੀ। ਹਾਕਮ ਸਮਝ ਰਿਹਾ ਸੀ ਕਿ ਗੰਗੂ ਉਨ੍ਹਾਂ ਨੂੰ ਜਾਣਬੁੱਝ ਕੇ ਧੋਖਾ ਦੇ ਰਿਹਾ ਹੈ। ਸਿਪਾਹੀਆਂ ਨੇ ਫਿਰ ਗੰਗੂ ਨੂੰ ਮਾਰਨਾ-ਕੁੱਟਣਾ ਸ਼ੁਰੂ ਕਰ ਦਿੱਤਾ, ਜਿਸ ਦਾ ਨਤੀਜਾ ਇਹ ਨਿਕਲਿਆ ਕਿ ਗੰਗੂ ਸਰਕਾਰੀ ਬੰਦਿਆਂ ਹੱਥੋਂ ਕੁੱਟ ਖਾ-ਖਾ ਕੇ ਮਰ ਗਿਆ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕਰ ਕੇ ਮਾਧੋ ਦਾਸ ਤੋਂ ਬਾਬਾ ਬੰਦਾ ਸਿੰਘ ਬਹਾਦਰ ਬਣੇ ਮਹਾਨ ਸਿੱਖ ਯੋਧੇ ਨੇ ੧੨ ਮਈ, ੧੭੧੦ ਈ. ਨੂੰ ਸਰਹਿੰਦ ਉੱਤੇ ਧਾਵਾ ਬੋਲ ਦਿੱਤਾ। ਸਰਹਿੰਦ ਪਾਸ ਚੱਪੜ-ਚਿੜੀ ਦੇ ਮੈਦਾਨ ਵਿਚ ਜੰਗ ਹੋਈ ਸੀ, ਜਿਸ ਵਿਚ ਜ਼ਾਲਮ ਸੂਬਾ ਸਰਹਿੰਦ ਵਜ਼ੀਰ ਖਾਂ ਮਾਰਿਆ ਗਿਆ। ਇਸ ਲੜਾਈ ਵਿਚ ੬੦੦੦ ਸਿੱਖ ਸ਼ਹੀਦ ਹੋ ਗਏ। ਫਤਿਹ ਪ੍ਰਾਪਤ ਕਰਨ ਪਿੱਛੋਂ ਸੁੱਚਾ ਨੰਦ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਉਸ ਦੇ ਨੱਕ ਵਿਚ ਨਕੇਲ ਪਾ ਕੇ ਉਸ ਨੂੰ ਹੱਟੀ-ਹੱਟੀ ਫਿਰਾਇਆ ਗਿਆ, ਹਰ ਥਾਂ ਉੱਤੇ ਉਸ ਨੂੰ ਜੁੱਤੀਆਂ ਪੈਂਦੀਆਂ ਸਨ, ਉਹ ਜੁੱਤੀਆਂ ਖਾਂਦਾ-ਖਾਂਦਾ ਹੀ ਨਰਕ ਜਾ ਪੁੱਜਾ। ਸਰਹਿੰਦ ਦੀ ਜਿੱਤ ਪਿੱਛੋਂ ਸਰਹਿੰਦ ਦੇ ਪਰਗਣਿਆਂ ਦੇ ਫੌਜਦਾਰਾਂ ਨੇ ਈਨ ਮੰਨ ਲਈ। ਦੀਵਾਨ ਟੋਡਰ ਮੱਲ ਆਪਣੇ ਸਾਥੀਆਂ ਸਮੇਤ ਬਾਬਾ ਬੰਦਾ ਸਿੰਘ ਬਹਾਦਰ ਨੂੰ ਮਿਲੇ ਅਤੇ ਸਤਿਕਾਰ ਵਜੋਂ ਉਨ੍ਹਾਂ ਨੇ ਵੱਡੀ ਰਕਮ ਵੀ ਭੇਟ ਕੀਤੀ। ਬਾਬਾ ਬੰਦਾ ਸਿੰਘ ਬਹਾਦਰ ਨੇ ਸੇਠ ਟੋਡਰ ਮੱਲ ਤੋਂ ਵਜ਼ੀਰ ਖਾਂ ਅਤੇ ਉਸ ਦੇ ਅਹਿਲਕਾਰਾਂ ਵੱਲੋਂ ਭੋਲੀ-ਭਾਲੀ ਜਨਤਾ 'ਤੇ ਕੀਤੇ ਗਏ ਜ਼ੁਲਮ ਦੀਆਂ ਸਾਰੀਆਂ ਘਟਨਾਵਾਂ ਨੂੰ ਸੁਣਿਆ। ਦੀਵਾਨ ਟੋਡਰ ਮੱਲ ਨੂੰ ਨਾਲ ਲੈ ਕੇ ਮਾਤਾ ਗੁਜਰੀ ਜੀ ਤੇ ਸਾਹਿਬਜ਼ਾਦਿਆਂ ਦੇ ਸਸਕਾਰ ਵਾਲੀ ਥਾਂ ਦੀ ਨਿਸ਼ਾਨਦੇਹੀ ਕਰ ਕੇ ਉਸ ਦੁਆਲੇ ਚਾਰਦੀਵਾਰੀ ਬਣਾ ਦਿੱਤੀ। ਸਰਹਿੰਦ ਦੇ ਪੂਰੇ ਸੂਬੇ ਦੀ ਆਮਦਨ ੩੬ ਲੱਖ ਰੁਪਏ ਸੀ। ਬਾਬਾ ਬੰਦਾ ਸਿੰਘ ਬਹਾਦਰ ਨੇ ਸਰਹਿੰਦ ਫਤਿਹ ਕਰਨ ਤੋਂ ਬਾਅਦ ਦਰਬਾਰ ਲਾਇਆ। ਇਲਾਕੇ ਦੇ ਮੰਨੇ-ਪ੍ਰਮੰਨੇ ਚੌਧਰੀ ਦਰਬਾਰ ਵਿਚ ਹਾਜ਼ਰ ਹੋਏ। ਚਰਨਾਰਥਲ ਦਾ ਚੌਧਰੀ ਅਤੇ ਜਰਗ ਦਾ ਚੌਧਰੀ ਮੋਹਰਾਂ ਦਾ ਥਾਲ ਅਤੇ ਗੁਰਜ ਲੈ ਕੇ ਪੇਸ਼ ਹੋਏ। ਇਨ੍ਹਾਂ ਨੇ ਬਾਬਾ

ਬੰਦਾ ਸਿੰਘ ਬਹਾਦਰ ਦੀ ਈਨ ਮੰਨ ਲਈ। ਬਾਬਾ ਬੰਦਾ ਸਿੰਘ ਜੀ ਨੇ ਭਾਈ ਬਾਜ ਸਿੰਘ ਨੂੰ ਸਰਹਿੰਦ ਦਾ ਗਵਰਨਰ ਅਤੇ ਭਾਈ ਆਲੀ ਸਿੰਘ ਸਲੌਦੀ ਨੂੰ ਸਹਾਇਕ ਗਵਰਨਰ ਥਾਪ ਕੇ ਆਪ ਸਢੌਰੇ ਦੇ ਨੇੜੇ ਇਕ ਛੋਟੇ ਜਿਹੇ ਪਹਾੜੀ ਕਿਲ੍ਹੇ (ਲੋਹਗੜ੍ਹ) ਵਿਚ ਚਲਾ ਗਿਆ। ਇਹ ਰਾਜ ਜ਼ਿਆਦਾ ਦੇਰ ਕਾਇਮ ਨਾ ਰਹਿ ਸਕਿਆ।

੧੪ ਜਨਵਰੀ ੧੭੬੪ ਈ. ਨੂੰ ਸਰਹਿੰਦ ਦੇ ਨਵਾਬ ਜੈਨ ਖਾਂ ਨੂੰ ਹਾਰ ਦੇ ਕੇ ਸਿੰਘਾਂ ਨੇ ਸਰਹਿੰਦ ਨੂੰ ਫਿਰ ਫਤਿਹ ਕਰ ਲਿਆ। ਸਿੱਖ ਸਰਦਾਰਾਂ ਜਿਨ੍ਹਾਂ ਵਿਚ ਫੂਲਕੀਆ ਮਿਸਲ ਦਾ ਵੀ ਕਾਫ਼ੀ ਹੱਥ ਸੀ, ਨੇ ਪਵਿੱਤਰ ਗੁਰਧਾਮਾਂ ਵੱਲ ਤੁਰੰਤ ਧਿਆਨ ਦਿੱਤਾ। ਸਰਹਿੰਦ ਦੀ ਫਤਿਹ ਤੋਂ ਬਾਅਦ ਕੋਈ ਵੀ ਇਸ ਸ਼ਹਿਰ ਨੂੰ ਆਪਣੇ ਕਬਜ਼ੇ ਵਿਚ ਨਹੀਂ ਸੀ ਲੈਣਾ ਚਾਹੁੰਦਾ ਕਿਉਂਕਿ ਸਾਹਿਬਜ਼ਾਦਿਆਂ ਉੱਤੇ ਹੋਏ ਕਹਿਰ ਕਾਰਨ ਇਸ ਥਾਂ ਨੂੰ ਮਨਹੂਸ ਸਮਝਿਆ ਜਾਂਦਾ ਸੀ। ਇਸ ਲਈ ਗੁਰਮਤਾ ਕਰ ਕੇ ਸਿੰਘਾਂ ਨੇ ਇਹ ਸ਼ਹਿਰ ਭਾਈ ਬੁੱਢਾ ਸਿੰਘ ਜੋ ਪ੍ਰਸਿੱਧ ਭਾਈ ਭਗਤ ਜੀ ਦੀ ਅੰਸ ਵਿੱਚੋਂ ਸਨ, ਨੂੰ ਅਰਦਾਸ ਕਰਵਾ ਦਿੱਤਾ ਅਤੇ ਉਨ੍ਹਾਂ ਪਾਸੋਂ ਫੇਰ ਪਟਿਆਲੇ ਦੇ ਮਹਾਰਾਜਾ ਅਤੇ ਫੂਲਕੀਆ ਮਿਸਲ ਦੇ ਸਰਦਾਰ ਆਲਾ ਸਿੰਘ ਨੇ ੨ ਅਗਸਤ, ੧੭੬੪ ਈ. ਨੂੰ ੨੫੦੦੦ ਰੁਪਏ ਵਿਚ ਖਰੀਦ ਲਿਆ। ਪੁਰਾਣੇ ਸਿੱਖ ਅਜੇ ਵੀ ਇਸ ਨੂੰ ਗੁਰੂ-ਮਾਰੀ ਸਰਹਿੰਦ ਕਹਿੰਦੇ ਹਨ। ਫੂਲ-ਬੰਸੀ ਬਾਬਾ ਆਲਾ ਸਿੰਘ ਨੇ ਸਰਹਿੰਦ ਉੱਪਰ ਕਬਜ਼ਾ ਕਰਨ ਉਪਰੰਤ ੧੨ ਮਿਸਲਾਂ ਦੇ ਮਿਲਵਰਤਨ ਨਾਲ ਸਭ ਤੋਂ ਪਹਿਲਾ ਕੰਮ ਛੋਟੇ ਸਾਹਿਬਜ਼ਾਦਿਆਂ ਦੀ ਯਾਦਗਾਰ ਗੁਰਦੁਆਰਾ ਫਤਿਹਗੜ੍ਹ ਸਾਹਿਬ ਦੀ ਨੀਂਹ ਰਖਵਾਈ। ਰਿਆਸਤ ਪਟਿਆਲਾ ਦੇ ਮਹਾਰਾਜਾ ਕਰਮ ਸਿੰਘ ਨੇ ਸੰਨ ੧੯੧੩ ਈ. ਵਿਚ ਸਾਹਿਬਜ਼ਾਦਿਆਂ ਦੀ ਅਦੁੱਤੀ ਸ਼ਹੀਦੀ ਦੇ ਸਾਕੇ ਨੂੰ ਸਦੀਵੀ ਰੂਪ ਵਿਚ ਸਜੀਵ ਰੱਖਣ ਲਈ ਇਕ ਗੁਰਦੁਆਰਾ ਸਾਹਿਬ ਬਣਾਉਣ ਦੀ ਯੋਜਨਾ ਬਣਾਈ। ਉਨ੍ਹਾਂ ਨੇ ਨਾ ਕੇਵਲ ਗੁਰਦੁਆਰਾ ਜੋਤੀ ਸਰੂਪ ਦੀ ਹੀ ਸੇਵਾ ਕੀਤੀ, ਸਗੋਂ ਲੰਗਰ ਦੀ ਪ੍ਰਥਾ ਵੀ ਚਾਲੂ ਕੀਤੀ। ਮਹਾਰਾਜਾ ਨਰਿੰਦਰ ਸਿੰਘ ਨੇ ਆਪਣੇ ਪੂਰਵ ਉਤਰਾਧਿਕਾਰੀਆਂ ਦੇ ਪ੍ਰਲੋਕ ਸਧਾਰ ਜਾਣ ਤੋਂ ਬਾਅਦ ਉਨ੍ਹਾਂ ਦੀਆਂ ਯੋਜਨਾਵਾਂ ਨੂੰ ਸਿਰੇ ਚਾੜ੍ਹਿਆ।

ਸਰੋਤ ਪੁਸਤਕਾਂ :


੧. ਭਾਈ ਕਾਨ੍ਹ ਸਿੰਘ ਨਾਭਾ - *ਗੁਰਸ਼ਬਦ ਰਤਨਾਕਰ ਮਹਾਨ ਕੋਸ਼*

੨. ਡਾ. ਫੌਜਾ ਸਿੰਘ - *ਸਰਹਿੰਦ ਥਰੂ ਦੀ ਏਜ਼ਿਜ*

੩. ਡਾ. ਗੰਡਾ ਸਿੰਘ - *ਬੰਦਾ ਸਿੰਘ ਬਹਾਦਰ*

੪. ਸ. ਰਛਪਾਲ ਸਿੰਘ - *ਪੰਜਾਬ ਕੋਸ਼*

੫. ਡਾ. ਰਤਨ ਸਿੰਘ ਜੱਗੀ - *ਸਿੱਖ ਪੰਥ ਵਿਸ਼ਵਕੋਸ਼*

੬. ਡਾ. ਗੰਡਾ ਸਿੰਘ - *ਪੰਜਾਬ*


■

# ਛੋਟੇ ਸਾਹਿਬਜ਼ਾਦਿਆਂ ਦੀ ਅਦੁੱਤੀ ਸ਼ਹਾਦਤ ਦੀ ਇਤਿਹਾਸਿਕ ਮਹਾਨਤਾ

*-ਡਾ. ਇੰਦਰਜੀਤ ਸਿੰਘ ਵਾਸੂ**

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਛੋਟੇ ਸਾਹਿਬਜ਼ਾਦੇ: ਸਾਹਿਬਜ਼ਾਦਾ ਜ਼ੋਰਾਵਰ ਸਿੰਘ ਤੇ ਸਾਹਿਬਜ਼ਾਦਾ ਫਤਿਹ ਸਿੰਘ ਇੰਨੀ ਛੋਟੀ ਉਮਰ ਵਿਚ ਮੌਤ ਦੇ ਸਾਹਵੇਂ ਅਡੋਲ ਰਹਿਣ ਦਾ ਇਤਿਹਾਸਿਕ ਕਾਰਨਾਮਾ ਸਿਰਫ਼ ਉਨ੍ਹਾਂ ਦੇ ਹਿੱਸੇ ਹੀ ਆਇਆ ਹੈ। ਇਸ ਸ਼ਹੀਦੀ ਨੇ ਮੁਗ਼ਲ ਰਾਜ ਨੂੰ ਤਬਾਹ ਕਰਨ ਦਾ ਰਾਹ ਪੱਧਰਾ ਕੀਤਾ ਤੇ ਪੰਜਾਬ ਅਜ਼ਾਦੀ ਦੇ ਮਾਰਗ 'ਤੇ ਵਧੇਰੇ ਸ਼ਕਤੀ ਨਾਲ ਗਤੀਸ਼ੀਲ ਹੋਣ ਲੱਗਾ।

ਸਾਹਿਬਜ਼ਾਦਿਆਂ ਨੇ ਨੀਂਹਾਂ ਵਿਚ ਖਲੋ ਕੇ ਅਤੇ ਮੌਤ ਨੂੰ ਕਬੂਲ ਕਰ ਕੇ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਅਰੰਭੇ ਅਜ਼ਾਦੀ ਦੇ ਸੰਘਰਸ਼ ਨੂੰ ਅੱਗੇ ਤੋਰਿਆ। ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ *ਪਾਪ ਕੀ ਜੰਞ ਲੈ ਕਾਬਲਹੁ ਧਾਇਆ* ਆਖ ਕੇ ਹਮਲਾਵਰ ਬਾਬਰ ਦਾ ਜਬਰਦਸਤ ਵਿਰੋਧ ਕੀਤਾ ਸੀ ਤੇ ਦੇਸ਼-ਵਾਸੀਆਂ ਨੂੰ *ਜੇ ਜੀਵੈ ਪਤਿ ਲਥੀ ਜਾਇ॥ ਸਭੁ ਹਰਾਮੁ ਜੇਤਾ ਕਿਛੁ ਖਾਇ॥* ਦੀ ਵੰਗਾਰ ਦਿੱਤੀ ਸੀ। ਛੋਟੇ ਸਾਹਿਬਜ਼ਾਦੇ ਤਤਕਾਲੀਨ ਮੁਗ਼ਲ ਸਰਕਾਰ ਦੇ ਪ੍ਰਤੀਨਿਧ ਸੂਬਾ ਸਰਹਿੰਦ ਵਜ਼ੀਰ ਖਾਂ ਦੀ ਤਾਨਾਸ਼ਾਹੀ ਦੇ ਖ਼ਿਲਾਫ਼ ਸ਼ਹਾਦਤ ਦੇ ਕੇ ਸ੍ਰੀ ਗੁਰੂ ਨਾਨਕ ਸਾਹਿਬ ਦੇ ਘਰ ਦੀ ਵਿਚਾਰਧਾਰਾ ਦੀ ਹੀ ਪ੍ਰਤੀਨਿਧਤਾ ਕਰ ਰਹੇ ਸਨ। ਉਹ ਹਰੇਕ ਕਿਸਮ ਦੇ ਭੈਅ ਤੋਂ ਸੁਤੰਤਰ 'ਬੇਗ਼ਮ ਪੁਰਾ' ਵਸਾਉਣ ਦੇ ਪ੍ਰਤੀਕ ਬਣੇ ਤੇ ਭਗਤ ਰਵਿਦਾਸ ਜੀ ਦੇ ਕਥਨ *ਤਿਉ ਤਿਉ ਸੈਲ ਕਰਹਿ ਜਿਉ ਭਾਵੈ* 'ਤੇ ਆਧਾਰਿਤ ਸੰਪੂਰਨ ਅਜ਼ਾਦੀ ਵਾਲੇ ਖ਼ੂਬਸੂਰਤ ਵਤਨ ਦੀ ਸਥਾਪਨਾ ਲਈ ਆਪਣੀਆਂ ਸਹਿਲ ਤੇ ਖ਼ੂਬਸੂਰਤ ਜਾਨਾਂ ਦੀ ਅਹੂਤੀ ਦੇ ਦਿੱਤੀ। ਉਨ੍ਹਾਂ ਦੀ ਕੁਰਬਾਨੀ ਸ੍ਰੀ ਗੁਰੂ ਅਰਜਨ ਦੇਵ ਜੀ ਦੇ 'ਹਲੀਮੀ ਰਾਜ' ਦੇ ਸੰਕਲਪ ਨੂੰ ਸਾਕਾਰ ਕਰਨ ਲਈ ਹੀ ਸੀ ਜਿਸ ਵਿਚ ਕੋਈ ਕਿਸੇ ਲਈ ਦੁੱਖ ਦਾ ਕਾਰਨ ਨਹੀਂ ਬਣਦਾ ਤੇ ਜਨਤਾ ਦੀ ਸੰਪੂਰਨ ਤੇ ਸਰਬਪੱਖੀ ਖ਼ੁਸ਼ਹਾਲੀ ਦੇ ਆਦਰਸ਼ ਨੂੰ ਪੂਰਾ ਕਰਨ ਲਈ ਤਾਣ ਲਾਇਆ ਜਾਂਦਾ ਹੈ ਜਿਵੇਂ:

*ਹੁਣਿ ਹੁਕਮੁ ਹੋਆ ਮਿਹਰਵਾਣ ਦਾ॥ ਪੈ ਕੋਇ ਨ ਕਿਸੈ ਰਞਾਣਦਾ॥*
*ਸਭ ਸੁਖਾਲੀ ਵੁਠੀਆ ਇਹੁ ਹੋਆ ਹਲੇਮੀ ਰਾਜੁ ਜੀਉ॥* (ਪੰਨਾ ੭੪)

ਉਹ ਮਨੁੱਖੀ ਸਮਾਜ ਦੀਆਂ ਮੁੱਢਲੀਆਂ ਲੋੜਾਂ ਸਮਾਨਤਾ, ਸੁਤੰਤਰਤਾ ਤੇ ਨਿਆਂ ਦੀਆਂ ਮਾਨਵੀ ਕੀਮਤਾਂ ਲਈ ਸ਼ਹੀਦ ਹੋਏ। ਉਹ ਜੰਗ-ਏ-ਅਜ਼ਾਦੀ ਦੇ ਨਿੱਕੇ ਸਿਪਾਹੀ ਸਨ। ਉਹ ਜਾਂਬਾਜ਼ ਸੂਰਮੇ ਸਨ। ਬਹਾਦਰੀ ਜੇਰੇ ਤੇ ਦ੍ਰਿੜ੍ਹਤਾ ਦੇ ਪ੍ਰਤੀਕ ਹਨ, ਜੋ ਭਾਰਤ ਦੀ ਜੰਗ-ਏ-ਅਜ਼ਾਦੀ ਦੇ ਨਿੱਕੇ ਸਿਪਾਹੀ ਹਨ ਭਾਰਤੀ ਦੀਨਾਂ,

**੧੦੦੦, ਅਰਬਨ ਅਸਟੇਟ, ਫਗਵਾੜਾ- ੧੪੪੬੩੨; ਮੋ. +੯੧੯੦੫੬੩-੬੦੭੬੩*

ਨਿਮਾਣਿਆਂ ਤੇ ਨਿਤਾਣਿਆਂ ਲੋਕਾਂ ਦੀ ਅਜ਼ਾਦੀ ਲਈ ਉਨ੍ਹਾਂ ਨੇ ਨਿਸ਼ਾਨਾ ਸਾਧਿਆ ਤੇ ਆਪਣੀ ਜਾਨ 'ਤੇ ਹਰੇਕ ਕਿਸਮ ਦੇ ਦੁੱਖ ਜਰ ਕੇ ਜਾਨਾਂ ਵਾਰ ਗਏ ਅਤੇ ਮਨੁੱਖੀ ਗ਼ੁਲਾਮੀ ਦੀਆਂ ਜ਼ੰਜੀਰਾਂ ਤੋੜਨ ਵਾਲੇ ਸੰਸਾਰ ਦੇ ਸਿਰਮੌਰ ਜਾਨ ਵਾਰੂ ਸੂਰਮਿਆਂ ਦੀ ਕਤਾਰ ਵਿਚ ਖੜੋ ਗਏ। ਇਸ ਸਬੰਧ ਵਿਚ ਭਗਤ ਕਬੀਰ ਜੀ ਦਾ ਕਥਨ ਵਿਸ਼ੇਸ਼ ਤੌਰ 'ਤੇ ਢੁੱਕਦਾ ਹੈ:

*ਗਗਨ ਦਮਾਮਾ ਬਾਜਿਓ ਪਰਿਓ ਨੀਸਾਨੈ ਘਾਉ॥*
*ਖੇਤੁ ਜੁ ਮਾਂਡਿਓ ਸੂਰਮਾ ਅਬ ਜੂਝਨ ਕੋ ਦਾਉ॥*
*ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ॥*
*ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ॥* *(ਪੰਨਾ ੧੧੦੫)*

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦੇ ਰੂਹ ਦੀ ਸੁਤੰਤਰਤਾ ਦੇ ਪ੍ਰਤੀਕ ਹਨ। ਉਨ੍ਹਾਂ ਦੀ ਸ਼ਹੀਦੀ ਦਾ ਕਰਮ ਇਤਿਹਾਸਿਕ ਹੈ ਤੇ ਕਿਸੇ ਕਿਸਮ ਦੇ ਸੁਆਰਥ ਦੀ ਪਕੜ ਤੋਂ ਸੁਤੰਤਰ ਹੈ। ਉਨ੍ਹਾਂ ਨੇ ਭਾਰਤੀਆਂ ਦੀ ਗ਼ੁਲਾਮੀ ਦੀਆਂ ਜ਼ੰਜੀਰਾਂ ਕੱਟਣ ਲਈ ਇਹ ਇਤਿਹਾਸਿਕ ਸਾਕਾ ਕਰ ਵਿਖਾਇਆ। ਇਹ ਸ਼ਹੀਦੀ ਭਾਰਤੀਆਂ ਦੀ ਮਨੁੱਖੀ ਆਤਮਾ ਨੂੰ ਗਤੀਹੀਣ ਸਥਿਤੀ ਵਿੱਚੋਂ ਕੱਢ ਕੇ ਗਤੀਸ਼ੀਲ ਕਰਦੀ ਹੈ। ਇਸ ਤਰ੍ਹਾਂ ਸ੍ਰਿਸ਼ਟੀ ਦੇ ਵਿਕਾਸ ਦਾ ਪ੍ਰਤੀਕ ਬਣ ਕੇ ਉੱਭਰਦੀ ਹੈ।

ਮਨੁੱਖੀ ਦਿਮਾਗ ਵਿਚ ਇਹ ਸੁਆਲ ਵਾਰ-ਵਾਰ ਆਉਂਦਾ ਹੈ ਕਿ ਮੁਗ਼ਲ ਹਕੂਮਤ ਦੇ ਭਿਆਨਕ ਡਰਾਵਿਆਂ ਸਾਹਮਣੇ ਉਹ ਕਿਉਂ ਨਾ ਲਿਫੇ? ਉਨ੍ਹਾਂ ਨੇ ਈਨ ਕਿਉਂ ਨਾ ਮੰਨੀ? ਇਸ ਦਾ ਜੁਆਬ ਇਹੀ ਹੈ ਕਿ ਉਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਪੁੱਤਰ ਸਨ। ਸਮੇਂ ਦੀ ਹਕੂਮਤ ਦੁਆਰਾ ਲਿਤਾੜੀ ਲੋਕਾਈ ਦੀ ਕਾਇਆ-ਕਲਪ ਕਰਨ ਲਈ ਉਨ੍ਹਾਂ ਨਾਲ ਇਸ ਤਰ੍ਹਾਂ ਦਾ ਵਾਅਦਾ ਕੀਤਾ ਸੀ:

*-ਇਨ ਗਰੀਬ ਸਿਖਨ ਕੋ ਦੇਊਂ ਪਾਤਿਸਾਹੀ।*
*ਯਹ ਯਾਦ ਰਖਹਿ ਹਮਰੀ ਗੁਰਿਆਈ।* *(ਪ੍ਰਾਚੀਨ ਪੰਥ ਪ੍ਰਕਾਸ਼)*

ਇਨ੍ਹਾਂ ਦੇ ਦਾਦਾ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਸਾਰੇ ਧਰਮਾਂ ਦੀ ਅਜ਼ਾਦੀ ਲਈ ਆਪ ਦਿੱਲੀ ਜਾ ਕੇ ਸ਼ਹੀਦੀ ਦਿੱਤੀ ਸੀ। ਇਨ੍ਹਾਂ ਦੇ ਨੱਕੜਦਾਦਾ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਜਹਾਂਗੀਰ ਦੁਆਰਾ ਸ਼ਹੀਦ ਕੀਤੇ ਗਏ ਸਨ। ਇਹ ਛੋਟੇ ਲਾਲ ਆਪਣੇ ਖ਼ਾਨਦਾਨ ਦੀ ਪਰੰਪਰਾ ਨੂੰ ਹੀ ਕਾਇਮ ਰੱਖ ਰਹੇ ਸਨ। ਮਨੁੱਖਤਾ ਦੀ ਅਜ਼ਾਦੀ ਦੀ ਜਗਦੀ ਜੋਤ ਨੂੰ ਹੋਰ ਵੀ ਪ੍ਰਜਵਲਿਤ ਕਰ ਰਹੇ ਸਨ।

ਇਨ੍ਹਾਂ ਨੂੰ ਦੀਵਾਰ ਵਿਚ ਚਿਣੇ ਜਾਣ ਬਾਰੇ ਕਚਹਿਰੀ ਵਿਚ ਖੁੱਲ੍ਹੀ ਬਹਿਸ ਦੌਰਾਨ ਸੂਬਾ ਸਰਹਿੰਦ ਦੇ ਇਕ ਅਹੁਦੇਦਾਰ ਸੁੱਚਾ ਨੰਦ ਨੇ ਬੱਚਿਆਂ ਦੇ ਕਤਲ ਦੀ ਹਮਾਇਤ ਕੀਤੀ ਤੇ ਕਿਹਾ ਸੱਪ ਦੇ ਬੱਚੇ ਰਹਿਮ ਦੇ ਕਾਬਲ ਨਹੀਂ ਹੁੰਦੇ। ਇਸ ਸਮੇਂ ਮਲੇਰਕੋਟਲੇ ਦੇ ਹਾਕਮ ਸ਼ੇਰ ਮੁਹੰਮਦ ਖਾਂ ਨੇ ਹਾਅ ਦਾ ਨਾਅਰਾ ਮਾਰਦਿਆਂ ਹੋਇਆਂ ਕਿਹਾ ਸੀ ਕਿ ਇਨ੍ਹਾਂ ਬੱਚਿਆਂ ਦਾ ਕੀ ਦੋਸ਼ ਹੈ। ਇਸੇ ਲਈ ਅੱਜ ਤਕ ਸਿੱਖ ਇਸ ਮਲੇਰਕੋਟਲੇ ਨੂੰ ਸਨਮਾਨ ਨਾਲ ਦੇਖਦੇ ਹਨ।

ਕਾਜ਼ੀ ਕੋਲੋਂ ਪੁੱਛਣ 'ਤੇ ਉਸ ਨੇ ਕਿਹਾ ਕਿ ਸੱਪ ਦੇ ਬੱਚੇ ਸੱਪ ਹੀ ਹੁੰਦੇ ਹਨ। ਇਸ ਕਰ ਕੇ ਇਨ੍ਹਾਂ ਨੂੰ ਦੀਵਾਰ ਵਿਚ ਚਿਣ ਦਿੱਤਾ ਜਾਵੇ। ਕਾਜ਼ੀ ਦਾ ਫਤਵਾ ਮਿਲਣ 'ਤੇ ਦਸਮੇਸ਼ ਜੀ ਦੇ ਇਨ੍ਹਾਂ ਛੋਟੇ ਲਾਲਾਂ ਨੂੰ ਨੀਂਹਾਂ ਵਿਚ ਚਿਣ ਦਿੱਤਾ ਗਿਆ। ਕੁਝ ਸਮਾਂ ਪਹਿਲੇ ਜੋ ਜ਼ਿੰਦਾਂ ਧੜਕ ਰਹੀਆਂ ਸਨ, ਉਹ ਸ਼ਾਂਤ ਹੋ ਗਈਆਂ। ਇਨ੍ਹਾਂ ਸ਼ਹਾਦਤ ਦੇ ਪਲਾਂ ਦੀ ਕੌਮ ਦੇ ਇਤਿਹਾਸ ਵਿਚ ਬੜੀ ਕੀਮਤ ਹੈ। ਮੈਂ ਆਪਣੀ ਇਕ ਕਵਿਤਾ ਵਿਚ ਇਨ੍ਹਾਂ ਪਲਾਂ ਨੂੰ ਇਸ ਤਰ੍ਹਾਂ ਕਲਮ-ਬੰਦ ਕੀਤਾ ਸੀ:

*ਇਕ ਪਲ ਪਹਿਲਾਂ ਧੜਕੇ ਜ਼ਿੰਦਗੀ, ਦੂਜੇ ਪਲ ਕੁਰਬਾਨ।*
*ਜੀਵਨ ਦਾ ਇਹ ਪਲ ਅਨੋਖਾ, ਕੌਮ ਦੀ ਸੁੱਚੀ ਸ਼ਾਨ।*
*ਇਹ ਪਲ ਹੁੰਦਾ ਸਦੀਆਂ ਜੇਡਾ, ਬਣਦਾ ਯੁੱਗ ਦੇ ਹਾਣ।*
*ਇਹ ਪਲ ਕੌਮਾਂ ਦੀ ਕਿਸਮਤ ਨੂੰ, ਸਿਖ਼ਰਾਂ 'ਤੇ ਲੈ ਜਾਣ।*

ਪ੍ਰਸਿੱਧ ਕਵੀ ਅਲਹ ਯਾਰ ਖਾਂ ਜੋਗੀ ਅਨੁਸਾਰ ਦਸਮੇਸ਼ ਜੀ ਦੇ ਇਨ੍ਹਾਂ ਫਰਜ਼ੰਦਾਂ ਨੇ ਆਪਣੀ ਸ਼ਹੀਦੀ ਨਾਲ ਸਿੱਖ ਰਾਜ ਦੀ ਨੀਂਹ ਰੱਖ ਦਿੱਤੀ ਤੇ ਜ਼ਾਲਮਾਂ ਦਾ ਖੁਰਾ ਖੋਜ ਮਿਟਾਉਣ ਦਾ ਬਾਨ੍ਹਣੂੰ ਬੰਨ ਦਿੱਤਾ। ਆਪਣੀ ਸ਼ਹੀਦੀ 'ਤੇ ਸਾਹਿਬਜ਼ਾਦਿਆਂ ਦੀਆਂ ਭਾਵਨਾਵਾਂ ਨੂੰ ਜੋਗੀ ਜੀ ਨੇ ਇਸ ਤਰ੍ਹਾਂ ਕਲਮਬੰਦ ਕੀਤਾ ਹੈ:

*ਹਮ ਜਾਨ ਦੇ ਕੇ ਔਰੋਂ ਕੀ ਜਾਨੇਂ ਬਚਾ ਚਲੇ*
*ਸਿੱਖੀ ਕੀ ਨੀਵ ਹਮ ਹੈਂ ਸਰੋਂ ਪਰ ਉਠਾ ਚਲੇ*
*ਗੁਰਿਆਈ ਕਾ ਹੈ ਕਿੱਸਾ ਜਹਾਂ ਮੇਂ ਬਨਾ ਚਲੇ*
*ਸਿੰਘੋਂ ਕੀ ਸਲਤਨਤ ਕਾ ਹੈ ਪੌਦ: ਲਗਾ ਚਲੇ*
*ਗੱਦੀ ਸੇ ਤਾਜੋ-ਤਖ਼ਤ ਬਸ ਅਬ ਕੌਮ ਪਾਏਗੀ*
*ਦੁਨੀਆ ਸੇ ਜ਼ਾਲਿਮੋਂ ਕਾ ਨਿਸ਼ਾਂ ਤਕ ਮਿਟਾਏਗੀ* ■

## ਪਿੰਡ ਖੈਰਾਬਾਦ ਵਿਖੇ ਗੁਰਮਤਿ ਕੈਂਪ

ਬੀਬੀ ਹਰਪ੍ਰੀਤ ਕੌਰ ਖਾਲਸਾ ਪ੍ਰਚਾਰਕ ਵੱਲੋਂ ਪੁੱਜੀ ਰਿਪੋਰਟ ਅਨੁਸਾਰ ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ) ਸ੍ਰੀ ਅੰਮ੍ਰਿਤਸਰ ਸਾਹਿਬ ਵੱਲੋਂ ਮੈਂਬਰ ਸਾਹਿਬਾਨ ਸ. ਮਗਵਿੰਦਰ ਸਿੰਘ ਖਾਪੜਖੇੜੀ ਅਤੇ ਸ. ਗੁਰਿੰਦਰਪਾਲ ਸਿੰਘ ਰਣੀਕੇ ਦੀ ਅਗਵਾਈ ਹੇਠ ੧੮ ਤੋਂ ੨੭ ਅਗਸਤ, ੨੦੧੭ ਤਕ ਪਿੰਡ ਖੈਰਾਬਾਦ ਵਿਖੇ ਗੁਰਮਤਿ ਸਿਖਲਾਈ ਕੈਂਪ ਲਗਾਇਆ ਗਿਆ। ਇਸ ਗੁਰਮਤਿ ਕੈਂਪ ਵਿਚ ਵਿਦਿਆਰਥੀਆਂ ਨੂੰ ਕਵਿਤਾ ਗਾਇਨ, ਕੀਰਤਨ ਗਾਇਨ, ਗੁਰਬਾਣੀ ਅਤੇ ਸਿੱਖ ਰਹਿਤ ਮਰਯਾਦਾ ਦੀ ਜਾਣਕਾਰੀ ਦਿੱਤੀ।

# ਸਿੱਖ ਰਹਿਤ ਮਰਯਾਦਾ ਦਾ ਅਧਿਆਤਮਿਕ ਤੇ ਸਮਾਜਿਕ ਪ੍ਰਸੰਗ

*-ਬੀਬੀ ਰਿਜਬਨ ਕੌਰ**

ਸਮਾਜ ਵਿਚ ਰਹਿੰਦਾ ਹੋਇਆ ਹਰ ਮਨੁੱਖ ਕਿਸੇ ਨਾ ਕਿਸੇ ਰੂਪ ਵਿਚ ਧਾਰਮਿਕ ਨਿਯਮਾਂ ਦੀ ਪਾਲਣਾ ਕਰਦਾ ਹੈ, ਇਨ੍ਹਾਂ ਧਾਰਮਿਕ ਨਿਯਮਾਂ ਦੇ ਸੰਗ੍ਰਹਿ ਨੂੰ ਮਰਯਾਦਾ ਕਿਹਾ ਜਾਂਦਾ ਹੈ। ਮਰਯਾਦਾ ਦਾ ਅਰਥ ਇਕ ਐਸੀ ਜੀਵਨ ਜੁਗਤ, ਜੀਵਨ ਦੇ ਰਹਿਣ-ਸਹਿਣ ਦੀ ਉਹ ਤਰਤੀਬ ਹੈ ਜਿਸ ਵਿਚ ਜੀਵਨ ਬੇਫ਼ਿਕਰ ਅਤੇ ਸੁਰੱਖਿਅਤ ਤੁਰਿਆ ਜਾਵੇ। ਧਾਰਮਿਕ ਮਰਯਾਦਾ ਅਜਿਹਾ ਸੂਤਰ ਹੈ, ਜੋ ਧਾਰਮਿਕ ਏਕਤਾ, ਇਕਸੁਰਤਾ ਤੇ ਇਕਸਾਰਤਾ ਲਈ ਬੇਹੱਦ ਜ਼ਰੂਰੀ ਹੈ। ਹਰ ਧਰਮ ਦੀ ਮਰਯਾਦਾ ਦੇ ਤਿੰਨ ਬੁਨਿਆਦੀ ਆਧਾਰ ਹੁੰਦੇ ਹਨ। ਇਸ ਦੇ ਇਸ਼ਟ ਦਾ ਸਰੂਪ ਤੇ ਉਸ ਤਕ ਪਹੁੰਚ ਵਿਧੀ, ਦੂਸਰਾ ਧਰਮ ਦਾ ਉਦੇਸ਼ ਤੇ ਉਸ ਅਨੁਸਾਰ ਜੀਵਨ ਜੁਗਤੀ ਤੇ ਤੀਸਰਾ ਉਸ ਦਾ ਬਾਹਰੀ ਤੇ ਚਿੰਨ੍ਹਾਤਮਕ ਰੂਪ। ਇਹ ਤਿੰਨੇ ਬੁਨਿਆਦੀ ਨੁਕਤੇ ਰਲ ਕੇ ਧਰਮ ਦੀ ਪਛਾਣ ਬਣਾਉਂਦੇ ਹਨ। ਇਨ੍ਹਾਂ ਬੁਨਿਆਦੀ ਨੁਕਤਿਆਂ ਨੂੰ ਸਾਹਮਣੇ ਰੱਖ ਕੇ ਕੁਝ ਨੇਮ, ਜ਼ਰੂਰੀ ਕਿਰਿਆਵਾਂ ਤੇ ਪਰਹੇਜ਼ ਨਿਸ਼ਚਿਤ ਕੀਤੇ ਜਾਂਦੇ ਹਨ, ਜਿਸ ਨੂੰ ਰਹਿਤ ਮਰਯਾਦਾ ਕਿਹਾ ਜਾਂਦਾ ਹੈ। ਇਹ ਰਹਿਤ ਮਰਯਾਦਾ ਜਾਂ ਜੀਵਨ-ਜਾਚ ਸਾਰੇ ਧਰਮਾਂ ਵਿਚ ਪ੍ਰਾਪਤ ਹੁੰਦੀ ਹੈ।

'ਰਹਿਤ' ਤੋਂ ਭਾਵ 'ਰਹਿਣ' ਤੋਂ ਲਿਆ ਜਾਂਦਾ ਹੈ ਅਤੇ ਰਹਿਤ ਮਰਯਾਦਾ ਤੋਂ ਭਾਵ ਧਾਰਮਿਕ ਨਿਯਮਾਂ ਦੀ ਬੰਦਸ਼ ਜਾਂ ਪਾਬੰਦੀ ਵਿਚ ਰਹਿਣ ਦੀ ਜੀਵਨ-ਜਾਚ ਹੈ। ਰਹਿਤ ਪੰਜਾਬੀ ਦਾ ਸ਼ਬਦ ਹੈ ਜਿਸ ਦਾ ਭਾਵ ਰਹਿਣਾ ਅਤੇ ਮਰਯਾਦਾ ਸੰਸਕ੍ਰਿਤ ਭਾਸ਼ਾ ਦੇ ਸ਼ਬਦ ਮਰਯ+ਆਦਾ ਤੋਂ ਬਣਿਆ ਹੈ। ਮਰਯਾ ਤੋਂ ਭਾਵ ਬੰਦਸ਼ ਜਾਂ ਸੀਮਾ ਹੈ ਅਤੇ ਆਦਾ ਦਾ ਅਰਥ ਪ੍ਰਵਾਨ ਕਰ ਲੈਣਾ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਸਿੱਖ-ਨਿਯਮਾਂ ਦੀ ਪਾਬੰਦੀ,ਸਿੱਖ ਧਰਮ ਦੇ ਨਿਯਮਾਨੁਸਾਰ ਰਹਿਣ ਦੀ ਕ੍ਰਿਯਾ।[੧] ਸਿੱਖ ਧਰਮ ਦੇ ਸਿਧਾਂਤਾਂ ਅਨੁਸਾਰ ਜੀਵਨ ਗੁਜ਼ਾਰਨਾ ਹੀ ਰਹਿਤ ਹੈ। ਕਿਸੇ ਵੀ ਧਰਮ ਦੀ ਰਹਿਤ ਮਰਯਾਦਾ ਉਸ ਧਰਮ ਦੇ ਇਤਿਹਾਸ ਵਿਚ ਨਿਹਿਤ ਹੁੰਦੀ ਹੈ। ਇਹ ਉਸ ਧਰਮ ਦਾ ਅਟੁੱਟ ਅੰਗ ਹੁੰਦੀ ਹੈ। ਰਹਿਤ ਬਗੈਰ ਧਰਮ ਦੀ ਕਲਪਨਾ ਹੀ ਨਹੀਂ ਕੀਤੀ ਜਾ ਸਕਦੀ, ਕਿਉਂਕਿ ਧਰਮ ਦਾ ਪ੍ਰਗਟ ਰੂਪ ਰਹਿਤ ਤੋਂ ਉਜਾਗਰ ਹੁੰਦਾ ਹੈ। ਰਹਿਤ ਇਤਿਹਾਸ ਦੇ ਨਾਲ-ਨਾਲ ਉਸ ਧਰਮ ਦੇ ਧਾਰਮਿਕ ਗ੍ਰੰਥ ਵਿੱਚੋਂ ਵੀ ਪ੍ਰਕਾਸ਼ਿਤ ਹੁੰਦੀ ਹੈ। ਸਿੱਖ ਧਰਮ ਦੀ ਰਹਿਤ ਮਰਯਾਦਾ ਦਾ ਮੂਲ ਸਰੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਹਨ। ਮਰਯਾਦਾ ਇਕ ਐਸੀ ਜੀਵਨ ਜੁਗਤ, ਜੀਵਨ ਦੇ ਰਹਿਣ-ਸਹਿਣ ਦੀ ਉਹ ਤਰਤੀਬ

**ਸ੍ਰੀ ਗੁਰੂ ਗ੍ਰੰਥ ਸਾਹਿਬ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ। ਮੋ: +੯੧੯੮੧੫੨-੮੪੮੬੩*

ਜਿਸ ਵਿਚ ਜੀਵਨ ਬੇਫ਼ਿਕਰ ਅਤੇ ਸੁਰੱਖਿਅਤ ਤੁਰਿਆ ਜਾਵੇ, ਸਿੱਖ ਨੂੰ ਕਿਉਂਕਿ ਇਹ ਜੀਵਨ-ਜੁਗਤ ਗੁਰੂ ਬਖ਼ਸ਼ਦਾ ਹੈ ਅਤੇ ਸਿੱਖ ਇਸ ਅਨੁਸਾਰ ਹੀ ਜੀਵਨ ਗੁਜ਼ਾਰਦਾ ਹੈ, ਇਸ ਲਈ ਸਿੱਖੀ ਵਿਚ ਇਸ ਜੁਗਤ ਨੂੰ ਗੁਰਮਤਿ ਰਹਿਤ ਮਰਯਾਦਾ ਜਾਂ ਸਿੱਖ ਰਹਿਤ ਮਰਯਾਦਾ ਭੀ ਆਖਦੇ ਹਨ।[2]

'ਰਹਿਤ' ਸ਼ਬਦ ਭਾਵੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਤੋਂ ਕਾਫ਼ੀ ਚਿਰ ਪਹਿਲਾਂ ਭਗਤੀ ਲਹਿਰ ਦੇ ਸਮੇਂ ਪ੍ਰਚਲਿਤ ਸੀ, ਪਰ ਇਹ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵੀ ਪ੍ਰਾਪਤ ਹੈ। ਭਗਤ ਕਬੀਰ ਜੀ ਫੁਰਮਾਉਂਦੇ ਹਨ:

*ਸੋ ਗੁਰੁ ਕਰਹੁ ਜਿ ਬਹੁਰਿ ਨ ਕਰਨਾ॥*
*ਸੋ ਪਦੁ ਰਵਹੁ ਜਿ ਬਹੁਰਿ ਨ ਰਵਨਾ॥*
*ਸੋ ਧਿਆਨੁ ਧਰਹੁ ਜਿ ਬਹੁਰਿ ਨ ਧਰਨਾ॥*
*ਐਸੇ ਮਰਹੁ ਜਿ ਬਹੁਰਿ ਨ ਮਰਨਾ॥ . . .*
*ਅਪੁ ਤੇਜੁ ਬਾਇ ਪ੍ਰਿਥਮੀ ਆਕਾਸਾ॥*
*ਐਸੀ ਰਹਤ ਰਹਉ ਹਰਿ ਪਾਸਾ॥* *(ਪੰਨਾ ੩੨੭)*

ਸ੍ਰੀ ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ:

*ਰਹਤ ਅਵਰ ਕਛੁ ਅਵਰ ਕਮਾਵਤ॥ ਮਨਿ ਨਹੀ ਪ੍ਰੀਤਿ ਮੁਖਹੁ ਗੰਢ ਲਾਵਤ॥*
*ਜਾਨਨਹਾਰ ਪ੍ਰਭੂ ਪਰਬੀਨ॥ ਬਾਹਰਿ ਭੇਖ ਨ ਕਾਹੂ ਭੀਨ॥* *(ਪੰਨਾ ੨੬੯)*

ਸਿੱਖ ਧਰਮ ਵਿਚ ਆਦਰਸ਼ਕ ਜੀਵਨ ਜਿਊਣ ਵਾਸਤੇ ਜੋ ਨਿਯਮ ਨਿਯਤ ਕੀਤੇ ਗਏ ਹਨ, ਸਿੱਖ ਬੋਲੀ ਵਿਚ ਉਸ ਧਾਰਮਿਕ ਨਿਯਮਾਵਲੀ ਨੂੰ 'ਰਹਿਤ' ਦਾ ਨਾਮ ਦਿੱਤਾ ਗਿਆ ਹੈ। ਉਹ ਜੀਵਨ-ਮਰਯਾਦਾ, ਚਾਲ-ਢਾਲ ਜਾਂ ਚੱਜ-ਆਚਾਰ 'ਰਹਿਤ' ਹੈ, ਜਿਸ ਅਨੁਸਾਰ ਸੰਸਾਰ ਵਿਚ ਵਿਚਰਦਾ ਸਿੱਖ ਨਿੱਜੀ ਅਤੇ ਪੰਥਕ ਜੀਵਨ ਜਿਉਂਦਾ ਹੋਇਆ ਨਿਰੰਕਾਰ ਨਾਲ ਅਭੇਦ ਹੋ ਸਕਦਾ ਹੈ:

*ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ॥ (ਪੰਨਾ ੫੨੨)*

ਇਹ ਸਿੱਖੀ ਜੀਵਨ ਦਾ ਸਾਧਾਰਨ ਰੂਪ ਹੈ ਜੋ ਜ਼ਿੰਦਗੀ ਦੇ ਸਾਰੇ ਪਹਿਲੂਆਂ ਨੂੰ ਸੰਤੁਲਿਤ ਰੱਖ ਕੇ ਆਪਣੇ ਕਲਾਵੇ ਵਿਚ ਲੈਂਦਾ ਹੈ। ਸਿੱਖ ਧਰਮ ਦੀ ਰਹਿਤ ਮਰਯਾਦਾ ਦਾ ਮੂਲ ਸਰੋਤ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਹਨ, ਪਰ ਇਹ ਪੰਥਕ ਕਿਰਤ ਹੋਣ ਕਰ ਕੇ ਰਹਿਤਨਾਮਿਆਂ ਅਤੇ ਹੋਰ ਸਿੱਖ ਸਾਹਿਤ ਜਿਵੇਂ ਕਿ ਭਾਈ ਗੁਰਦਾਸ ਜੀ, ਭਾਈ ਨੰਦ ਲਾਲ ਜੀ ਦੀਆਂ ਰਚਨਾਵਾਂ ਅਤੇ ਹੋਰ ਧਾਰਮਿਕ ਗ੍ਰੰਥ ਵੀ ਇਸ ਦਾ ਆਧਾਰ ਬਣੇ ਹਨ। ਸ੍ਰੀ ਗੁਰੂ ਨਾਨਕ ਸਾਹਿਬ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤਕ ਗੁਰਸਿੱਖਾਂ ਵੱਲੋਂ ਗੁਰੂ ਸਾਹਿਬ ਦੀ ਅਗਵਾਈ ਵਿਚ ਰਹਿਤ ਮਰਯਾਦਾ ਦਾ ਪਾਲਣ ਕੀਤਾ ਜਾਂਦਾ ਰਿਹਾ ਸੀ। ਸਿੱਖ ਨੂੰ ਜੀਵਨ-ਜੁਗਤ ਗੁਰੂ ਬਖ਼ਸ਼ਦਾ ਹੈ ਅਤੇ ਇਸ ਅਨੁਸਾਰ ਹੀ ਸਿੱਖ ਜੀਵਨ ਗੁਜ਼ਾਰਦਾ ਹੈ। ਇਸ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸਿੱਖ

ਰਹਿਤ ਮਰਯਾਦਾ ਤੇ ਸਿੱਖ ਜੀਵਨ-ਜੁਗਤੀ ਵਿਚ ਪਹਿਲ ਦਿੱਤੀ ਜਾਂਦੀ ਹੈ, ਜੋ ਜੀਵਨ ਦੇ ਹਰ ਬਿਖੜੇ ਮੋੜ 'ਤੇ ਸਿੱਖ ਨੂੰ ਰਾਹ ਦਿਖਾਉਂਦਾ ਹੈ:

*ਬਿਖੜੇ ਦਾਉ ਲੰਘਾਵੈ ਮੇਰਾ ਸਤਿਗੁਰੁ ਸੁਖ ਸਹਜ ਸੇਤੀ ਘਰਿ ਜਾਤੇ॥*

*(ਪੰਨਾ ੧੧੮੫)*

ਸਿੱਖ ਰਹਿਤ ਮਰਯਾਦਾ ਨੂੰ ਸ਼ਖ਼ਸੀ ਰਹਿਣੀ (ਅੰਦਰਲੀ ਰਹਿਤ) ਅਤੇ ਪੰਥਕ ਰਹਿਣੀ (ਬਾਹਰਲੀ ਰਹਿਤ) ਵਿਚ ਵੰਡਿਆ ਗਿਆ ਹੈ। ਇੱਕ ਸਿੱਖ ਨੇ ਸ਼ਖ਼ਸੀ ਧਰਮ ਪੂਰਾ ਕਰਦਿਆਂ ਪੰਥਕ ਫ਼ਰਜ਼ ਵੀ ਨਿਭਾਉਣਾ ਹੈ। ਸ਼ਖ਼ਸੀ ਰਹਿਣੀ (ਅੰਦਰਲੀ ਰਹਿਤ) ਧਾਰਮਿਕ ਜੀਵਨ ਦਾ ਅਸਲ ਆਧਾਰ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵਧੇਰੇ ਅੰਦਰਲੀ ਰਹਿਤ ਬਾਰੇ ਵਰਣਨ ਮਿਲਦਾ ਹੈ। ਸ. ਪਿਆਰਾ ਸਿੰਘ ਪਦਮ ਅਨੁਸਾਰ "ਅੰਦਰਲੀ ਰਹਿਤ ਨਾਲ ਆਦਮੀ ਦਾ ਮਨ ਅਤੇ ਆਤਮਾ ਪਵਿੱਤਰ ਹੋ ਕੇ ਚੜ੍ਹਦੀ ਕਲਾ ਅਤੇ ਸਰਬੱਤ ਦੇ ਭਲੇ ਵਿਚ ਵਿਚਰਦੇ ਹਨ।"[੩] ਇਸ ਅੰਦਰਲੀ ਰਹਿਤ ਵਿਚ ਇੱਕ ਰੱਬ ਵਿਚ ਵਿਸ਼ਵਾਸ, ਨਾਮ, ਸੇਵਾ, ਨੇਕੀ, ਚੰਗਿਆਈ, ਨਿਮਰਤਾ, ਸੰਜਮ, ਪਰਉਪਕਾਰ ਆਦਿ ਸ਼ਾਮਲ ਹਨ। ਗੁਰੂ ਸਾਹਿਬ ਨੇ ਮਨੁੱਖੀ ਰਹਿਣੀ ਲਈ ਬੁਨਿਆਦੀ ਗੁਰ ਲਿਖ ਦਿੱਤੇ ਹਨ, ਤਾਂਕਿ ਸਿੱਖ ਆਪਣੇ ਧਰਮ-ਕਰਮ ਤੋਂ ਲੈ ਕੇ ਬੋਲ-ਚਾਲ, ਵਰਤੋਂ-ਵਿਹਾਰ, ਖਾਣ-ਪੀਣ, ਪਹਿਨਣ ਤੇ ਬਾਕੀ ਸੁਚੱਜਾ ਜੀਵਨ ਜਿਊਣ ਲਈ ਲੋੜੀਂਦੀ ਸਿੱਖਿਆ ਹਾਸਲ ਕਰ ਸਕੇ। ਸਿੱਖ ਧਰਮ ਦਾ ਮੂਲ ਆਦਰਸ਼ ਨਾਮ ਜਪਣਾ, ਕਿਰਤ ਕਰਨਾ ਤੇ ਵੰਡ ਛਕਣਾ ਹੈ। ਇਹੀ ਜੀਵਨ ਰਹਿਣੀ ਹੈ। ਨਾਮ ਜਪਣ ਨਾਲ ਆਤਮਾ ਸ਼ੁੱਧ ਹੁੰਦੀ ਹੈ, ਕਿਰਤ ਨਾਲ ਸਰੀਰ ਅਤੇ ਵੰਡ ਕੇ ਛਕਣ ਨਾਲ ਮਨ ਸ਼ੁੱਧ ਹੁੰਦਾ ਹੈ। ਨਾਮ ਸਿਮਰਨ ਆਤਮਿਕ ਰਹਿਤ ਹੈ, ਕਿਰਤ ਕਰਨਾ ਸਰੀਰਕ ਰਹਿਤ ਹੈ ਅਤੇ ਵੰਡ ਛਕਣਾ ਮਾਨਸਿਕ ਰਹਿਤ ਹੈ। ਇਨ੍ਹਾਂ ਨਾਲ ਹੀ ਜੀਵਨ ਨੂੰ ਸਹੀ ਸੇਧ ਮਿਲਦੀ ਹੈ ਅਤੇ ਇਸ ਨਾਲ ਹੀ ਮਾਨਵੀ ਵਿਕਾਸ ਹੁੰਦਾ ਹੈ।

ਅੰਦਰਲੀ ਰਹਿਤ ਦਾ ਮੁੱਖ ਆਧਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਹਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਦੇਹਧਾਰੀ ਗੁਰੂ ਦੀ ਰਵਾਇਤ ਖ਼ਤਮ ਕਰ ਕੇ ਸ਼ਬਦ ਨੂੰ 'ਗੁਰੂ' ਦੀ ਪਦਵੀ ਦੇ ਕੇ ਸਿੱਖਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਲੜ ਲਾਇਆ ਅਤੇ ਆਦੇਸ਼ ਦਿੱਤਾ ਕਿ ਹਰ ਸਿੱਖ ਦਾ ਹਰ ਕਾਰਜ ਸ੍ਰੀ ਗੁਰੂ ਗ੍ਰੰਥ ਸਾਹਿਬ ਅਨੁਸਾਰ ਹੋਵੇ। ਸ੍ਰੀ ਗੁਰੂ ਗ੍ਰੰਥ ਸਾਹਿਬ ਮਨੁੱਖ ਦੀ ਹਰ ਖੇਤਰ ਵਿਚ ਰਹਿਨੁਮਾਈ ਕਰਦਿਆਂ ਉਸ ਦੇ ਅਸਲ ਆਦਰਸ਼ (ਗੁਰਮੁਖ) ਨੂੰ ਪ੍ਰਾਪਤ ਕਰਨ ਹਿੱਤ ਜਾਗਰੂਕ ਕਰਦੇ ਹਨ, ਤਾਂਕਿ ਉਹ ਆਪਣੀਆਂ ਕਮਜ਼ੋਰੀਆਂ ਤੋਂ ਉੱਪਰ ਉੱਠ ਕੇ ਆਤਮਿਕ ਤੌਰ 'ਤੇ ਉੱਨਤ ਹੋ ਕੇ ਪਰਮਾਤਮਾ ਨੂੰ ਪਾ ਸਕੇ। ਇਹ ਆਤਮਿਕਤਾ ਅਤੇ ਅਧਿਆਤਮਿਕਤਾ ਦਾ ਸੁਮੇਲ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਮਨੁੱਖ ਨੂੰ ਇਸ ਆਦਰਸ਼ ਤਕ ਪਹੁੰਚਾਉਣ ਲਈ ਰਹਿਤ ਜਾਂ ਜੀਵਨ-ਜਾਚ ਨੂੰ ਆਧਾਰ ਬਣਾਇਆ ਗਿਆ ਹੈ। ਇਹ ਜੀਵਨ-ਜਾਚ

ਕਿਸੇ ਖਾਸ ਕਿਸਮ ਅਤੇ ਵੱਖਰੀ ਰਹਿਤ ਜਾਂ ਸੰਸਾਰ ਤਿਆਗ ਕੇ ਜਿਊਣ ਦੇ ਸੰਕਲਪ ਦੀ ਹਾਮੀ ਨਹੀਂ ਭਰਦੀ, ਬਲਕਿ ਪਰਵਾਰ ਜਾਂ ਸਮਾਜ ਵਿਚ ਰਹਿੰਦਿਆਂ ਸਦਗੁਣਾਂ ਭਰਪੂਰ ਸੰਤੁਲਿਤ ਜੀਵਨ ਬਤੀਤ ਕਰਨਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਨੇ ਮਨੁੱਖ ਨੂੰ ਗ੍ਰਿਹਸਥ ਵਿਚ ਰਹਿੰਦਿਆਂ ਹੋਇਆਂ ਤਿਆਗੀ, ਵੈਰਾਗੀ ਅਤੇ ਜੋਗੀ ਬਣਨ ਦੀ ਜੁਗਤ ਦੱਸੀ ਹੈ:

*ਸਤਿਗੁਰ ਕੀ ਐਸੀ ਵਡਿਆਈ॥ ਪੁਤ੍ਰ ਕਲਤ੍ਰ ਵਿਚੇ ਗਤਿ ਪਾਈ॥ (ਪੰਨਾ ੬੬੧)*

ਡਾ. ਬਲਬੀਰ ਸਿੰਘ ਅਨੁਸਾਰ "ਗੁਰੂ ਸਾਹਿਬ ਦਾ ਆਸ਼ਾ ਕੁਝ ਐਸਾ ਪ੍ਰਤੀਤ ਹੁੰਦਾ ਹੈ ਕਿ ਉਹ ਇਨ੍ਹਾਂ ਦੋਹਾਂ ਤੋਂ ਕਿਸੇ ਨਿਆਰੀ ਚੀਜ਼ ਦੇ ਮਗਰ ਸਨ। ਉਹ ਇਕ ਐਸਾ ਬੰਦਾ ਪੈਦਾ ਕਰਨਾ ਚਾਹੁੰਦੇ ਸਨ ਜੋ ਪਰਵਿਰਤੀ ਅਤੇ ਨਿਵਿਰਤੀ ਦੋਹਾਂ ਤੋਂ ਨਿਆਰਾ ਹੋਵੇ। ਏਸ ਬੰਦੇ ਦਾ ਨਾਮ ਉਨ੍ਹਾਂ ਗੁਰਮੁਖ ਰੱਖਿਆ ਹੈ।"[੪] ਫੁਰਮਾਨ ਹੈ:

*ਗੁਰਮੁਖਿ ਸਰ ਅਪਸਰ ਬਿਧਿ ਜਾਣੈ॥*
*ਗੁਰਮੁਖਿ ਪਰਵਿਰਤਿ ਨਰਵਿਰਤਿ ਪਛਾਣੈ॥*
*ਗੁਰਮੁਖਿ ਤਾਰੇ ਪਾਰਿ ਉਤਾਰੇ॥*
*ਨਾਨਕ ਗੁਰਮੁਖਿ ਸਬਦਿ ਨਿਸਤਾਰੇ॥ (ਪੰਨਾ ੯੪੧)*

ਇਹ ਅਜਿਹੀ ਰਹਿਣੀ ਹੈ ਜਿਸ ਵਿਚ ਕਿਸੇ ਬਾਹਰੀ ਅਡੰਬਰ ਨੂੰ ਮਹੱਤਤਾ ਪ੍ਰਾਪਤ ਨਹੀਂ, ਬਲਕਿ ਸੱਚੀ-ਸੁੱਚੀ ਰਹਿਤ ਜਾਂ ਰਹਿਣੀ ਨੂੰ ਹੀ ਮਹੱਤਵਪੂਰਨ ਮੰਨਿਆ ਗਿਆ ਹੈ। ਸ੍ਰੀ ਗੁਰੂ ਨਾਨਕ ਸਾਹਿਬ ਜੀ ਇਸ ਸੱਚੀ ਰਹਿਤ ਅਰਥਾਤ 'ਕਹਿਣੀ ਤੇ ਕਰਨੀ' ਵਾਲੀ ਰਹਿਤ ਦਾ ਪ੍ਰਗਟਾਵਾ ਇਉਂ ਕਰਦੇ ਹਨ:

*ਗਿਆਨੁ ਧਿਆਨੁ ਸਭੁ ਗੁਰ ਤੇ ਹੋਈ॥*
*ਸਾਚੀ ਰਹਤ ਸਾਚਾ ਮਨਿ ਸੋਈ॥*
*ਮਨਮੁਖ ਕਥਨੀ ਹੈ ਪਰੁ ਰਹਤ ਨ ਹੋਈ॥ (ਪੰਨਾ ੮੩੧)*

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਬਾਰ-ਬਾਰ ਸੱਚੀ ਰਹਿਤ ਦਾ ਜ਼ਿਕਰ ਮਿਲਦਾ ਹੈ ਕਿਉਂਕਿ ਸੱਚੀ ਰਹਿਤ ਨਾਲ ਹੀ ਸੁੱਖ ਪ੍ਰਾਪਤ ਹੋ ਸਕਦਾ ਹੈ:

*ਸਚੀ ਰਹਤ ਸਚਾ ਸੁਖੁ ਪਾਏ॥ (ਪੰਨਾ ੧੩੪੩)*

ਸੱਚੀ ਰਹਿਤ ਨਾਲ ਹੀ ਆਪਣੇ ਮੂਲ ਮਨੋਰਥ ਤਕ ਪਹੁੰਚਿਆ ਜਾ ਸਕਦਾ ਹੈ। ਇਹ ਮੂਲ ਮਨੋਰਥ ਆਤਮਾ ਦਾ ਪਰਮਾਤਮਾ ਨਾਲ ਮਿਲਾਪ ਹੈ ਅਤੇ ਇਸ ਮਿਲਾਪ ਦਾ ਮਾਧਿਅਮ ਨਾਮ ਸਿਮਰਨ ਹੈ। ਸਿੱਖ ਨੂੰ ਅੰਮ੍ਰਿਤ ਵੇਲੇ ਉੱਠ ਕੇ ਇਸ਼ਨਾਨ ਕਰ ਕੇ 'ਵਾਹਿਗੁਰੂ' ਦਾ ਨਾਮ ਜਪਣ ਲਈ ਕਿਹਾ ਗਿਆ ਹੈ। ਅੰਮ੍ਰਿਤ ਵੇਲੇ ਨਾਮ ਜਪਣ ਨਾਲ ਮਨ ਕਰਤਾਰ ਦੇ ਪਿਆਰ ਵਿਚ ਇਕਸੁਰ ਹੁੰਦਾ ਹੈ ਅਤੇ ਇਸ ਨਾਲ ਮਨ ਬਿਖੜੇ ਸਮਿਆਂ ਵਿਚ ਵੀ ਟਿਕਾਅ ਅਤੇ ਖੇੜੇ ਵਿਚ ਰਹਿੰਦਾ ਹੈ:

*ਉਠਿ ਇਸਨਾਨੁ ਕਰਹੁ ਪਰਭਾਤੇ ਸੋਏ ਹਰਿ ਆਰਾਧੇ॥*

*ਬਿਖੜੇ ਦਾਉ ਲੰਘਾਵੈ ਮੇਰਾ ਸਤਿਗੁਰੁ ਸੁਖ ਸਹਜ ਸੇਤੀ ਘਰਿ ਜਾਤੇ॥*

*(ਪੰਨਾ ੧੧੮੫)*

ਇਹ ਅਜਿਹੀ ਜੁਗਤ ਹੈ ਜਿਸ ਨਾਲ ਇੱਕ ਮਨੁੱਖ ਸੰਸਾਰ ਵਿਚ ਵਿਚਰਦਿਆਂ ਹੋਇਆਂ ਵੀ ਇਸ ਸਭ ਤੋਂ ਦੂਰ ਰਹਿੰਦਾ ਹੈ। ਇਹ ਸਿੱਖੀ ਜੀਵਨ ਇਕੱਲ, ਇਕਾਂਤ ਅਤੇ ਇਕਾਗਰਤਾ ਦਾ ਆਪਸੀ ਸੁਮੇਲ ਹੈ। ਇਨ੍ਹਾਂ ਰਾਹੀਂ ਹੀ ਮਨੁੱਖ ਆਪਣੇ ਆਪ ਨੂੰ ਪਛਾਣਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 'ਆਪਾ ਚੀਨਣ' 'ਤੇ ਬਹੁਤ ਬਲ ਦਿੱਤਾ ਹੈ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਅਨੁਸਾਰ:

*ਜਨ ਨਾਨਕ ਬਿਨੁ ਆਪਾ ਚੀਨੈ ਮਿਟੈ ਨ ਭ੍ਰਮ ਕੀ ਕਾਈ॥ (ਪੰਨਾ ੬੮੪)*

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਦਰੂਨੀ ਰਹਿਤ ਮੁੱਖ ਤੌਰ 'ਤੇ ਪ੍ਰਾਪਤ ਹੈ। ਕੇਵਲ ਬਾਹਰੀ ਭੇਖ ਮਨੁੱਖ ਦਾ ਕੁਝ ਵੀ ਨਹੀਂ ਸਵਾਰ ਸਕਦੇ। ਇਸੇ ਲਈ ਬਾਹਰੀ ਤੇ ਅੰਦਰੂਨੀ ਇਕਸੁਰਤਾ ਹੋਣੀ ਬਹੁਤ ਜ਼ਰੂਰੀ ਹੈ। ਜਿਸ ਲਈ ਨਾਮ ਸਿਮਰਨ ਮੁੱਖ ਤੌਰ 'ਤੇ ਹੈ ਇਸ ਦੇ ਜਪਣ ਨਾਲ ਆਤਮਾ ਸ਼ੁੱਧ ਹੁੰਦੀ ਹੈ ਅਤੇ ਪਰਮਾਤਮਾ ਨਾਲ ਰਿਸ਼ਤਾ ਬੱਝਦਾ ਹੈ। ਇਸੇ ਲਈ ਗੁਰੂ ਸਾਹਿਬ ਨਾਮ ਜਪਣ ਨੂੰ ਸ੍ਰੇਸ਼ਠ ਮੰਨਦੇ ਹਨ। ਸ੍ਰੀ ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ:

*ਸਰਬ ਧਰਮ ਮਹਿ ਸ੍ਰੇਸਟ ਧਰਮੁ॥ ਹਰਿ ਕੋ ਨਾਮੁ ਜਪਿ ਨਿਰਮਲ ਕਰਮੁ॥*

*(ਪੰਨਾ ੨੬੬)*

ਕਰਨਲ ਜਸਵੰਤ ਸਿੰਘ ਲਿਖਦੇ ਹਨ "ਕੋਈ ਧਰਮ ਵੱਡਾ ਨਹੀਂ ਤੇ ਕੋਈ ਧਰਮ ਛੋਟਾ ਨਹੀਂ।ਸਭ ਧਰਮ ਆਪੋ ਆਪਣੇ ਸਥਾਨ 'ਤੇ ਅੱਛੇ ਹਨ। ਮਨੁੱਖ ਦੇ ਉਧਾਰ ਲਈ ਹਰੀ ਦਾ ਨਾਮ ਜਪਣਾ ਤੇ ਨਿਰਮਲ ਕਰਮ ਕਰਨਾ ਹੀ ਸਭ ਤੋਂ ਉੱਚਤਮ ਧਰਮ ਹੈ।"[5] ਇਸੇ ਲਈ ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਨਾਮ ਸਿਮਰਨ ਨੂੰ ਸਭ ਤੋਂ ਵੱਧ ਮਹੱਤਤਾ ਦਿੱਤੀ ਤੇ ਨਾਲ ਹੀ ਇਸ ਰਾਹ ਤੇ ਚੱਲਣ ਵਾਸਤੇ ਕਿਰਤ ਕਰਨ ਤੇ ਵੰਡ ਕੇ ਛਕਣ ਦਾ ਉਪਦੇਸ਼ ਦਿੱਤਾ, ਕਿਉਂਕਿ ਨਾਮ ਨੂੰ ਜੀਵਨ ਵਿਚ ਦ੍ਰਿੜ੍ਹ ਕਰਨ ਵਾਸਤੇ ਮਨ ਦਾ ਨਿਰਮਲ ਹੋਣਾ ਜ਼ਰੂਰੀ ਹੈ, ਇਸੇ ਲਈ ਸਿੱਖ ਧਰਮ ਵਿਚ 'ਨਾਮ ਜਪੋ, ਕਿਰਤ ਕਰੋ ਤੇ ਵੰਡ ਕੇ ਛਕੋ' ਦੇ ਸਿਧਾਂਤ ਨੂੰ ਮਹੱਤਤਾ ਪ੍ਰਾਪਤ ਹੈ। ਨਾਮ ਜਪਣ ਨਾਲ ਆਤਮਾ ਸ਼ੁੱਧ ਹੁੰਦੀ ਹੈ ਤੇ ਕਿਰਤ ਕਰਨ ਨਾਲ ਸਰੀਰ ਅਤੇ ਵੰਡ ਕੇ ਛਕਣ ਨਾਲ ਮਨ ਸ਼ੁੱਧ ਹੁੰਦਾ ਹੈ। ਇਸੇ ਲਈ ਗੁਰੂ ਦੇ ਸਿੱਖ ਨੂੰ ਧਰਮ ਦੀ ਕਿਰਤ ਕਰ ਕੇ ਨਿਰਬਾਹ ਕਰਨ ਲਈ ਕਿਹਾ ਹੈ, ਕਿਉਂਕਿ ਦੂਜੇ ਦਾ ਭਲਾ ਚਾਹੁਣ ਵਾਲਾ ਨਿਸ਼ਕਾਮ ਪਰਉਪਕਾਰੀ ਸੁਭਾਅ ਹੀ ਬਾਕੀਆਂ ਨਾਲ ਵੰਡ ਕੇ ਖਾ ਸਕਦਾ ਹੈ। ਇੱਕ ਸਿੱਖ ਨੂੰ ਆਪਣੀ ਸੱਚੀ ਕਿਰਤ ਕਮਾਈ ਵਿੱਚੋਂ ਲੋੜਵੰਦਾਂ ਦੀ ਸਹਾਇਤਾ ਕਰਨ ਲਈ ਤਾਕੀਦ ਕੀਤੀ ਗਈ ਹੈ:

*ਘਾਲਿ ਖਾਇ ਕਿਛੁ ਹਥਹੁ ਦੇਇ॥ ਨਾਨਕ ਰਾਹੁ ਪਛਾਣਹਿ ਸੇਇ॥ (ਪੰਨਾ ੧੨੪੫)*

ਦੂਜੇ ਦਾ ਭਲਾ ਚਾਹੁਣ ਵਾਲਾ ਨਿਸ਼ਕਾਮ ਪਰਉਪਕਾਰੀ ਸੁਭਾਅ ਹੀ ਬਾਕੀਆਂ ਨਾਲ ਵੰਡ ਕੇ ਖਾ ਸਕਦਾ ਹੈ, ਜੋ ਸ੍ਰੇਸ਼ਟਾਚਾਰ ਦਾ ਇਕ ਪ੍ਰਮੁੱਖ ਲੱਛਣ ਹੈ। ਇਹ ਦਾਨ ਤੋਂ ਉਚੇਰੀ ਅਵਸਥਾ ਹੈ, ਦਾਨ ਵਿਚ ਇਕ ਭਿਖਾਰੀ ਹੁੰਦਾ ਹੈ, ਦੂਜਾ ਦਾਤਾ, ਇਕ ਪਰਾਧੀਨ ਬਣ ਜਾਂਦਾ ਹੈ ਜਦਕਿ ਦੂਜਾ ਮਾਲਕ, ਪਰੰਤੂ ਵੰਡ ਛਕਣ ਦਾ ਗੁਣ ਸਮਾਨਤਾ ਤੇ ਬਰਾਬਰੀ ਦੇ ਭਾਵ ਪਰਿਪੱਕ ਕਰਦਾ ਹੈ। ਸੋ ਪੁਰਾਤਨ ਸਿੱਖ ਮਰਯਾਦਾ ਦੇ ਪ੍ਰਧਾਨ ਨੁਕਤੇ ਇਸੇ ਕਥਨ ਵਿਚ ਆ ਜਾਂਦੇ ਹਨ। 'ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬੱਤ ਦਾ ਭਲਾ' ਵਾਲੇ ਪ੍ਰਸਿੱਧ ਨਾਅਰੇ ਵਿਚ ਵੀ ਸਿੱਖੀ ਦੇ ਦੋ ਮੂਲ ਆਦਰਸ਼ਾਂ ਨਾਮ ਤੇ ਸੇਵਾ ਨੂੰ ਇਕ ਥਾਂ ਗੁੰਦਿਆ ਗਿਆ ਹੈ। ਇਹ ਸਿੱਖੀ ਮਹੱਲ ਦੇ ਦੋ ਮੂਲ ਥੰਮ੍ਹ ਹਨ, ਜਿਨ੍ਹਾਂ ਆਸਰੇ ਇਹ ਸਾਰੀ ਇਮਾਰਤ ਖੜ੍ਹੀ ਹੈ। ਸਿੱਖ ਜੀਵਨ ਦਾ ਉਦੇਸ਼ ਹੀ ਇਹ ਹੈ ਕਿ ਜਿੱਥੇ ਉਸ ਦੀ ਆਤਮਾ ਨੇ ਆਪਣੇ ਮੂਲ ਪਰਮਾਤਮਾ ਨਾਲ ਅਭੇਦਤਾ ਪ੍ਰਾਪਤ ਕਰਨੀ ਹੈ, ਉੱਥੇ ਸਾਰੇ ਮਨੁੱਖਾਂ ਨਾਲ ਵੀ ਏਕਤਾ ਅਤੇ ਸਾਂਝ ਦਾ ਵਰਤਾਰਾ ਵਰਤਾਉਣਾ ਹੈ। ਦਰਅਸਲ ਧਰਮ ਹੈ ਹੀ ਉਹ ਜੀਵਨ-ਜਾਚ ਜਿਸ ਦੁਆਰਾ ਮਨੁੱਖ ਨਾਲ ਰਿਸ਼ਤਾ ਪਰਪੱਕ ਹੁੰਦਾ ਹੈ। ਨਾਮ ਸਿਮਰਨ ਰਾਹੀਂ ਰੱਬ ਨਾਲ ਅਤੇ ਸੇਵਾ ਰਾਂਹੀ ਮਨੁੱਖ ਜਾਤੀ ਨਾਲ ਰਿਸ਼ਤਾ ਬੱਝਦਾ ਹੈ। ਧਰਮ ਦਾ ਅਸਲੀ ਪ੍ਰਕਾਸ਼ ਇਸ ਵਤੀਰੇ ਤੋਂ ਪ੍ਰਗਟ ਹੁੰਦਾ ਹੈ ਕਿ ਉਹ ਦੂਜਿਆਂ ਨਾਲ ਕਿਵੇਂ ਵਰਤਦਾ ਹੈ, 'ਸਰਬੱਤ ਦਾ ਭਲਾ' ਇਸ ਦੀ ਸੁੰਦਰ ਮੁੱਖ ਕਸੌਟੀ ਹੈ।"[੬]

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ 'ਨਾਮ' ਦੇ ਨਾਲ ਨਾਲ 'ਸੇਵਾ' ਨੂੰ ਵੀ ਉੱਤਮ ਦੱਸਿਆ ਗਿਆ ਹੈ। ਸੇਵਾ ਦੁਆਰਾ ਇੱਕ ਮਨੁੱਖ ਆਪਣੇ ਨਿੱਜਤਵ ਤੋਂ ਉੱਪਰ ਉੱਠ ਕੇ ਸਰਬੱਤ ਦੇ ਭਲੇ ਵਿਚ ਵਿਲੀਨ ਹੁੰਦਾ ਹੈ। ਇਸੇ ਲਈ ਗੁਰੂ ਸਾਹਿਬਾਨ ਨੇ ਸਿੱਖੀ ਦੀ ਮੂਲ 'ਰਹਿਤ' ਵਿਚ ਨਾਮ ਤੇ ਸੇਵਾ ਦਾ ਸੰਗਮ ਰਚਿਆ ਹੈ:

*ਸਤਗੁਰ ਕੀ ਸੇਵਾ ਗਾਖੜੀ ਸਿਰੁ ਦੀਜੈ ਆਪੁ ਗਵਾਇ॥*
*ਸਬਦਿ ਮਿਲਹਿ ਤਾ ਹਰਿ ਮਿਲੈ ਸੇਵਾ ਪਵੈ ਸਭ ਥਾਇ॥* *(ਪੰਨਾ ੨੭)*

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਚਰਨ ਦੀ ਸ਼ੁੱਧਤਾ ਲਈ ਜਿੱਥੇ ਨਾਮ ਸਿਮਰਨ ਨੂੰ ਵਿਸ਼ੇਸ਼ ਮੰਨਿਆ ਗਿਆ ਹੈ, ਉੱਥੇ ਹੀ ਸੇਵਾ ਉਸਾਰੂ ਅਮਲਾ ਵਿੱਚੋਂ ਮਹੱਤਵਪੂਰਨ ਹੈ। ਸੇਵਾ ਅਜਿਹਾ ਅਮਲ ਹੈ ਜਿਸ ਲਈ ਸਮਰਪਣ ਦੀ ਜ਼ਰੂਰਤ ਹੈ। ਸੇਵਾ ਲਈ ਸਵਾਰਥ ਨਹੀਂ, ਬਲਕਿ ਪ੍ਰੇਮ ਹੋਣਾ ਚਾਹੀਦਾ ਹੈ। ਤਨ, ਮਨ, ਧਨ ਨਾਲ ਕੀਤੀ ਸੇਵਾ ਹੀ ਪ੍ਰਵਾਨ ਚੜ੍ਹਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪ੍ਰਾਪਤ ਹੈ:

*-ਅਨਿਕ ਭਾਂਤਿ ਕਰਿ ਸੇਵਾ ਕਰੀਐ॥ ਜੀਉ ਪ੍ਰਾਨ ਧਨੁ ਆਗੈ ਧਰੀਐ॥*
*ਪਾਨੀ ਪਖਾ ਕਰਉ ਤਜਿ ਅਭਿਮਾਨੁ॥ ਅਨਿਕ ਬਾਰ ਜਾਈਐ ਕੁਰਬਾਨੁ॥*
*(ਪੰਨਾ ੩੯੧)*

*-ਨਾਨਕ ਸੇਵਕੁ ਸੋਈ ਆਖੀਐ ਜੋ ਸਿਰੁ ਧਰੇ ਉਤਾਰਿ॥*

*ਸਤਿਗੁਰ ਕਾ ਭਾਣਾ ਮੰਨਿ ਲਏ ਸਬਦੁ ਰਖੈ ਉਰ ਧਾਰਿ॥ (ਪੰਨਾ ੧੨੪੭)*

ਭਾਈ ਕਾਨ੍ਹ ਸਿੰਘ ਨਾਭਾ 'ਸੇਵਾ' ਬਾਰੇ ਲਿਖਦੇ ਹਨ ਕਿ "ਗੁਰਮਤਿ ਵਿਚ ਸੇਵਾ ਦਾ ਬਹੁਤ ਹੀ ਉੱਚ ਭਾਵ ਹੈ, ਜੋ ਹੋਰ ਕਿਸੇ ਮਤ ਵਿਚ ਨਹੀਂ ਵੇਖੀਦਾ। ਸਤਿਗੁਰੂ ਨੇ ਸਿੱਖ ਨੂੰ ਵਿਸ਼ਵ ਦਾ ਸੇਵਕ ਬਣਾਇਆ ਹੈ"[੭]

*ਮੈ ਬਧੀ ਸਚੁ ਧਰਮ ਸਾਲ ਹੈ॥ ਗੁਰਸਿਖਾ ਲਹਦਾ ਭਾਲਿ ਕੈ॥*
*ਪੈਰ ਧੋਵਾ ਪਖਾ ਫੇਰਦਾ ਤਿਸੁ ਨਿਵਿ ਨਿਵਿ ਲਗਾ ਪਾਇ ਜੀਉ॥ (ਪੰਨਾ ੭੩)*

ਸੇਵਾ ਤੋਂ ਬਿਨਾ ਮਨੁੱਖੀ ਜੀਵਨ ਦਾ ਮਨੋਰਥ ਪੂਰਾ ਨਹੀਂ ਹੁੰਦਾ। ਇਸੇ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਸ ਨੂੰ ਮਹੱਤਤਾ ਦਿੱਤੀ ਗਈ ਹੈ। ਡਾ. ਬਲਬੀਰ ਸਿੰਘ ਲਿਖਦੇ ਹਨ "ਸਿੱਖ ਸੰਤਾਂ ਨੇ ਸੇਵਾ ਨੂੰ ਇਖ਼ਲਾਕੀ ਪਹਿਲੂ ਤੋਂ ਹੀ ਨਹੀਂ ਗ੍ਰਹਿਣ ਕੀਤਾ, ਸਗੋਂ ਇਸ ਨੂੰ ਆਪਣੇ ਨਿੱਜੀ ਧਯਾਨੀ ਜੀਵਨ ਤੋਂ ਇਕ ਅਤਿ ਜ਼ਰੂਰੀ ਦਾਰਸ਼ਨਿਕ ਥੁੜ ਪੂਰਾ ਕਰਨਹਾਰਾ ਅਧਯਾਤਮਿਕ ਅੰਗ ਸਮਝ ਕੇ ਅਮਲੀ ਵਰਤੋਂ ਵਿਚ ਲਿਆਂਦਾ ਹੈ।"[੮] ਸੇਵਾ ਮਨੁੱਖ ਨੂੰ ਅੰਦਰੋਂ ਨਿਰਮਲ ਬਣਾ ਦਿੰਦੀ ਹੈ, ਕਿਉਂਕਿ ਸੇਵਾ ਪ੍ਰੇਮ ਤੋਂ ਬਿਨਾਂ ਨਹੀਂ ਕੀਤੀ ਜਾ ਸਕਦੀ। ਪ੍ਰੇਮ ਮਨੁੱਖ ਨੂੰ ਪਰਮਾਤਮਾ ਤਕ ਪਹੁੰਚਾਉਣ ਵਿਚ ਸਹਾਈ ਹੈ:

*ਸਾਚੁ ਕਹੋਂ ਸੁਨ ਲੇਹੁ ਸਭੈ*
ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ॥ *(ਅਕਾਲ ਉਸਤਤ)*

ਪ੍ਰੇਮ ਬਿਨਾਂ ਕੀਤੀ ਸੇਵਾ ਸਵਾਰਥ ਹਿੱਤ ਹੀ ਹੋ ਸਕਦੀ ਹੈ ਅਜਿਹੀ ਸੇਵਾ ਪ੍ਰਵਾਨ ਨਹੀਂ ਚੜ੍ਹਦੀ। ਪ੍ਰੇਮ ਨਾਲ ਕੀਤੀ ਸੇਵਾ ਹੀ ਮਨੁੱਖ ਨੂੰ ਪਰਮਾਤਮਾ ਦੇ ਦਰ ਤੇ ਪਹੁੰਚਾ ਸਕਦੀ ਹੈ:

*ਵਿਚਿ ਦੁਨੀਆ ਸੇਵ ਕਮਾਈਐ॥ ਤਾ ਦਰਗਹ ਬੈਸਣੁ ਪਾਈਐ॥ (ਪੰਨਾ ੨੫)*

ਅਤੇ ਫਿਰ ਪਰਮਾਤਮਾ ਵੀ ਆਪਣੇ ਸੇਵਕਾਂ ਦੀ ਰੱਖਿਆ ਕਰਦਾ ਹੈ:

*ਅਪੁਨੇ ਸੇਵਕ ਕੀ ਆਪੇ ਰਾਖੈ ਆਪੇ ਨਾਮੁ ਜਪਾਵੈ॥*
*ਜਹ ਜਹ ਕਾਜ ਕਿਰਤਿ ਸੇਵਕ ਕੀ ਤਹਾ ਤਹਾ ਉਠਿ ਧਾਵੈ॥ (ਪੰਨਾ ੪੦੩)*

ਇੱਕ ਮਨੁੱਖ ਦੀ ਆਤਮਿਕ ਉਨਤੀ ਵਿਚ ਸਦਗੁਣ ਸਹਾਇਕ ਹੁੰਦੇ ਹਨ, ਕਿਉਂਕਿ ਇਹ ਮਨੁੱਖ ਨੂੰ ਅਧਿਆਤਮਿਕ ਸੰਪੂਰਨਤਾ ਤਕ ਲੈ ਜਾਂਦੇ ਹਨ। ਡਾ. ਜਗਬੀਰ ਸਿੰਘ ਲਿਖਦੇ ਹਨ, "ਗੁਰੂ ਨਾਨਕ ਅਨੁਸਾਰ ਸਤਿ, ਸੰਤੋਖ, ਗਿਆਨ, ਦਇਆ, ਧਰਮ, ਖਿਮਾ, ਨਿਮਰਤਾ, ਪ੍ਰੇਮ, ਸੇਵਾ ਅਨੇਕਾਂ ਹੀ ਨੈਤਿਕ ਗੁਣ ਹਨ ਜਿਨ੍ਹਾਂ ਨੂੰ ਧਾਰਨ ਕੀਤੇ ਬਿਨਾਂ ਕੋਈ ਵੀ ਆਦਰਸ਼ ਮਨੁੱਖ ਦੀ ਪਦਵੀ ਪ੍ਰਾਪਤ ਨਹੀਂ ਕਰ ਸਕਦਾ। ਇਹ ਮਨੁੱਖੀ ਚਰਿੱਤਰ ਦੀਆਂ ਸੰਚਾਲਕ ਸ਼ਕਤੀਆਂ ਹਨ ਜੋ ਵਿਅਕਤੀ ਨੂੰ ਨੈਤਿਕ ਅਗਵਾਈ ਦਿੰਦੀਆਂ ਹਨ। ਵਿਅਕਤੀ ਦੇ ਨੈਤਿਕ ਜੀਵਨ ਵਿਚ ਵਿਘਨ ਬਣਨ ਵਾਲੇ ਅਵਗੁਣ ਹਨ-ਕੂੜ, ਹਿੰਸਾ, ਹਉਮੈਂ, ਹਠ, ਕਪਟ, ਕਾਮ, ਕ੍ਰੋਧ, ਲੋਭ,

ਮੋਹ, ਚੁਗ਼ਲੀ, ਠੱਗੀ, ਦੰਭ, ਵੈਰ, ਵਿਰੋਧ ਆਦਿ। ਮਨੁੱਖੀ ਚਰਿੱਤਰ ਵਿਚ ਇਨ੍ਹਾਂ ਦੀ ਹੋਂਦ ਨੈਤਿਕ ਪਤਨ ਦਾ ਕਾਰਨ ਬਣਦੀ ਹੈ ਇਸ ਲਈ ਇਨ੍ਹਾਂ ਅਵਗੁਣਾ ਨੂੰ ਦੂਰ ਕਰਨ ਲਈ ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਅਨੇਕਾਂ ਸਥਾਨਾਂ ਤੇ ਪ੍ਰਤੱਖ ਸੰਕੇਤ ਕੀਤੇ ਹਨ"[੯] ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪ੍ਰਾਪਤ ਇਹ ਸਦਗੁਣ ਮਨੁੱਖ ਦੀ ਰਹਿਣੀ ਨੂੰ ਨਿਰਧਾਰਿਤ ਕਰਦੇ ਹਨ। ਇਨ੍ਹਾਂ ਅਨੁਸਾਰ ਜੀਵਨ ਜਿਊਣਾ ਹੀ ਆਦਰਸ਼ਕ ਜੀਵਨ ਹੈ। ਇਸੇ ਲਈ ਖਿਮਾ, ਨਿਮਰਤਾ, ਪਰਉਪਕਾਰ, ਸਦਾਚਾਰ, ਸੰਤੋਖ ਆਦਿ ਇਨਸਾਨ ਦੀ ਆਤਮਿਕ ਉੱਨਤੀ ਵਿਚ ਮਦਦਗਾਰ ਹੁੰਦੇ ਹਨ। ਇਹੀ ਮਨੁੱਖ ਨੂੰ ਨਿਰਮਲ ਬਣਾਉਣ ਵਿਚ ਸਹਾਇਕ ਬਣਦੇ ਹਨ। ਸ. ਪਿਆਰਾ ਸਿੰਘ ਪਦਮ ਲਿਖਦੇ ਹਨ, "ਸਿੱਖ ਨੇ ਵਿਅਕਤੀਗਤ ਤੌਰ ਅਤੇ ਸਮਾਜਿਕ ਤੌਰ 'ਤੇ ਉਮਰ ਭਰ ਅਜਿਹੀ ਜੀਵਨ-ਜਾਚ ਦਾ ਅਭਿਆਸ ਕਰਦੇ ਰਹਿਣਾ ਹੈ ਜਿਸ ਦੁਆਰਾ ਸਿਮਰਨ, ਸੇਵਾ, ਸੰਤੋਖ, ਗਿਆਨ, ਦਯਾ, ਸੰਜਮ, ਖਿਮਾ, ਨਿਮਰਤਾ, ਤਿਆਗ, ਪਰਉਪਕਾਰ, ਰਜ਼ਾ ਤੇ ਭਾਣਾ ਆਦਿ ਗੁਣ ਪੈਦਾ ਹੋਣ ਅਤੇ ਕਾਮ ਕ੍ਰੋਧ, ਲੋਭ, ਮੋਹ, ਅਹੰਕਾਰ, ਹਉਮੈਂ, ਮਮਤਾ, ਤ੍ਰਿਸ਼ਨਾ, ਈਰਖਾ, ਬਖ਼ੀਲੀ, ਨਿੰਦਾ, ਚੁਗ਼ਲੀ, ਵੈਰ-ਵਿਰੋਧ ਆਦਿ ਔਗੁਣ ਨਾ ਰਹਿਣ। ਸਾਰੇ ਧਰਮ-ਕਰਮਾਂ ਦਾ ਸਾਰ ਇਹੋ ਹੈ।"[੧੦] ਇਹ ਸਾਰੇ ਗੁਣ ਮਨੁੱਖ ਵਾਸਤੇ ਉਸ ਦੀ ਮੰਜ਼ਿਲ ਤਕ ਪਹੁੰਚਣ ਲਈ ਸਹਾਈ ਹਨ।

ਅਜਿਹਾ ਵਿਅਕਤੀ ਹਮੇਸ਼ਾ ਪਰਉਪਕਾਰ ਲਈ ਤਤਪਰ ਰਹਿੰਦਾ ਹੋਇਆ ਨਿੱਜ ਤੋਂ ਸਰਬੱਤ ਦੇ ਭਲੇ ਵਿਚ ਲੀਨ ਹੁੰਦਾ ਹੈ। ਪਰਉਪਕਾਰ ਉਹ ਹੀ ਕਰ ਸਕਦਾ ਹੈ ਜਿਸ ਅੰਦਰ ਪ੍ਰੇਮ ਹੋਵੇ, ਤੜਪ ਹੋਵੇ, ਸੇਵਾ ਦਾ ਜਜ਼ਬਾ ਹੋਵੇ, ਕੁਰਬਾਨੀ ਦਾ ਚਾਅ ਹੋਵੇ। ਇਸ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਬਾਰ-ਬਾਰ ਉਨ੍ਹਾਂ ਸਾਰੇ ਗੁਣਾਂ ਨੂੰ ਜੀਵਨ ਵਿਚ ਦ੍ਰਿੜ੍ਹ ਕਰਨ ਦੀ ਤਾਕੀਦ ਕੀਤੀ ਗਈ ਹੈ ਜੋ ਮਨੁੱਖ ਦੀ ਉੱਨਤੀ ਲਈ ਸਹਾਈ ਹਨ। ਡਾ. ਬਲਬੀਰ ਸਿੰਘ ਲਿਖਦੇ ਹਨ, "ਸਰਬੱਤ ਦੇ ਭਾਵ ਵਿਚ ਲੀਨ ਹੁੰਦਿਆਂ ਹੀ ਸਾਡੇ ਉਹ ਸਾਰੇ ਨੁਕਸ ਦੂਰ ਹੋ ਜਾਂਦੇ ਹਨ ਜੋ ਸਾਡੇ ਛੋਟੇਪਨ ਕਰਕੇ ਹਨ। ਸਾਡਾ ਨਿਕਾਰਾਪਨ, ਸਾਡਾ ਛੁਟਦਿਲਾਪਨ, ਸਾਡਾ ਵੱਖਰਾਪਨ, ਇਨ੍ਹਾਂ ਸਭਨਾਂ ਤੋਂ ਐਸ ਤਰ੍ਹਾਂ ਖਹਿੜਾ ਛੁੱਟ ਜਾਂਦਾ ਹੈ ਤੇ ਮਨੁੱਖ ਇਸ ਤਰ੍ਹਾਂ ਇਨ੍ਹਾਂ ਤੋਂ ਉੱਪਰ ਹੋ ਜਾਂਦਾ ਹੈ ਜਿਸ ਤਰ੍ਹਾਂ ਉਸ ਦੇ ਵੱਡੇ ਹੁੰਦਿਆਂ ਹੀ ਪੁਰਾਣੇ ਕੱਪੜੇ ਛੋਟੇ ਹੋ ਗਏ ਸਨ। ਏਸੇ ਦਾ ਨਾਮ ਚੜ੍ਹਦੀ ਕਲਾ ਹੈ ਜੋ ਸਰਬੱਤ ਦੇ ਭਲੇ ਦੀ ਭਾਵ ਲੀਨਤਾ ਤੋਂ ਤੱਤ ਖਿਣ ਪ੍ਰਾਪਤ ਹੁੰਦੀ ਹੈ।"[੧੧] ਮਨੁੱਖ ਦੇ ਆਤਮਿਕ ਵਿਕਾਸ ਵਾਸਤੇ ਇਹ ਸਭ ਸਹਾਈ ਹਨ ਅਤੇ ਉਹ ਸਹਿਜੇ ਹੀ ਉਨ੍ਹਾਂ ਸਾਰੇ ਅਉਗਣਾਂ ਤੋਂ ਅਡੋਲ ਹੀ ਸਰਕ ਜਾਂਦਾ ਹੈ। ਇਹੀ ਗੁਰਬਾਣੀ ਦਾ ਆਸ਼ਾ ਹੈ ਉਸ ਨੇ ਇੱਕ ਮਨੁੱਖ ਨੂੰ ਗੁਰਮੁਖ ਬਣਾਉਣਾ ਹੈ। ਇਹ ਹਿਊਮਨ ਬੀਇੰਗ ਤੋਂ ਬੀਇੰਗ ਹਿਊਮਨ (Human Being to Being Human) ਦਾ ਸਫ਼ਰ ਹੈ, ਜਿਸ ਲਈ ਗੁਰਬਾਣੀ ਦਿਸ਼ਾ-ਨਿਰਦੇਸ਼ ਦਿੰਦੀ ਹੈ।

---

ਗੁਰਮੁਖ ਬਣਨਾ ਹੀ ਇੱਕ ਮਨੁੱਖ ਦਾ ਅਸਲ ਆਦਰਸ਼ ਹੈ। ਇਸ ਪਦਵੀ ਨੂੰ ਪ੍ਰਾਪਤ ਕਰਨ ਲਈ ਸੰਸਾਰਿਕ ਪੱਧਰ 'ਤੇ ਕਾਰਜ ਕਰਦਿਆਂ ਆਤਮਿਕ ਪੱਧਰ ਨੂੰ ਬਲਵਾਨ ਬਣਾਉਂਦਾ ਹੈ। ਡਾ. ਬਲਬੀਰ ਸਿੰਘ ਲਿਖਦੇ ਹਨ, "ਸਹਿਜ ਦੇ ਤਰੀਕੇ ਨਾਲ ਉੱਨਤ ਹੋਣਾ, ਇਹ ਵਿਗਾਸ ਮਾਰਗ ਹੈ, ਉੱਨਤ ਹੋਇਆ ਮਨੁੱਖ ਆਪਣੀਆਂ ਕਮਜ਼ੋਰੀਆਂ ਦੀ ਕੁੰਜ ਵਿੱਚੋਂ ਅਡੋਲ ਸਰਕ ਜਾਂਦਾ ਹੈ। ਗੁਰਮੁਖ ਦਾ ਨਿਸ਼ਾਨਾ ਸੱਚ ਦੀ ਤਲਾਸ਼ ਹੈ, ਜਿਸ ਦੇ ਦ੍ਰਿਸ਼ ਵਿਚ ਰਚ ਕੇ ਉਹ ਸੰਸਾਰੀ ਕੂੜ ਤੋਂ ਉੱਪਰ ਹੋ ਜਾਂਦਾ ਹੈ"[੧੨] ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅਜਿਹੇ ਵਿਚਾਰ ਪ੍ਰਾਪਤ ਹਨ ਜੋ ਮਨੁੱਖ ਦੀ ਸ਼ਖ਼ਸੀਅਤ ਨੂੰ ਉਸਾਰਨ ਵਿਚ ਅਹਿਮ ਭੂਮਿਕਾ ਨਿਭਾਉਂਦੇ ਹਨ। ਇਸ ਰਾਹ 'ਤੇ ਚੱਲ ਕੇ ਕੋਈ ਵੀ ਵਿਅਕਤੀ ਉਸ ਸਥਾਨ ਨੂੰ ਹਾਸਲ ਕਰ ਸਕਦਾ ਹੈ ਜਿਸ ਲਈ ਉਹ ਇਸ ਸੰਸਾਰ ਵਿਚ ਆਇਆ ਹੈ। ਇਸ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੱਚੀ ਰਹਿਤ ਨੂੰ ਆਪਣੇ ਜੀਵਨ ਵਿਚ ਦ੍ਰਿੜ੍ਹ ਕਰਨ ਦੇ ਵਿਚਾਰ ਪ੍ਰਾਪਤ ਹੁੰਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਇਸ ਦੀ ਰਹਿਨੁਮਾਈ ਕਰਦੇ ਹੋਏ ਮਨੁੱਖ ਨੂੰ ਆਪਣੇ ਅੰਦਰ ਸੱਚੀ ਰਹਿਤ ਨੂੰ ਧਾਰਨ ਕਰਨ ਦੀ ਸਿੱਖਿਆ ਦਿੰਦੇ ਹੋਏ ਸੰਤੁਲਿਤ ਜੀਵਨ ਜਿਊਣ ਦਾ ਰਾਹ ਦੱਸਦੇ ਹਨ।

**ਹਵਾਲੇ ਅਤੇ ਟਿੱਪਣੀਆਂ**

੧. ਭਾਈ ਕਾਨ੍ਹ ਸਿੰਘ ਨਾਭਾ, *ਗੁਰਸ਼ਬਦ ਰਤਨਾਕਰ ਮਹਾਨ ਕੋਸ਼,* ਭਾਸ਼ਾ ਵਿਭਾਗ, ਪੰਜਾਬ, ਛੇਵੀਂ ਵਾਰ, ੧੯੯੯, ਪੰਨਾ ੧੦੧੫.

੨. ਸ. ਦਰਸ਼ਨ ਸਿੰਘ ਖਾਲਸਾ, 'ਮੁਖ ਬੰਦ', *ਦਰਪਣ ਸਿੱਖ ਰਹਿਤ ਮਰਯਾਦਾ,* ਗੁਰਬਖਸ਼ ਸਿੰਘ ਗੁਲਸ਼ਨ, ਖਾਲਸਾ ਪ੍ਰਚਾਰਕ ਜਥਾ, ਯੂ.ਕੇ., ਤੀਜੀ ਵਾਰ, ੨੦੧੧, ਪੰਨਾ ੨੪.

੩. ਪਿਆਰਾ ਸਿੰਘ ਪਦਮ (ਸੰਪਾ), *ਰਹਿਤਨਾਮੇ,* ਸਿੰਘ ਬ੍ਰਦਰਜ਼, ਸ੍ਰੀ ਅੰਮ੍ਰਿਤਸਰ ਸਾਹਿਬ, ਛੇਵੀਂ ਵਾਰ, ੧੯੯੫, ਪੰਨਾ ੧੨.

੪. ਸ. ਬਲਬੀਰ ਸਿੰਘ, *ਕਲਮ ਦੀ ਕਰਾਮਾਤ,* ਖਾਲਸਾ ਸਮਾਚਾਰ, ਸ੍ਰੀ ਅੰਮ੍ਰਿਤਸਰ ਸਾਹਿਬ ੧੯੯੯, ਪੰਨਾ ੨੨੨.

੫. ਕਰਨਲ ਜਸਵੰਤ ਸਿੰਘ (ਮਰਵਾਹ), *ਸਿੱਖੀ ਕੀ ਹੈ,* ਡਿਫੈਂਸ ਕਲੋਨੀ, ਨਵੀਂ ਦਿੱਲੀ, ੧੯੯੧, ਪੰਨਾ ੧੮੧.

੬. ਪਿਆਰਾ ਸਿੰਘ ਪਦਮ (ਸੰਪਾ), *ਰਹਿਤਨਾਮੇ,* ਪੰਨਾ ੧੪.

੭. ਭਾਈ ਕਾਨ੍ਹ ਸਿੰਘ ਨਾਭਾ, *ਗੁਰਮਤ ਮਾਰਤੰਡ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ, ਚੌਥੀ ਵਾਰ, ੧੯੯੮, ਪੰਨਾ ੧੮੬.

੮. ਸ. ਬਲਬੀਰ ਸਿੰਘ, *ਲੰਮੀ ਨਦਰ, ਖਾਲਸਾ ਸਮਾਚਾਰ,* ਸ੍ਰੀ ਅੰਮ੍ਰਿਤਸਰ ਸਾਹਿਬ, ਦੂਜੀ ਵਾਰ, ੧੯੭੫, ਪੰਨਾ ੭੩.

੯. ਸ. ਜਗਬੀਰ ਸਿੰਘ, *ਗੁਰੂ ਨਾਨਕ ਬਾਣੀ ਵਿਚ ਨੈਤਿਕਤਾ ਦਾ ਸੰਕਲਪ,* ਭਾਸ਼ਾ ਵਿਭਾਗ, ਪੰਜਾਬ, ੧੯੭੩, ਪੰਨਾ ੧੮੬.

੧੦. ਪਿਆਰਾ ਸਿੰਘ ਪਦਮ (ਸੰਪਾ), *ਰਹਿਤਨਾਮੇ,* ਪੰਨਾ ੧੭.

੧੧. ਸ. ਬਲਬੀਰ ਸਿੰਘ, *ਲੰਮੀ ਨਦਰ,* ਪੰਨਾ ੫੭.

੧੨. ਸ. ਬਲਬੀਰ ਸਿੰਘ, *ਕਲਮ ਦੀ ਕਰਾਮਾਤ,* ਪੰਨਾ ੩੨੧.

■

# ਸੈਲੂਲਰ ਜੇਲ੍ਹ ਅੰਡੇਮਾਨ: ਪੰਜਾਬ ਦੇ ਸੁਤੰਤਰਤਾ ਸੰਗਰਾਮੀ

*-ਡਾ. ਪਰਮਵੀਰ ਸਿੰਘ**

ਸੈਲੂਲਰ ਜੇਲ੍ਹ ਭਾਰਤ ਦੇ ਅਜ਼ਾਦੀ ਪ੍ਰਵਾਨਿਆਂ 'ਤੇ ਹੁੰਦੇ ਜ਼ੁਲਮਾਂ ਦਾ ਚਿੰਨ੍ਹ ਬਣ ਕੇ ਸਾਹਮਣੇ ਆਈ ਹੈ। ਕੈਦੀਆਂ ਨੂੰ ਇੱਥੇ ਲਿਆ ਕੇ ਕੀਤੇ ਜਾਂਦੇ ਜ਼ੁਲਮ ਇਤਿਹਾਸ ਦਾ ਹਿੱਸਾ ਹਨ ਅਤੇ ਜਦੋਂ ਇਹ ਜਾਣਕਾਰੀ ਭਾਰਤ ਦੇ ਲੋਕਾਂ ਤਕ ਪਹੁੰਚੀ ਤਾਂ ਸਰਕਾਰ ਨੂੰ ਦੇਸ਼-ਵਿਦੇਸ਼ ਵਿਚ ਲੋਕ-ਰੋਹ ਦਾ ਸਾਹਮਣਾ ਕਰਨਾ ਪਿਆ ਸੀ। ਜ਼ੁਲਮ ਦਾ ਸ਼ਿਕਾਰ ਉਹ ਭਾਰਤੀ ਸਨ, ਜਿਹੜੇ ਜਲਾਲਤ ਤੋਂ ਮੁਕਤੀ ਪ੍ਰਾਪਤ ਕਰਨ ਲਈ ਸੰਘਰਸ਼ ਕਰ ਰਹੇ ਸਨ। ਪੰਜਾਬ ਦੇ ਲੋਕਾਂ ਅਤੇ ਵਿਸ਼ੇਸ਼ ਤੌਰ 'ਤੇ ਸਿੱਖਾਂ ਨੇ ਇਸ ਸੰਘਰਸ਼ ਵਿਚ ਮੋਹਰੀ ਭੂਮਿਕਾ ਨਿਭਾਈ ਸੀ। ਜਿਹੜਾ ਵਿਤਕਰਾ ਭਾਰਤ ਦੇ ਵਿਭਿੰਨ ਇਲਾਕਿਆਂ ਵਿਚ ਵੱਸਦੇ ਸ਼ੂਦਰਾਂ ਨਾਲ ਕੀਤਾ ਜਾਂਦਾ ਸੀ, ਉਸੇ ਤਰ੍ਹਾਂ ਦੇ ਵਿਤਕਰੇ ਦਾ ਸਾਹਮਣਾ ਭਾਰਤੀਆਂ ਨੂੰ ਉਸ ਸਮੇਂ ਕਰਨਾ ਪੈਂਦਾ ਸੀ ਜਦੋਂ ਉਹ ਰੇਲਾਂ, ਹੋਟਲਾਂ, ਕਲੱਬਾਂ, ਅਦਾਲਤਾਂ, ਥਾਣਿਆਂ ਆਦਿ ਵਿਖੇ ਜਾਂਦੇ ਸਨ।

ਅੰਗਰੇਜ਼ ਸਰਕਾਰ ਦੇ ਯੂਰਪ ਵਿਖੇ ਕਾਬਜ਼ ਦੇਸ਼ਾਂ ਦੇ ਲੋਕਾਂ ਅਤੇ ਭਾਰਤੀਆਂ ਲਈ ਵੱਖੋ-ਵੱਖਰੇ ਕਾਨੂੰਨ ਸਨ। ਝੋਲੀ-ਝੁਕ, ਚਾਪਲੂਸ ਅਤੇ ਸਵਾਰਥਾਂ ਦੀ ਪੂਰਤੀ ਤਕ ਸੀਮਿਤ ਭਾਰਤੀ ਤਾਂ ਇਸ ਨੂੰ ਅਣਗੌਲਿਆਂ ਕਰ ਦਿੰਦੇ ਸਨ, ਪਰ ਅਣਖੀਲੇ ਅਤੇ ਸੂਰਮਗਤੀ ਵਿਚ ਵਿਸ਼ਵਾਸ ਰੱਖਣ ਵਾਲਿਆਂ ਲਈ ਅਜਿਹਾ ਸਭ ਕੁਝ ਸਹਿਣ ਕਰਨਾ ਮੁਸ਼ਕਿਲ ਸੀ। ਦੇਸ਼-ਵਿਦੇਸ਼ ਵਿਚ ਰਹਿਣ ਵਾਲੇ ਭਾਰਤੀ ਜਦੋਂ ਅਜਿਹੇ ਵਿਤਕਰਿਆਂ ਦਾ ਸਾਹਮਣੇ ਕਰਦੇ ਸਨ ਤਾਂ ਉਨ੍ਹਾਂ ਦਾ ਖ਼ੂਨ ਖੌਲ ਉਠਦਾ ਸੀ। ਵਿਦੇਸ਼ਾਂ ਵਿਚ ਰਹਿੰਦੇ ਭਾਰਤੀ ਵੀ ਇਹ ਮਹਿਸੂਸ ਕਰਨ ਲੱਗੇ ਸਨ ਕਿ ਉਨ੍ਹਾਂ ਨਾਲ ਵਿਦੇਸ਼ਾਂ ਵਿਚ ਵਿਤਕਰਾ ਸ਼ਾਇਦ ਇਸ ਕਾਰਨ ਵਧੇਰੇ ਹੁੰਦਾ ਹੈ ਕਿਉਂਕਿ ਉਨ੍ਹਾਂ ਦਾ ਦੇਸ਼ ਗ਼ੁਲਾਮ ਹੈ। ਇਸ ਦੇ ਨਾਲ ਹੀ ਉਹ ਵਤਨੀਂ ਵੱਸਦੇ ਆਪਣੇ ਭਾਰਤੀ ਭਾਈਚਾਰੇ ਨਾਲ ਵੀ ਹਮਦਰਦੀ ਰੱਖਦੇ ਸਨ ਜਿਨ੍ਹਾਂ ਨੂੰ ਵਗਾਰ ਲਈ ਲੈ ਜਾਣ ਦੇ ਨਾਲ-ਨਾਲ ਉਨ੍ਹਾਂ 'ਤੇ ਅਣਮਨੁੱਖੀ ਤਸੀਹੇ ਕੀਤੇ ਜਾਂਦੇ ਸਨ। ਭਾਰਤ ਦੇ ਲੋਕ ਅੰਗਰੇਜ਼ਾਂ ਦੀ ਗ਼ੁਲਾਮੀ ਤੋਂ ਤੰਗ ਆ ਕੇ ਅਜ਼ਾਦੀ ਲਈ ਜ਼ੋਰ ਮਾਰਨ ਲੱਗੇ ਸਨ। ਗ਼ੁਲਾਮੀ ਦੇ ਅਹਿਸਾਸ ਨੇ ਵਿਦੇਸ਼ਾਂ ਵਿਚ ਵੱਸਦੇ ਭਾਰਤੀਆਂ ਨੂੰ ਇਕ ਪਲੇਟਫਾਰਮ 'ਤੇ ਇਕੱਤਰ ਕਰ ਦਿੱਤਾ ਸੀ। ਇਸ ਭਾਵਨਾ ਨੇ ਸਾਰਿਆਂ ਨੂੰ ਹਿੰਦੂ, ਮੁਸਲਿਮ, ਸਿੱਖ, ਈਸਾਈ, ਜਾਤ-ਪਾਤ, ਊਚ-ਨੀਚ, ਭੂਗੋਲਿਕ ਖ਼ਿੱਤੇ, ਪਾਰਟੀ ਅਤੇ ਨਿੱਜੀ-ਸਵਾਰਥ ਆਦਿ ਤੋਂ ਮੁਕਤ ਕਰ ਦਿੱਤਾ ਸੀ। ਸਾਰੇ ਇਕ-ਦੂਜੇ ਦੇ ਭਾਈਵਾਲ, ਸਹਿਯੋਗੀ, ਮਿੱਤਰ, ਵਿਸ਼ਵਾਸਪਾਤਰ ਆਦਿ ਬਣ ਕੇ ਅਜ਼ਾਦੀ ਲਈ ਸਾਂਝੇ ਤੌਰ 'ਤੇ ਸੰਘਰਸ਼ ਕਰਨ ਲੱਗੇ ਸਨ। ਸਭ ਦੇ ਮਨ ਵਿਚ ਸਿਰਫ਼ ਭਾਰਤ ਦੀ ਅਜ਼ਾਦੀ ਦਾ ਸੁਫ਼ਨਾ ਹੀ ਪ੍ਰਫੁਲਿਤ ਹੋ ਗਿਆ ਸੀ।

**ਸਿੱਖ ਵਿਸ਼ਵਕੋਸ਼ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ। ਮੋ: +੯੧੯੮੭੨੦-੭੪੩੨੨*

ਭਾਰਤੀਆਂ ਦੇ ਮਨ ਵਿਚ ਪੈਦਾ ਹੋਈ ਅਜ਼ਾਦੀ ਦੀ ਭਾਵਨਾ ਨੇ ਬਰਤਾਨਵੀ ਸਾਮਰਾਜ ਦਾ ਵਿਰੋਧ ਕਰਨ ਵਾਲਿਆਂ ਨੂੰ ਇਕਜੁੱਟ ਕਰ ਦਿੱਤਾ ਸੀ। ਜਿਹੜੇ ਦੇਸ਼ਾਂ ਦੀਆਂ ਸਰਕਾਰਾਂ ਨਾਲ ਅੰਗਰੇਜ਼ਾਂ ਦਾ ਵਿਰੋਧ ਸੀ, ਉਹ ਭਾਰਤੀਆਂ ਨੂੰ ਉਨ੍ਹਾਂ ਵਿਰੁੱਧ ਉਕਸਾਉਣ ਦਾ ਯਤਨ ਕਰਨ ਲੱਗੀਆਂ ਸਨ। ਇਸੇ ਯਤਨ ਵਜੋਂ ਭਾਰਤ ਵਿਰੋਧੀ ਬਹੁਤ ਸਾਰੀਆਂ ਨਵੀਆਂ ਜਥੇਬੰਦੀਆਂ ਹੋਂਦ ਵਿਚ ਆ ਗਈਆਂ ਸਨ। ਪਹਿਲੀ ਸੰਸਾਰ ਜੰਗ ਤੋਂ ਛੇਤੀ ਪਹਿਲਾਂ ਹੋਂਦ ਵਿਚ ਆਈਆਂ ਜਥੇਬੰਦੀਆਂ ਅਤੇ ਪਾਰਟੀਆਂ ਦਾ ਇੱਕੋ ਮਨੋਰਥ ਦੇਸ਼ ਨੂੰ ਅਜ਼ਾਦ ਕਰਾਉਣਾ ਸੀ। ੧੯੧੪ ਈ. ਵਿਚ 'ਇੰਟਰਨੈਸ਼ਨਲ ਪ੍ਰੋ-ਇੰਡੀਅਨ ਕਮੇਟੀ' ਜਰਮਨ ਵਿਚ ਸਾਹਮਣੇ ਆਈ ਜਿਸ ਨੂੰ ਅੰਗਰੇਜ਼ ਸਰਕਾਰ ਵਿਰੋਧੀ ਸਾਹਿਤ ਛਾਪਣ ਦੀ ਪ੍ਰਵਾਨਗੀ ਦਿੱਤੀ ਗਈ। ਜਰਮਨ ਸਰਕਾਰ ਨੇ ਸੰਘਰਸ਼ ਕਰਨ ਵਾਲੇ ਭਾਰਤੀਆਂ ਨੂੰ ਹਥਿਆਰ ਵੀ ਦਿੱਤੇ ਸਨ। ਇਸੇ ਤਰ੍ਹਾਂ ਅਮਰੀਕਾ ਵਿਖੇ ਹੋਂਦ ਵਿਚ ਆਈ 'ਗ਼ਦਰ ਪਾਰਟੀ' ਦੀਆਂ ਸ਼ਾਖ਼ਾਵਾਂ ਕਈ ਦੇਸ਼ਾਂ ਵਿਚ ਖੋਲੀਆਂ ਗਈਆਂ। 'ਇੰਡੀਅਨ ਨੈਸ਼ਨਲ ਪਾਰਟੀ' ਵੀ ਦੇਸ਼ ਦੀ ਅਜ਼ਾਦੀ ਲਈ ਸੰਘਰਸ਼ ਕਰਨ ਵਾਲੇ ਭਾਰਤੀਆਂ ਦੀ ਜਥੇਬੰਦੀ ਵਜੋਂ ਕਾਰਜ ਕਰ ਰਹੀ ਸੀ। ਇਨ੍ਹਾਂ ਜਥੇਬੰਦੀਆਂ ਦੇ ਵੱਖ-ਵੱਖ ਦੇਸ਼ਾਂ ਵਿਚ ਮੌਜੂਦ ਮੈਂਬਰਾਂ ਨੂੰ ਹਥਿਆਰ ਅਤੇ ਸਾਹਿਤ ਪਹੁੰਚਾਉਣ ਦਾ ਕਾਰਜ ਕੀਤਾ ਜਾ ਰਿਹਾ ਸੀ। ਭਾਰਤ ਦੇ ਅੰਦਰ ਸੰਘਰਸ਼ ਕਰ ਰਹੇ ਲੋਕਾਂ ਨੂੰ ਬਾਹਰੋਂ ਸਹਾਇਤਾ ਮਿਲਣ ਨਾਲ ਉਹ ਵਧੇਰੇ ਉਤਸ਼ਾਹਿਤ ਅਤੇ ਮਜ਼ਬੂਤ ਮਹਿਸੂਸ ਕਰ ਰਹੇ ਸਨ। ਜਿਹੜੇ ਦੇਸ਼ ਅੰਗਰੇਜ਼ਾਂ ਦੇ ਨਾਲ ਸਨ, ਉੱਥੇ ਵੱਸਦੇ ਭਾਰਤੀ ਲੁਕਵੇਂ ਢੰਗ ਨਾਲ ਦੇਸ਼ ਦੀ ਅਜ਼ਾਦੀ ਲਈ ਯਤਨਸ਼ੀਲ ਸਨ। ਜਿਹੜੇ ਫੜੇ ਜਾਂਦੇ ਸਨ, ਉਨ੍ਹਾਂ ਨਾਲ ਅਣਮਨੁੱਖੀ ਵਿਹਾਰ ਕੀਤਾ ਜਾਂਦਾ ਸੀ। ਅਜਿਹੇ ਵਿਹਾਰ ਨੇ ਵੀ ਭਾਰਤੀਆਂ ਨੂੰ ਦਬਾਉਣ ਦੀ ਬਜਾਏ ਹੋਰੇ ਵਧੇਰੇ ਦ੍ਰਿੜ੍ਹ ਕਰ ਦਿੱਤਾ ਸੀ। ਅਜਿਹੇ ਦੇਸ਼ਾਂ ਵਿਚੋਂ ਜਿਹੜੇ ਅਜ਼ਾਦੀ ਦੇ ਪ੍ਰਵਾਨੇ ਭਾਰਤ ਆ ਕੇ ਹਿੱਸਾ ਲੈ ਰਹੇ ਸਨ, ਉਹ ਆਪਣੀ ਜ਼ਮੀਨ-ਜਾਇਦਾਦ ਵੇਚ ਦਿੰਦੇ ਸਨ।

ਉੱਤਰੀ ਭਾਰਤ ਵਿਚ ਪੰਜਾਬ ਅਤੇ ਪੂਰਬੀ ਭਾਰਤ ਵਿਚ ਬੰਗਾਲ ਦੋ ਅਜਿਹੇ ਇਲਾਕੇ ਸਨ ਜਿੱਥੋਂ ਦੇ ਲੋਕਾਂ ਨੇ ਅੰਗਰੇਜ਼ਾਂ ਦੀਆਂ ਨੀਤੀਆਂ ਦਾ ਹਰ ਤਰ੍ਹਾਂ ਨਾਲ ਡਟਵਾਂ ਵਿਰੋਧ ਕਰਨਾ ਅਰੰਭ ਕਰ ਦਿੱਤਾ ਸੀ। ਕਿਤੇ-ਕਿਤੇ ਇਹ ਅੰਦੋਲਨ ਹਿੰਸਕ ਰੂਪ ਵੀ ਧਾਰਨ ਕਰ ਗਿਆ ਸੀ। ਅਜ਼ਾਦੀ ਦੇ ਅੰਦੋਲਨ ਦਾ ਮੁਕਾਬਲਾ ਕਰਨ ਲਈ ਅੰਗਰੇਜ਼ ਨਿੱਤ ਨਵੀਆਂ ਯੋਜਨਾਵਾਂ ਬਣਾਉਂਦੇ ਰਹਿੰਦੇ ਸਨ। ਲੋਕਾਂ ਨੂੰ ਦਬਾਉਣ ਲਈ ਉਹ ਜਿੱਥੇ ਰਾਜਸੀ ਹੱਥਕੰਡੇ ਵਰਤਦੇ ਸਨ, ਉੱਥੇ ਕਾਨੂੰਨ ਦੀ ਮਦਦ ਨਾਲ ਉਹ ਆਮ ਲੋਕਾਂ ਨੂੰ ਲੰਮੇ ਸਮੇਂ ਲਈ ਜੇਲ੍ਹਾਂ ਵਿਚ ਸੁੱਟ ਦਿੰਦੇ ਸਨ। ਲੰਮੀਆਂ ਅਤੇ ਸਖ਼ਤ ਜੇਲ੍ਹਾਂ ਭੁਗਤਣ ਉਪਰੰਤ ਜਦੋਂ ਉਹ ਵਾਪਸ ਆਉਂਦੇ ਤਾਂ ਫਿਰ ਸੰਘਰਸ਼ ਦੇ ਰਾਹ ਪੈ ਜਾਂਦੇ ਸਨ। ਸੰਘਰਸ਼ ਕਰ ਰਹੇ ਲੋਕਾਂ ਨੂੰ ਆਪਣੇ ਆਗੂਆਂ ਵੱਲੋਂ ਨਿਰੰਤਰ ਪ੍ਰੇਰਨਾ ਅਤੇ ਅਗਵਾਈ ਪ੍ਰਾਪਤ ਹੋ ਰਹੀ ਸੀ ਜਿਸ ਕਾਰਨ ਜੇਲ੍ਹਾਂ ਦੀਆਂ ਸਖ਼ਤੀਆਂ ਵੀ ਉਨ੍ਹਾਂ ਦਾ ਮਨੋਬਲ ਡੇਗ ਨਹੀਂ ਸਕੀਆਂ ਸਨ। ਮੁਲਾਕਾਤੀਆਂ, ਜੇਲ੍ਹ ਵਿਚ ਥੋੜ੍ਹੇ ਸਮੇਂ ਲਈ ਆਉਣ ਵਾਲੇ ਕੈਦੀਆਂ ਅਤੇ ਸਥਾਨਕ ਸਿਪਾਹੀਆਂ ਰਾਹੀਂ ਉਨ੍ਹਾਂ ਨੂੰ ਸੰਘਰਸ਼ ਦੀਆਂ ਖ਼ਬਰਾਂ ਨਿਰੰਤਰ ਪਹੁੰਚ ਰਹੀਆਂ ਸਨ ਜਿਸ

ਕਾਰਨ ਸੰਘਰਸ਼ੀ ਯੋਧੇ ਹੋਰ ਵਧੇਰੇ ਉਤਸ਼ਾਹੀ ਹੋ ਜਾਂਦੇ ਸਨ। ਸੰਘਰਸ਼ ਕਰਨ ਵਾਲਿਆਂ ਨੂੰ ਸਮਾਜ ਤੋਂ ਦੂਰ ਰੱਖਣ ਲਈ ਸਰਕਾਰ ਨਿਰੰਤਰ ਯਤਨਸ਼ੀਲ ਸੀ ਅਤੇ ਇਸੇ ਯਤਨ ਵਜੋਂ ਸੈਲੂਲਰ ਜੇਲ੍ਹ ਤਿਆਰ ਕੀਤੀ ਗਈ ਸੀ। ਜੇਲ੍ਹ ਸੁਪਰਡੈਂਟ ਮੇਜਰ ਮਰੇ ਅਤੇ ਜੇਲ੍ਹਰ ਬੈਰੀ ਦੁਆਰਾ ਸੁਤੰਤਰਤਾ ਸੰਗਰਾਮੀਆਂ 'ਤੇ ਕੀਤੇ ਗਏ ਅਣਮਨੁੱਖੀ ਜ਼ੁਲਮਾਂ ਨੇ ਹਰ ਭਾਰਤਵਾਸੀ ਦਾ ਧਿਆਨ ਇਸ ਜੇਲ੍ਹ ਵੱਲ ਖਿੱਚਿਆ ਸੀ।

ਅੰਡੇਮਾਨ ਅਤੇ ਨਿਕੋਬਾਰ ਦੀਪ ਸਮੂਹ ਵਿਚ ਬਣੀ ਇਸ ਜੇਲ੍ਹ ਨੂੰ 'ਕਾਲਾ ਪਾਣੀ' ਜੇਲ੍ਹ ਵੀ ਕਿਹਾ ਜਾਂਦਾ ਹੈ। 'ਕਾਲਾ ਪਾਣੀ' ਸ਼ਬਦ ਦੀ ਵਿਆਖਿਆ ਵਿਦਵਾਨਾਂ ਨੇ ਵੱਖੋ-ਵੱਖਰੇ ਤਰੀਕੇ ਨਾਲ ਕੀਤੀ ਹੈ, ਪਰ ਇੰਝ ਜਾਪਦਾ ਹੈ ਕਿ ਪਾਣੀਆਂ ਵਿਚ ਘਿਰੇ ਹੋਏ ਟਾਪੂਆਂ ਵਿੱਚੋਂ ਵਾਪਸ ਆਉਣਾ ਅਸੰਭਵ ਜਾਪਦਾ ਸੀ, ਇਸ ਕਰਕੇ ਇਸ ਜੇਲ੍ਹ ਦਾ ਨਾਂ ਕਾਲਾ ਪਾਣੀ ਪੈ ਗਿਆ ਸੀ। ਇਸੇ ਭਾਵ ਵਿਚ ਕਿਹਾ ਜਾ ਸਕਦਾ ਹੈ ਕਿ ਜਿੱਥੇ ਪਾਣੀ ਕਾਲ ਦਾ ਰੂਪ ਧਾਰਨ ਕਰ ਜਾਵੇ ਉਹ 'ਕਾਲਾ ਪਾਣੀ' ਹੈ। ਸਮੁੰਦਰ ਦੇ ਨੇੜੇ ਜੰਗਲ ਵਿਚ ਖੜੇ ਪਾਣੀ ਵਿਚ ਵਿਸ਼ੇਸ਼ ਕਿਸਮ ਦਾ ਮੱਛਰ ਵੀ ਪੈਦਾ ਹੁੰਦਾ ਸੀ ਜਿਹੜਾ ਕਿ ਕੈਦੀਆਂ ਦੀ ਮੌਤ ਦਾ ਕਾਰਨ ਬਣਦਾ ਸੀ।

੧੮੫੭ ਈ. ਦੇ ਅੰਦੋਲਨ ਉਪਰੰਤ ਇੱਥੇ ਕੈਦੀਆਂ ਦਾ ਆਉਣਾ ਅਰੰਭ ਹੋ ਗਿਆ ਸੀ ਅਤੇ ਇਹ ਸਿਲਸਿਲਾ ਨਿਰੰਤਰ ਜਾਰੀ ਸੀ। ਇਹ ਟਾਪੂ ਆਪਣੇ ਆਪ ਵਿਚ ਹੀ ਜੇਲ੍ਹ ਸੀ। ਇੱਥੇ ਆਉਣ ਵਾਲਾ ਕੈਦੀ ਬਾਹਰ ਨਹੀਂ ਜਾ ਸਕਦਾ ਸੀ। ਜਿਹੜਾ ਭੱਜਣ ਦਾ ਯਤਨ ਕਰਦਾ ਸੀ ਉਹ ਕਬੀਲਿਆਂ ਹੱਥੋਂ ਮਾਰਿਆ ਜਾਂਦਾ ਸੀ ਅਤੇ ਜੇਕਰ ਦੁਬਾਰਾ ਫੜਿਆ ਜਾਂਦਾ ਤਾਂ ਉਸ 'ਤੇ ਘੋਰ ਤਸ਼ੱਦਦ ਕੀਤਾ ਜਾਂਦਾ ਸੀ। ੧੯੦੬ ਈ. ਵਿਚ ਇੱਥੇ ਇਕ ਜੇਲ੍ਹ ਦੀ ਬਕਾਇਦਾ ਉਸਾਰੀ ਕੀਤੀ ਗਈ ਜਿਸ ਨੂੰ ਦੇਖ ਕੇ ਇਹ ਤਸਵੀਰ ਸਾਹਮਣੇ ਅਉਂਦੀ ਹੈ ਕਿ ਇਸ ਜੇਲ੍ਹ ਦੇ ਕੇਂਦਰ ਵਿਚ ਇਕ ਬੁਰਜ ਉਸਾਰਿਆ ਹੋਇਆ ਹੈ ਜਿਸ ਦੇ ਚਾਰੇ ਪਾਸੇ ਸੱਤ ਲੰਮੀਆਂ ਬਾਹੀਆਂ ਤਿਆਰ ਕੀਤੀਆਂ ਗਈਆਂ ਅਤੇ ਹਰ ਬਾਹੀ ਵਿਚ ਕੈਦੀਆਂ ਲਈ ਤਿਆਰ ਕੀਤੇ ਸੈਲਾਂ ਦੀ ਗਿਣਤੀ ਵੱਖੋ-ਵੱਖਰੀ ਹੈ। ਹਰੇਕ ਸੈਲ ਦੇ ਬਾਹਰ ਲੋਹੇ ਦਾ ਦਰਵਾਜ਼ਾ ਲਗਾਇਆ ਗਿਆ ਅਤੇ ਇਸ ਦੇ ਬਾਹਰ ਦੀਵਾਰ ਵਿਚ ਲਗਾਏ ਗਏ ਕੁੰਡੇ ਜਾਂ ਤਾਲੇ ਤਕ ਕਿਸੇ ਕੈਦੀ ਦਾ ਹੱਥ ਨਹੀਂ ਪਹੁੰਚ ਸਕਦਾ ਸੀ। ਹਰ ਇਕ ਬਾਹੀ ਵਿਚ ਸੈਲ ਦੇ ਸਾਹਮਣੇ ਬਰਾਂਡਾ ਹੈ ਜਿਸ 'ਤੇ ਲੋਹੇ ਦੇ ਮਜਬੂਤ ਜੰਗਲੇ ਲੱਗੇ ਹੋਏ ਹਨ, ਤਾਂ ਕਿ ਕੋਈ ਕੈਦੀ ਬਾਹਰ ਨਾ ਆ ਸਕੇ। ਸੈਲ ਵਿੱਚੋਂ ਬਾਹਰ ਨਿਕਲ ਕੇ ਬੁਰਜ ਰਾਹੀਂ ਹੇਠਾਂ ਆਇਆ ਜਾ ਸਕਦਾ ਹੈ। ਹਰ ਬਾਹੀ ਅਤੇ ਬੁਰਜ ਦੇ ਵਿਚਕਾਰ ਇਕ ਲੋਹੇ ਦਾ ਭਾਰੀ ਗੇਟ ਲੱਗਿਆ ਹੋਇਆ ਹੈ ਅਤੇ ਇਨ੍ਹਾਂ ਨੂੰ ਲੱਕੜ ਦੇ ਫੱਟਿਆਂ ਨਾਲ ਜੋੜਿਆ ਹੋਇਆ ਹੈ। ਇਨ੍ਹਾਂ ਲੱਕੜ ਦੇ ਫੱਟਿਆਂ ਨੂੰ ਤੋੜ ਦਿੱਤਾ ਜਾਵੇ ਤਾਂ ਕਿਸੇ ਬਾਹੀ ਵਿੱਚੋਂ ਕੋਈ ਕੈਦੀ ਬਾਹਰ ਨਹੀਂ ਆ ਸਕਦਾ। ਬੁਰਜ ਰਾਹੀਂ ਸਮੂਹ ਕੈਦੀਆਂ 'ਤੇ ਸਖ਼ਤ ਨਜ਼ਰ ਰੱਖੀ ਜਾਂਦੀ ਸੀ। ਦੋ ਬਾਹੀਆਂ ਦੇ ਵਿਚਕਾਰ ਇਕ ਜਗ੍ਹਾ 'ਤੇ ਫ਼ਾਂਸੀ ਦੇਣ ਲਈ ਤਿੰਨ ਤਖ਼ਤੇ ਲਗਾਏ ਗਏ ਸਨ, ਤਾਂ ਕਿ ਆਪਣੀਆਂ ਅੱਖਾਂ ਨਾਲ ਇਸ ਘਟਨਾਕ੍ਰਮ ਨੂੰ ਦੇਖ ਕੇ ਕੈਦੀ ਸਰਕਾਰ ਦੀ ਅਧੀਨਗੀ ਕਬੂਲ ਕਰ ਲਵੇ ਅਤੇ ਉਸ ਦੇ ਮਨ ਵਿੱਚੋਂ

ਸੁਤੰਤਰਤਾ ਪ੍ਰਾਪਤ ਕਰਨ ਦੀ ਭਾਵਨਾ ਖ਼ਤਮ ਹੋ ਜਾਵੇ ਜਾਂ ਘੱਟੋ-ਘੱਟ ਜੇਲ੍ਹ ਅਧਿਕਾਰੀਆਂ ਦਾ ਡਰ ਉਸ ਦੇ ਮਨ ਵਿਚ ਬੈਠ ਜਾਵੇ। ਮੌਜੂਦਾ ਸਮੇਂ ਵਿਚ ਇਸ ਬੁਰਜ ਵਿਖੇ ਸੰਗਮਰਮਰ ਦੇ ਪੱਥਰਾਂ 'ਤੇ ਵੱਖ-ਵੱਖ ਸੂਬਿਆਂ ਤੋਂ ਜੇਲ੍ਹ ਵਿਖੇ ਆਏ ਕੈਦੀਆਂ ਦੇ ਨਾਂ ਲਿਖੇ ਹੋਏ ਹਨ। ਇਤਿਹਾਸਿਕ ਖੋਜਾਂ ਦੱਸਦੀਆਂ ਹਨ ਕਿ ਪੰਜਾਬ ਦੇ ਕੁਝ ਕੈਦੀਆਂ ਦਾ ਨਾਂ ਇਨ੍ਹਾਂ ਪੱਥਰਾਂ 'ਤੇ ਉਕਰਿਆ ਹੋਇਆ ਨਹੀਂ ਹੈ ਜਿਵੇਂ ਸ. ਬੁੱਢਾ ਸਿੰਘ, ਸ. ਬੁੱਢਾ ਸਿੰਘ ਫੈਲੋਕੇ, ਸ. ਮੇਹਰ ਸਿੰਘ ਆਦਿ ਅਤੇ ਕੁਝ ਨਾਂ ਅਜਿਹੇ ਹਨ ਜਿਹੜੇ ਇਕ ਮੰਜ਼ਿਲ 'ਤੇ ਤਾਂ ਲਿਖੇ ਹੋਏ ਹਨ ਅਤੇ ਦੂਜੀ ਮੰਜ਼ਿਲ 'ਤੇ ਲੱਗੇ ਪੱਥਰਾਂ 'ਤੇ ਉਹ ਨਾਂ ਨਹੀਂ ਹਨ ਜਿਵੇਂ: ਸ. ਸੁਰਜਨ ਸਿੰਘ, ਸ. ਨੇਹਰ ਸਿੰਘ, ਸ. ਮੁਨਸ਼ਾ ਸਿੰਘ ਦੁਖੀ, ਰਾਜਾ ਰਾਮ ਆਦਿ। ਇਸ ਜੇਲ੍ਹ ਵਿਚ ਜਿਹੜੇ ਕੈਦੀ ਲਿਆਂਦੇ ਗਏ ਸਨ ਪਹਿਲਾਂ ਉਨ੍ਹਾਂ 'ਤੇ ਮੁਕੱਦਮੇ ਚਲਾਏ ਗਏ ਸਨ ਅਤੇ ਫਿਰ ਮੁਖ਼ਬਰਾਂ ਦੀਆਂ ਰਿਪੋਰਟਾਂ ਅਤੇ ਝੂਠੇ ਗਵਾਹਾਂ ਦੇ ਆਧਾਰ 'ਤੇ ਉਨ੍ਹਾਂ ਨੂੰ ਸਜ਼ਾ ਸੁਣਾਈਆਂ ਗਈਆਂ ਸਨ। ਸੈਲੂਲਰ ਜੇਲ੍ਹ ਵਿਚ ਲਿਆਉਣ ਵਾਲੇ ਕੈਦੀਆਂ 'ਤੇ ਜਿਹੜੇ ਕੇਸ ਚਲਾਏ ਗਏ ਸਨ ਉਨ੍ਹਾਂ ਦਾ ਵੇਰਵਾ ਇਸ ਤਰ੍ਹਾਂ ਦੇਖਿਆ ਜਾ ਸਕਦਾ ਹੈ:

**ਲਾਹੌਰ ਸਾਜ਼ਿਸ਼ ਕੇਸ:** ਡੀਫ਼ੈਂਸ ਆਫ਼ ਇੰਡੀਆ ਐਕਟ ਅਧੀਨ ਗ਼ਦਰੀ ਦੇਸ਼ ਭਗਤਾਂ ਖ਼ਿਲਾਫ਼ ਇਹ ਪਹਿਲਾ ਕੇਸ ਸੀ ਜਿਸ ਕਰ ਕੇ ਇਸ ਨੂੰ ਪਹਿਲਾ ਲਾਹੌਰ ਸਾਜਿਸ਼ ਕੇਸ ਵੀ ਕਿਹਾ ਜਾਂਦਾ ਹੈ। ਅਪ੍ਰੈਲ ੧੯੧੫ ਈ. ਵਿਚ ਇਹ ਕੇਸ ਲਾਹੌਰ ਦੀ ਸੈਂਟਰਲ ਜੇਲ੍ਹ ਵਿਚ ਚਲਾਇਆ ਗਿਆ ਸੀ। ਇਸ ਕੇਸ ਵਿਚ ਬਹੁਤੇ ਦੋਸ਼ੀ ਉਹ ਪੰਜਾਬੀ ਸਨ ਜਿਹੜੇ ਵੱਖ-ਵੱਖ ਰਸਤਿਆਂ ਰਾਹੀਂ ਭਾਰਤ ਨੂੰ ਅਜ਼ਾਦ ਕਰਾਉਣ ਲਈ ਵਿਦੇਸ਼ਾਂ ਤੋਂ ਆਏ ਸਨ। ਇਨ੍ਹਾਂ ਨੂੰ ਪੰਜਾਬ ਦੀਆਂ ਵਿਭਿੰਨ ਜੇਲ੍ਹਾਂ ਵਿਚ ਬੰਦ ਕੀਤਾ ਗਿਆ ਸੀ ਅਤੇ ਮੁਕੱਦਮੇ ਤੋਂ ਪਹਿਲਾਂ ਸਭ ਨੂੰ ਲਾਹੌਰ ਦੀ ਇਸ ਕੇਂਦਰੀ ਜੇਲ੍ਹ ਵਿਚ ਤਬਦੀਲ ਕਰ ਦਿੱਤਾ ਗਿਆ ਸੀ। ਇਨ੍ਹਾਂ ਗ਼ਦਰੀ ਕੈਦੀਆਂ ਨੂੰ ਝੁਕ ਜਾਣ, ਮੁਖ਼ਬਰ ਬਣ ਜਾਣ, ਸੰਘਰਸ਼ ਦਾ ਰਾਹ ਛੱਡ ਦੇਣ ਲਈ ਜ਼ੋਰ ਪਾਇਆ ਜਾ ਰਿਹਾ ਸੀ। ਇਹ ਗ਼ਦਰੀ ਭਾਵੇਂ ਪੰਜਾਬ ਵਿੱਚੋਂ ਹੀ ਵਿਦੇਸ਼ ਗਏ ਸਨ, ਪਰ ਉੱਥੋਂ ਦੇ ਖੁਲ੍ਹੇ-ਡੁਲ੍ਹੇ ਮਾਹੌਲ ਨੇ ਉਨ੍ਹਾਂ ਨੂੰ ਨਿਡਰ ਬਣਾ ਦਿੱਤਾ ਸੀ। ਉਹ ਹਰ ਗੱਲ ਮੂੰਹ 'ਤੇ ਕਹਿ ਦਿੰਦੇ ਸਨ ਅਤੇ ਕਿਸੇ ਵੀ ਸਰਕਾਰੀ ਲਾਲਚ ਅੱਗੇ ਝੁਕਣ ਲਈ ਤਿਆਰ ਨਹੀਂ ਸਨ ਪਰ ਫਿਰ ਵੀ ਸਰਕਾਰ ਆਪਣੇ ਮਿਸ਼ਨ ਵਿਚ ਸਫ਼ਲ ਹੋ ਗਈ ਸੀ। ਕੁਝ ਗ਼ਦਰੀਆਂ ਨੂੰ ਸਰਕਾਰ ਨੇ ਵੱਡੇ ਲਾਲਚ ਦੇ ਕੇ ਮੁਖ਼ਬਰ ਬਣਾ ਲਿਆ ਸੀ ਜਿਸ ਤੋਂ ਗ਼ਦਰੀਆਂ ਦੀ ਸਾਰੀ ਯੋਜਨਾ ਉਨ੍ਹਾਂ ਤਕ ਪਹੁੰਚ ਗਈ ਸੀ। ਵਿਭਿੰਨ ਪੁਸਤਕਾਂ ਤੋਂ ਮੁਖ਼ਬਰਾਂ ਦੀਆਂ ਜਿਹੜੀਆਂ ਸੂਚਨਾਵਾਂ ਪ੍ਰਾਪਤ ਹੁੰਦੀਆਂ ਹਨ ਉਨ੍ਹਾਂ ਵਿਚ ਨਵਾਬ ਖ਼ਾਨ, ਮੂਲਾ ਸਿੰਘ ਮੀਰਕੋਟੀ, ਕਿਰਪਾਲ ਸਿੰਘ ਮਾਦੋਕੇ, ਅਮਰ ਸਿੰਘ ਅੰਬਾਲਾ ਅਤੇ ਸੁੱਚਾ ਸਿੰਘ ਆਦਿ ਸ਼ਾਮਲ ਸਨ। ਇਸ ਤੋਂ ਇਲਾਵਾ ਵੱਡੀ ਗਿਣਤੀ ਵਿਚ ਝੂਠੇ ਗਵਾਹ ਵੀ ਬਣਾਏ ਗਏ ਸਨ, ਤਾਂ ਕਿ ਅਦਾਲਤੀ ਕਾਰਵਾਈ ਦਾ ਢਿੱਡ ਭਰਿਆ ਜਾ ਸਕੇ।

ਸਰਕਾਰ ਗ਼ਦਰੀਆਂ ਖ਼ਿਲਾਫ਼ ਸਖ਼ਤ ਕਾਰਵਾਈ ਕਰਨ ਦੇ ਰੌਂਅ ਵਿਚ ਸੀ ਅਤੇ ਚਾਹੁੰਦੀ ਸੀ ਕਿ ਕਿਤੇ ਇਨ੍ਹਾਂ ਦੀ ਦੇਸ਼-ਭਗਤੀ ਵਾਲੀ ਭਾਵਨਾ ਹੋਰਨਾਂ ਪੰਜਾਬੀਆਂ ਤਕ ਨਾ ਪਹੁੰਚ ਜਾਵੇ। ਪੰਜਾਬ ਦੇ ਲੋਕਾਂ ਲਈ ਇਹ ਇਕ ਵੱਡੀ ਪ੍ਰੇਰਨਾ ਸੀ ਕਿ ਭਾਰਤ ਨੂੰ

ਅਜ਼ਾਦ ਕਰਾਉਣ ਲਈ ਵਿਦੇਸ਼ ਗਏ ਪੰਜਾਬੀ ਤਾਂ ਵਾਪਸ ਮੁੜ ਆਏ ਹਨ ਪਰ ਇੱਥੋਂ ਦੇ ਬਹੁਤੇ ਪੰਜਾਬੀ ਹਾਲੇ ਗ਼ੁਲਾਮੀ ਦੀ ਗਹਿਰੀ ਨੀਂਦ ਵਿਚ ਸੁੱਤੇ ਪਏ ਹਨ। ਇਨ੍ਹਾਂ ਗ਼ਦਰੀਆਂ ਨੂੰ ਫ਼ਾਂਸੀ ਜਾਂ ਉਮਰ ਕੈਦ ਦੀ ਮਨਸ਼ਾ ਨਾਲ ਸਰਕਾਰ ਨੇ ਜੇਲ੍ਹ ਵਿਚ ਹੀ ਅਦਾਲਤ ਦਾ ਗਠਨ ਕਰ ਦਿੱਤਾ ਸੀ ਤਾਂ ਕਿ ਮੁਕੱਦਮਿਆਂ ਦੀ ਸੁਣਵਾਈ ਵਿਚ ਦੇਰੀ ਨਾ ਹੋ ਸਕੇ। ਇਸ ਦੇ ਨਾਲ ਸਰਕਾਰ ਨੇ ਇਹ ਫ਼ੈਸਲਾ ਵੀ ਕਰ ਲਿਆ ਸੀ ਕਿ ਜੇਲ੍ਹ ਦੀ ਇਸ ਅਦਾਲਤ ਦੀ ਸੁਣਵਾਈ ਕਿਸੇ ਹੋਰ ਅਦਾਲਤ ਵਿਚ ਨਹੀਂ ਹੋ ਸਕਦੀ। ਇਸ ਨਾਲ ਕੇਸਾਂ ਦਾ ਇਕ ਪਾਸੜ ਅਤੇ ਤੁਰੰਤ ਨਿਪਟਾਰਾ ਕਰਨ ਵਿਚ ਸਹਾਇਤਾ ਮਿਲੇਗੀ।

ਇਨ੍ਹਾਂ ਦੋਸ਼ੀਆਂ ਲਈ ਲਾਹੌਰ ਦੀ ਜੇਲ੍ਹ ਵਿਚ ਬਣਾਈ ਗਈ ਵਿਸ਼ੇਸ਼ ਅਦਾਲਤ ਮੁਕੱਦਮੇ ਦੀ ਸੁਣਵਾਈ ਲਈ ਤਿੰਨ ਜੱਜਾਂ ਨੂੰ ਨਿਯੁਕਤ ਕੀਤਾ ਗਿਆ। ਏ.ਏ. ਇਰਵਿਨ ਮੁੱਖ ਜੱਜ ਸਨ; ਟੀ.ਪੀ. ਐਲਿਸ ਅਤੇ ਸ਼ਿਵ ਨਰਾਇਣ ਇਨ੍ਹਾਂ ਦੇ ਨਾਲ ਮੈਂਬਰ ਸਨ। ੨੬ ਅਪ੍ਰੈਲ ਨੂੰ ਅਦਾਲਤ ਦੀ ਕਾਰਵਾਈ ਅਰੰਭ ਹੋਈ ਤਾਂ ਸਮੂਹ ਕੈਦੀਆਂ ਨੂੰ ਵਾਰੀ-ਵਾਰੀ ਅਦਾਲਤ ਵਿਚ ਪੇਸ਼ ਕੀਤਾ ਜਾਣ ਲੱਗਾ। ਝੂਠੇ ਗਵਾਹਾਂ ਨੂੰ ਮੁਜਰਮਾਂ ਦੀ ਪਛਾਣ ਕਰਨ ਲਈ ਕਿਹਾ ਗਿਆ ਤਾਂ ਉਨ੍ਹਾਂ ਕਿਹਾ ਕਿ ਇਨ੍ਹਾਂ ਨੇ ਪੱਗਾਂ ਬਦਲੀਆਂ ਹੋਈਆਂ ਹਨ। ਕੈਦੀਆਂ ਵਿਚ ਸ਼ਾਮਲ ਭਾਈ ਜਵਾਲਾ ਸਿੰਘ ਨੇ ਕਿਹਾ ਕਿ ਪੱਗਾਂ ਹੀ ਬਦਲੀਆਂ ਹਨ, ਮੂੰਹ ਤਾਂ ਨਹੀਂ ਬਦਲੇ। ਇਸ ਗੱਲ 'ਤੇ ਪੈਦਾ ਹੋਈ ਤਕਰਾਰ ਕਾਰਨ ਜੱਜ ਨੇ ਭਾਈ ਜਵਾਲਾ ਸਿੰਘ ਨੂੰ ਤੀਹ ਬੈਂਤਾਂ ਦੀ ਸਜ਼ਾ ਸੁਣਾਈ ਜਿਸ ਨੇ ਸਮੂਹ ਕੈਦੀਆਂ ਦੇ ਮਨਾਂ ਵਿਚ ਰੋਸ ਦੀ ਲਹਿਰ ਪੈਦਾ ਕਰ ਦਿੱਤੀ। ੮੧ ਗ਼ਦਰੀਆਂ 'ਤੇ ਚਲਾਏ ਗਏ ਕੇਸਾਂ ਦਾ ਫ਼ੈਸਲਾ ੧੩ ਸਤੰਬਰ, ੧੯੧੫ ਈ. ਨੂੰ ਸਾਹਮਣੇ ਆਇਆ ਜਿਸ ਵਿਚ ੨੪ ਗ਼ਦਰੀਆਂ ਨੂੰ ਫ਼ਾਂਸੀ ਅਤੇ ੨੭ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ। ਬਾਕੀਆਂ ਦੀਆਂ ਸਜ਼ਾਵਾਂ ਘੱਟ ਕੀਤੀਆਂ ਗਈਆਂ ਅਤੇ ਵਾਅਦਾ ਮੁਆਫ਼ ਬਣੇ ਗਵਾਹਾਂ ਨੂੰ ਬਰੀ ਕਰ ਦਿੱਤਾ ਗਿਆ। ਫ਼ਾਂਸੀ ਦੀ ਸਜ਼ਾ ਵਾਲਿਆਂ ਦਾ ਕੇਸ ਵਾਇਸਰਾਇ ਲਾਰਡ ਹਾਰਡਿੰਗ ਦੀ ਕੌਂਸਲ ਕੋਲ ਗਿਆ, ਤਾਂ ਇਹ ਵਿਚਾਰ ਹੋਇਆ ਕਿ ਪਹਿਲੀ ਸੰਸਾਰ ਜੰਗ ਦੇ ਮੱਦੇਨਜ਼ਰ ਮੌਤ ਦੀ ਸਜ਼ਾ 'ਤੇ ਨਜ਼ਰਸਾਨੀ ਹੋਣੀ ਚਾਹੀਦੀ ਹੈ ਨਹੀਂ ਤਾਂ ਅੰਗਰੇਜ਼ਾਂ ਵੱਲੋਂ ਲੜ ਰਹੀਆਂ ਭਾਰਤੀ ਫ਼ੌਜਾਂ ਦੇ ਮਨ ਵਿਚ ਬਗ਼ਾਵਤ ਦਾ ਖ਼ਿਆਲ ਪੈਦਾ ਹੋ ਸਕਦਾ ਹੈ। ਇਨ੍ਹਾਂ ਫ਼ੌਜਾਂ ਵਿਚ ਵੀ ਵੱਡੀ ਗਿਣਤੀ ਵਿਚ ਪੰਜਾਬ ਦੇ ਨੌਜਵਾਨ ਸ਼ਾਮਲ ਸਨ ਅਤੇ ਇਨ੍ਹਾਂ ਵਿੱਚੋਂ ਵਧੇਰੇ ਗਿਣਤੀ ਸਿੱਖਾਂ ਦੀ ਸੀ। ਪਹਿਲੀ ਸੰਸਾਰ ਜੰਗ ਦੇ ਸਮੇਂ ਪੰਜਾਬ ਤੋਂ ਭਰਤੀ ਕੀਤੇ ਗਏ ਫ਼ੌਜੀਆਂ ਦੀ ਗਿਣਤੀ ਸਵਾ ਲੱਖ ਦੇ ਲੱਗਭਗ ਸੀ ਜਿਹੜੇ ਅੰਗਰੇਜ਼ ਸਰਕਾਰ ਲਈ ਮਰਨ ਵਾਸਤੇ ਤਿਆਰ ਹੋਏ ਸਨ। ਇਸ ਦੇ ਨਾਲ ਹੀ ਸਰਕਾਰ ਦੇ ਇਹ ਵੀ ਧਿਆਨ ਵਿਚ ਸੀ ਕਿ ਝੂਠੇ ਗਵਾਹਾਂ ਦੇ ਆਧਾਰ 'ਤੇ ਕੀਤੇ ਫ਼ੈਸਲੇ ਆਮ ਲੋਕਾਂ ਵਿਚ ਸਰਕਾਰ ਪ੍ਰਤੀ ਹਮਦਰਦੀ ਪੈਦਾ ਨਹੀਂ ਕਰ ਸਕਦੇ। ਇਨ੍ਹਾਂ ਕਾਰਨਾਂ ਕਰਕੇ ੨੪ ਵਿੱਚੋਂ ੧੭ ਗ਼ਦਰੀਆਂ ਦੀ ਫ਼ਾਂਸੀ ਦੀ ਸਜ਼ਾ ਉਮਰ ਕੈਦ ਵਿਚ ਬਦਲ ਕੇ ਇਨ੍ਹਾਂ ਨੂੰ ਅੰਡੇਮਾਨ ਭੇਜਣ ਦਾ ਫ਼ੈਸਲਾ ਕੀਤਾ ਗਿਆ। ਸਜ਼ਾ ਹੋ ਜਾਣ ਦੇ ਬਾਵਜੂਦ ਵੀ ਗ਼ਦਰੀਆਂ ਨੇ ਜੇਲ੍ਹ ਵਿਚ ਚੜ੍ਹਦੀ ਕਲਾ ਵਾਲੀ ਭਾਵਨਾ ਬਣਾਈ ਹੋਈ ਸੀ।

**ਪਹਿਲਾ ਸਪਲੀਮੈਂਟਰੀ ਸਾਜ਼ਿਸ਼ ਕੇਸ:** ਇਸ ਕੇਸ ਦੀ ਸੁਣਵਾਈ ਵੀ ਲਾਹੌਰ ਸੈਂਟਰਲ ਜੇਲ੍ਹ ਵਿਚ ਹੋਈ ਸੀ ਅਤੇ ਇਸ ਵਿਚ ਵੀ ਪਹਿਲਾਂ ਵਾਲੇ ਜੱਜ ਹੀ ਮੌਜੂਦ ਸਨ। ਇਹ ਕੇਸ ੨੯ ਅਕਤੂਬਰ ਨੂੰ ਸ਼ੁਰੂ ਹੋਇਆ ਸੀ ਅਤੇ ੩੦ ਮਾਰਚ, ੧੯੧੬ ਈ. ਨੂੰ ਇਸ ਦਾ ਫ਼ੈਸਲਾ ਆਇਆ ਸੀ। ਇਸ ਕੇਸ ਵਿਚ ਫਰਾਰ ਅਤੇ ਬਰੀ ਹੋ ਜਾਣ ਵਾਲਿਆਂ ਤੋਂ ਇਲਾਵਾ ੬ ਨੂੰ ਫ਼ਾਂਸੀ ਅਤੇ ੪੫ ਨੂੰ ਉਮਰ ਕੈਦ ਹੋਈ ਸੀ।

ਇਸ ਕੇਸ ਵਿਚ ਕੁਝ ਦੋਸ਼ੀ ਭਗੌੜੇ ਹੋ ਗਏ ਸਨ ਅਤੇ ਕੁਝ ਨੂੰ ਕੇਸ ਸ਼ੁਰੂ ਹੋਣ ਤੋਂ ਪਹਿਲਾਂ ਹੀ ਛੱਡ ਦਿੱਤਾ ਗਿਆ ਸੀ।

**ਦੂਜਾ ਸਪਲੀਮੈਂਟਰੀ ਸਾਜ਼ਿਸ਼ ਕੇਸ:** ਭਾਵੇਂ ਕਿ ਗ਼ਦਰੀਆਂ ਖ਼ਿਲਾਫ਼ ਇਹ ਤੀਜਾ ਮੁਕੱਦਮਾ ਸੀ, ਪਰ ਇਹ ਪਹਿਲੇ ਕੇਸ ਦੇ ਸਪਲੀਮੈਂਟਰੀ ਕੇਸ ਵਜੋਂ ਪੇਸ਼ ਹੋਇਆ ਸੀ ਇਸ ਕਰ ਕੇ ਇਸ ਨੂੰ ਦੂਜਾ ਸਪਲੀਮੈਂਟਰੀ ਕੇਸ ਕਿਹਾ ਜਾਂਦਾ ਹੈ। ਇਸ ਦੀ ਸੁਣਵਾਈ ਲਈ ਜਿਹੜੇ ਜੱਜ ਨਿਯੁਕਤ ਕੀਤੇ ਗਏ ਉਨ੍ਹਾਂ ਦੇ ਨਾਂ ਸਨ: ਟੀ.ਪੀ. ਐਲਸ, ਮੇਜਰ ਫਰਿਜ਼ਲੇ ਅਤੇ ਰਾਏ ਬਹਾਦਰ ਗੋਪਾਲ ਦਾਸ ਭੰਡਾਰੀ। ੪ ਜਨਵਰੀ, ੧੯੧੭ ਈ. ਨੂੰ ਸੁਣਾਏ ਗਏ ਫ਼ੈਸਲੇ ਅਨੁਸਾਰ ਇਸ ਕੇਸ ਵਿਚ ੬ ਨੂੰ ਮੌਤ ਅਤੇ ੫ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ। ਸਜ਼ਾ ਭੁਗਤਣ ਲਈ ਇਨ੍ਹਾਂ ਨੂੰ ਅੰਡੇਮਾਨ ਭੇਜ ਦਿੱਤਾ ਗਿਆ।

**ਬਨਾਰਸ ਸਾਜ਼ਿਸ਼ ਕੇਸ:** ਇਸ ਕੇਸ ਦਾ ਸੰਬੰਧ ਬੰਗਾਲ ਦੇ ਉਨ੍ਹਾਂ ਲੋਕਾਂ ਨਾਲ ਸੀ ਜਿਨ੍ਹਾਂ ਨੇ ਗ਼ਦਰ ਪਾਰਟੀ ਵਿਚ ਹਿੱਸਾ ਲੈ ਕੇ ਬਨਾਰਸ ਨੂੰ ਆਪਣੀਆਂ ਗਤੀਵਿਧੀਆਂ ਦਾ ਕੇਂਦਰ ਬਣਾਇਆ ਸੀ। ਵਿਸ਼ਨੂ ਗਣੇਸ਼ ਪਿੰਗਲੇ ਬੰਗਾਲੀ ਸੀ ਅਤੇ ਇਹ ਪੰਜਾਬ ਦੇ ਗ਼ਦਰੀ ਸਾਥੀਆਂ ਨਾਲ ਅਮਰੀਕਾ ਤੋਂ ਭਾਰਤ ਆਇਆ ਸੀ। ਇਸ ਦੇ ਪ੍ਰਭਾਵ ਕਾਰਨ ਬਹੁਤ ਸਾਰੇ ਬੰਗਾਲੀਆਂ ਨੇ ਗ਼ਦਰ ਲਹਿਰ ਵਿਚ ਯੋਗਦਾਨ ਪਾਇਆ ਸੀ। ਗ਼ਦਰ ਲਹਿਰ ਦੇ ਫੇਲ ਹੋ ਜਾਣ ਕਾਰਨ ਇਨ੍ਹਾਂ ਦੀਆਂ ਯੋਜਨਾਵਾਂ ਵੀ ਧਰੀਆਂ ਰਹਿ ਗਈਆਂ ਅਤੇ ਸਰਕਾਰ ਨੇ ਇਨ੍ਹਾਂ 'ਤੇ ਸ਼ਿਕੰਜਾ ਕੱਸ ਦਿੱਤਾ। ਜਿਹੜੇ ਮੁਖ਼ਬਰ ਬਣ ਗਏ ਉਹ ਬਚ ਗਏ, ਬਾਕੀਆਂ 'ਤੇ ਮੁਕੱਦਮਾ ਚਲਾਇਆ ਗਿਆ। ਇਨ੍ਹਾਂ ਦੇ ਆਗੂ ਐਸ. ਐਨ. ਸਾਨਿਆਲ ਨੂੰ ਉਮਰ ਕੈਦ ਦੀ ਸਜ਼ਾ ਹੋਈ ਅਤੇ ੧੦ ਹੋਰਨਾਂ ਨੂੰ ਸਖ਼ਤ ਸਜ਼ਾਵਾਂ ਦਿੱਤੀਆਂ ਗਈਆਂ ਅਤੇ ਬਾਕੀਆਂ ਨੂੰ ਛੱਡ ਦਿੱਤਾ ਗਿਆ।

**ਮਾਂਡਲੇ ਸਾਜ਼ਿਸ਼ ਕੇਸ:** ਇਸ ਕੇਸ ਦੀ ਸੁਣਵਾਈ ਮਾਂਡਲੇ, ਬਰਮਾ, ਵਿਖੇ ਹੋਈ ਸੀ। ਇਸ ਕੇਸ ਦੇ ਜੱਜ ਸਨ - ਐਸ. ਐਮ ਰੋਬਿਨਸਨ, ਮੌਂਗ ਕਿਨ ਅਤੇ ਐਚ.ਈ. ਮਕੌਲ। ੨੭ ਜੁਲਾਈ, ੧੯੧੬ ਈ. ਨੂੰ ਇਸ ਕੇਸ ਦਾ ਫ਼ੈਸਲਾ ਸੁਣਾਉਂਦੇ ਹੋਏ ੭ ਨੂੰ ਮੌਤ ਅਤੇ ੫ ਨੂੰ ਉਮਰ ਕੈਦ ਦੀ ਸਜ਼ਾ ਹੋਈ। ਸਜ਼ਾ ਭੁਗਤਣ ਲਈ ਇਨ੍ਹਾਂ ਨੂੰ ਅੰਡੇਮਾਨ ਭੇਜ ਦਿੱਤਾ ਗਿਆ ਸੀ।

**ਦੂਜਾ ਮਾਂਡਲੇ ਸਾਜ਼ਿਸ਼ ਕੇਸ:** ਇਸ ਕੇਸ ਵਿਚ ੩ ਨੂੰ ਫ਼ਾਂਸੀ ਅਤੇ ੧ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਸੀ। ਬਾਅਦ ਵਿਚ ਮੌਤ ਦੀ ਸਜ਼ਾ ਉਮਰ ਕੈਦ ਵਿਚ ਬਦਲ ਕੇ ਇਨ੍ਹਾਂ ਨੂੰ ਅੰਡੇਮਾਨ ਭੇਜ ਦਿੱਤਾ ਗਿਆ।

ਇਨ੍ਹਾਂ ਤੋਂ ਇਲਾਵਾ ਦੇਸ਼-ਭਗਤਾਂ 'ਤੇ ਵੱਖ-ਵੱਖ ਕੇਸਾਂ ਵਿਚ ਹੋਰ ਬਹੁਤ ਸਾਰੇ ਮੁਕੱਦਮੇ ਚਲਾਏ ਗਏ ਸਨ ਜਿਨ੍ਹਾਂ ਦੀ ਤਫਸੀਲ ਵਡੇਰੇ ਖੋਜ-ਕਾਰਜ ਦਾ ਹਿੱਸਾ ਹੈ। ਦੇਸ਼-

ਭਗਤਾਂ ਨਾਲ ਹਮਦਰਦੀ ਰੱਖਣ ਵਾਲੇ ਫ਼ੌਜ ਦੇ ਜਵਾਨਾਂ 'ਤੇ ਵੀ ਕਈ ਮੁਕੱਦਮੇ ਚੱਲੇ ਸਨ ਜਿਨ੍ਹਾਂ ਵਿਚ ਉਨ੍ਹਾਂ ਦਾ ਕੋਰਟ ਮਾਰਸ਼ਲ ਕਰ ਕੇ ਸਜ਼ਾਵਾਂ ਦਿੱਤੀਆਂ ਗਈਆਂ ਸਨ। ਇਸ ਕੇਸ ਵਿਚ ਫ਼ੌਜ ਦੇ ੨੩ਵੇਂ ਰਸਾਲੇ ਦਾ ਨਾਂ ਵਿਸ਼ੇਸ਼ ਵਰਣਨਯੋਗ ਹੈ। ਕਿਹਾ ਜਾਂਦਾ ਹੈ ਕਿ ਸਰਕਾਰ ਨੂੰ ਇਹ ਸ਼ੱਕ ਸੀ ਕਿ ਫ਼ੌਜ ਦੇ ਸਿਪਾਹੀਆਂ ਨਾਲ ਗ਼ਦਰੀਆਂ ਦਾ ਮੇਲ-ਜੋਲ ਹੈ, ਪਰ ਇਸ ਦੀ ਪੁਖਤਾ ਜਾਣਕਾਰੀ ਨਹੀਂ ਸੀ। ਇਹ ਭੇਤ ਉਸ ਸਮੇਂ ਖੁਲਿਆ ਜਦੋਂ ੨੩ਵੇਂ ਰਸਾਲੇ ਦੇ ਜਵਾਨਾਂ ਨੂੰ ਲਾਹੌਰ ਤੋਂ ਨਗਾਓਂ ਛਾਉਣੀ, ਯੂ.ਪੀ., ਵਿਖੇ ਬਦਲਿਆ ਜਾ ਰਿਹਾ ਸੀ ਤਾਂ ਸਟੇਸ਼ਨ 'ਤੇ ਸਾਮਾਨ ਚੜਾਉਂਦੇ ਸਮੇਂ ਸ. ਵਧਾਵਾ ਸਿੰਘ ਦਾ ਟਰੰਕ ਡਿੱਗ ਪਿਆ ਜਿਸ ਵਿਚ ਰੱਖਿਆ ਹੋਇਆ ਬੰਬ ਫਟ ਜਾਣ ਕਾਰਨ ਸਾਰਾ ਭੇਤ ਖੁੱਲ੍ਹ ਗਿਆ। ਪੜਤਾਲ ਹੋਣ 'ਤੇ ਇਨ੍ਹਾਂ ਦੇ ਗ਼ਦਰੀਆਂ ਨਾਲ ਸੰਬੰਧਾਂ ਬਾਰੇ ਪਤਾ ਲੱਗਿਆ। ਇਸ ਟੁੱਕੜੀ ਦੇ ੨੦ ਜਵਾਨਾਂ ਨੂੰ ਪਹਿਲੇ ਵਿਸ਼ਵ ਯੁੱਧ ਵਿਚ ਭੇਜਿਆ ਜਾ ਰਿਹਾ ਸੀ, ਪਰ ਭੇਤ ਖੁੱਲ੍ਹ ਜਾਣ ਕਾਰਨ ਸਭ ਨੂੰ ਵਾਪਸ ਬੁਲਾ ਲਿਆ ਗਿਆ। ਦਗਸ਼ਈ ਵਿਖੇ ਇਨ੍ਹਾਂ ਦਾ ਕੋਰਟ ਮਾਰਸ਼ਲ ਹੋਇਆ। ਇਨ੍ਹਾਂ ਵਿੱਚੋਂ ਬਾਰ੍ਹਾਂ ਨੂੰ ਮੌਤ ਦੀ ਸਜ਼ਾ ਸੁਣਾਈ ਗਈ ਅਤੇ ਬਾਕੀ ਛੇ ਦੀ ਸਜ਼ਾ ਉਮਰ ਕੈਦ ਵਿਚ ਬਦਲ ਕੇ ਇਨ੍ਹਾਂ ਨੂੰ ਅੰਡੇਮਾਨ ਭੇਜ ਦਿੱਤਾ ਗਿਆ ਸੀ। ਅੰਡੇਮਾਨ ਭੇਜੇ ਜਾਣ ਵਾਲੇ ਜਵਾਨਾਂ ਦੇ ਇਹ ਨਾਂ ਦੱਸੇ ਜਾਂਦੇ ਹਨ: ਸ. ਬਿਸ਼ਨ ਸਿੰਘ ਢੋਟੀਆਂ, ਸ. ਬਿਸ਼ਨ ਸਿੰਘ ਢੋਟੀਆਂ (ਦੂਜਾ), ਸ. ਨੱਥਾ ਸਿੰਘ, ਸ. ਕੇਹਰ ਸਿੰਘ, ਸ. ਚਾਨਣ ਸਿੰਘ ਢੰਡ ਕਸੇਲ ਅਤੇ ਨੰਦ ਸਿੰਘ ਰਾਇ ਕੇ ਬੁਰਜਾਂ। ੨੩ਵੇਂ ਰਸਾਲੇ ਤੋਂ ਇਲਾਵਾ ੧੨੮ਵੀਂ ਪਾਇਨੀਅਰ, ੧੨ਵਾਂ ਰਸਾਲਾ ਪਵੀਂ ਇਨਫੈਂਟਰੀ ਆਦਿ ਦੇ ਸਿਪਾਹੀ ਵੀ ਗ਼ਦਰ ਲਹਿਰ ਨਾਲ ਜੁੜ ਗਏ ਸਨ, ਜਿਨ੍ਹਾਂ ਨੂੰ ਵੱਖੋ-ਵੱਖਰੀਆਂ ਸਜ਼ਾਵਾਂ ਦਿੱਤੀਆਂ ਗਈਆਂ ਸਨ। ਗ਼ਦਰ ਪਾਰਟੀ ਵਿਚ ਹਿੱਸਾ ਲੈਣ ਵਾਲਿਆਂ 'ਤੇ ਜਿਹੜੇ ਮੁਕੱਦਮੇ ਵਿਦੇਸ਼ਾਂ ਵਿਚ ਚਲਾਏ ਗਏ ਉਨ੍ਹਾਂ ਵਿਚ ਸਾਨਫ਼ਰਾਂਸਿਸਕੋ, ਸ਼ਿਕਾਗੋ ਆਦਿ ਸ਼ਹਿਰਾਂ ਦਾ ਨਾਂ ਵਿਸ਼ੇਸ਼ ਤੌਰ 'ਤੇ ਸਾਹਮਣੇ ਆਉਂਦਾ ਹੈ।

**ਕੈਦੀਆਂ ਨਾਲ ਵਤੀਰਾ:** ਉਮਰ ਕੈਦ ਦੀ ਸਜ਼ਾ ਭੁਗਤਣ ਲਈ ਜਿਹੜੇ ਕੈਦੀਆਂ ਨੂੰ ਅੰਡੇਮਾਨ ਅਤੇ ਨਿਕੋਬਾਰ ਦੀਪ ਸਮੂਹ ਵਿਖੇ ਸਥਾਪਿਤ ਕੀਤੀ ਸੈਲੂਲਰ ਜੇਲ੍ਹ ਵਿਚ ਭੇਜਿਆ ਗਿਆ ਸੀ ਉਨ੍ਹਾਂ ਦੀ ਕੁਰਬਾਨੀ ਵੀ ਫ਼ਾਂਸੀ ਚੜ੍ਹਨ ਵਾਲਿਆਂ ਨਾਲੋਂ ਘੱਟ ਨਹੀਂ ਸੀ। ਇਨ੍ਹਾਂ ਕੈਦੀਆਂ ਨਾਲ ਜਿਹੜਾ ਸਲੂਕ ਹੁੰਦਾ ਸੀ ਉਸ ਨੂੰ ਸੁਣ ਕੇ ਹੀ ਰੌਂਗਟੇ ਖੜੇ ਹੋ ਜਾਂਦੇ ਹਨ। ਜੇਲ੍ਹ ਅਫ਼ਸਰ ਕੈਦੀਆਂ ਨੂੰ ਸਖ਼ਤ ਸਜ਼ਾਵਾਂ ਦਿੰਦੇ ਸਨ। ਇਨ੍ਹਾਂ ਵਿੱਚੋਂ ਇਕ ਇਹ ਸੀ ਕਿ ਕੈਦੀ ਨੂੰ ਲੋਹੇ ਦੇ ਇਕ ਅਜਿਹੇ ਪਿੰਜਰੇ ਵਿਚ ਬੰਦ ਕਰ ਦਿੱਤਾ ਜਾਵੇ ਜਿਸ ਵਿਚ ਆਦਮੀ ਜਾਂ ਤਾਂ ਮਸਾਂ ਲੰਮਾ ਪੈ ਸਕਦਾ ਹੈ ਅਤੇ ਜਾਂ ਬਹੁਤ ਮੁਸ਼ਕਲ ਨਾਲ ਖੜਾ ਹੋ ਸਕਦਾ ਹੈ। ਇਹ ਪਿੰਜਰੇ ਬੈਰਕਾਂ ਵਿਚ ਰੱਖੇ ਹੋਏ ਸਨ ਅਤੇ ਕਈ ਦੇਸ਼-ਭਗਤਾਂ ਨੂੰ ਇਨ੍ਹਾਂ ਵਿਚ ਲੰਮਾ ਸਮਾਂ ਬੰਦ ਰੱਖਿਆ ਜਾਂਦਾ ਸੀ ਜਿਸ ਨਾਲ ਨਾ ਤਾਂ ਉਸ ਨੂੰ ਬਾਹਰਲੀ ਹਵਾ ਲੱਗਦੀ ਸੀ ਅਤੇ ਨਾ ਕਦੇ ਧੁੱਪ ਦੇ ਦਰਸ਼ਨ ਹੁੰਦੇ ਸਨ। ਮਾਸਟਰ ਚਤਰ ਸਿੰਘ, ਬਾਬੂ ਅਮਰ ਸਿੰਘ, ਸ. ਜਵਾਲਾ ਸਿੰਘ, ਸ. ਲਾਲ ਸਿੰਘ ਇਨ੍ਹਾਂ ਪਿੰਜਰਿਆਂ ਵਿਚ ਕਈ ਸਾਲ ਬੰਦ ਰਹੇ ਸਨ। ਕੈਦੀਆਂ ਨੂੰ ਖੜੀ ਹਥਕੜੀ, ਕੋਠੀ ਬੰਦ, ਡੰਡਾ ਬੇੜੀ, ਟਿਕਟਿਕੀ ਵਿਚ ਬੰਨ ਕੇ ਨੰਗੇ ਪਿੰਡੇ 'ਤੇ ਬੈਂਤਾਂ ਦੀ ਮਾਰ, ਘੱਟ ਅਤੇ ਘਟੀਆ ਖ਼ੁਰਾਕ ਆਦਿ ਸਜ਼ਾਵਾਂ

ਦਿੱਤੀਆਂ ਜਾਂਦੀਆਂ ਸਨ। ਕੰਬਲ ਪ੍ਰੇਟ ਅਤੇ ਜੰਗਲਾ ਪ੍ਰੇਟ ਦੋ ਅਜਿਹੀਆਂ ਸਜ਼ਾਵਾਂ ਸਨ ਜਿਹੜੀਆਂ ਬੰਦੇ ਨੂੰ ਮਾਰ ਦਿੰਦੀਆਂ ਸਨ। ਕੰਬਲ ਪ੍ਰੇਟ ਦੀ ਸਜ਼ਾ ਉਸ ਕੈਦੀ ਨੂੰ ਦਿੱਤੀ ਜਾਂਦੀ ਸੀ ਜਿਹੜਾ ਵਿੱਤੋਂ ਵੱਧ ਦਿੱਤਾ ਹੋਇਆ ਕੰਮ ਨਾ ਕਰ ਸਕਦਾ ਹੋਵੇ ਅਤੇ ਜੇਲ੍ਹਰ ਦੀ ਗਾਲੀ-ਗਲੋਚ ਅਤੇ ਕੁੱਟ-ਮਾਰ ਚੁੱਪ ਕਰ ਕੇ ਨਾ ਸਹੇ। ਕੈਦੀ ਨੂੰ ਕੰਬਲ ਵਿਚ ਪਾ ਕੇ ਇੰਨਾ ਕੁੱਟਿਆ ਜਾਂਦਾ ਸੀ ਕਿ ਗੁੱਝੀਆਂ ਸੱਟਾਂ ਨਾਲ ਜਾਂ ਤਾਂ ਜੀਵਨ ਭਰ ਲਈ ਰੋਗੀ ਜਾਂ ਅਪੰਗ ਹੋ ਜਾਂਦਾ ਸੀ ਅਤੇ ਜਾਂ ਬੇਹੋਸ਼ ਹੋ ਕੇ ਜਾਨ ਤੋੜ ਦਿੰਦਾ ਸੀ। ਜਿਹੜਾ ਕੈਦੀ ਕੁੱਟ-ਮਾਰ ਨਾ ਸਹਾਰਦਾ ਹੋਇਆ ਮਰ ਜਾਂਦਾ ਸੀ ਉਸ ਨੂੰ ਚੁੱਕ ਕੇ ਜੰਗਲੇ ਨਾਲ ਫ਼ਾਂਸੀ 'ਤੇ ਲਟਕਾ ਦਿੱਤਾ ਜਾਂਦਾ ਸੀ। ਅਲਾਰਮ ਵਜਾ ਕੇ ਇਹ ਐਲਾਨ ਕਰ ਦਿੱਤਾ ਜਾਂਦਾ ਸੀ ਕਿ ਕੈਦੀ ਨੇ ਫਾਹਾ ਲੈ ਲਿਆ ਹੈ। ਜੇਲ੍ਹ ਵਿਖੇ ਹੋਏ ਸ਼ਹੀਦਾਂ ਦੇ ਨਾਂ ਇਸ ਤਰ੍ਹਾਂ ਦੱਸੇ ਜਾਂਦੇ ਹਨ; ਭਾਈ ਭਾਨ ਸਿੰਘ, ਭਾਈ ਰਾਮ ਰੱਖਾ, ਭਾਈ ਨੰਦ ਸਿੰਘ, ਭਾਈ ਰੁਲੀਆ ਸਿੰਘ, ਭਾਈ ਰੋਡਾ ਸਿੰਘ, ਭਾਈ ਬੁੱਢਾ ਸਿੰਘ, ਭਾਈ ਨੱਥਾ ਸਿੰਘ ਅਤੇ ਭਾਈ ਕੇਹਰ ਸਿੰਘ।

ਕੈਦੀਆਂ ਲਈ ਰਹਿਮ ਜਾਂ ਮੁਆਫ਼ੀ ਨਾਂ ਦੀ ਕੋਈ ਚੀਜ਼ ਨਹੀਂ ਸੀ। ਹਰ ਛੋਟੀ ਤੋਂ ਛੋਟੀ ਗਲਤੀ ਲਈ ਵੀ ਸਖ਼ਤ ਸਜ਼ਾ ਦੇਣ ਵਿਚ ਮਾਣ ਮਹਿਸੂਸ ਕੀਤਾ ਜਾਂਦਾ ਸੀ। ਕੈਦੀਆਂ ਨੂੰ ਕੀੜੇ-ਮਕੌੜੇ ਸਮਝ ਕੇ ਬੁਰੀ ਤਰ੍ਹਾਂ ਨਾਲ ਜ਼ਖ਼ਮੀ ਜਾਂ ਬੇਹੋਸ਼ ਹੋ ਜਾਣ ਤਕ ਕੁੱਟ-ਮਾਰ ਕਰਨੀ ਆਮ ਗੱਲ ਸੀ। ਮੀਂਹ, ਹਨੇਰੀ ਜਾਂ ਮੌਸਮ ਦੀ ਖ਼ਰਾਬੀ ਵਿਚ ਵੀ ਕੰਮ ਤੋਂ ਛੋਟ ਨਹੀਂ ਸੀ। ਜਿੰਨਾ ਕੰਮ ਦਿੱਤਾ ਜਾਂਦਾ ਸੀ, ਉਨਾ ਕਰਨਾ ਲਾਜ਼ਮੀ ਸੀ ਨਹੀਂ ਤਾਂ ਸਜ਼ਾ ਭੁਗਤਣ ਲਈ ਤਿਆਰ ਰਹਿਣਾ ਪੈਂਦਾ ਸੀ। ਅੰਡੇਮਾਨ ਦੀ ਆਬ-ਓ-ਹਵਾ ਐਸੀ ਹੈ ਜਿੱਥੇ ਸਾਲ ਵਿਚ ਨੌਂ ਮਹੀਨੇ ਮੌਸਮ ਖ਼ਰਾਬ ਰਹਿੰਦਾ ਹੈ। ਕਦੋਂ ਮੀਂਹ ਪੈ ਜਾਵੇ ਕੋਈ ਪਤਾ ਨਹੀਂ ਲੱਗਦਾ। ਕੈਦੀ ਮੀਂਹ ਵਿਚ ਵੀ ਕੰਮ ਕਰਨ ਲਈ ਮਜਬੂਰ ਸਨ। ਕੈਦੀਆਂ ਦੇ ਕੱਪੜੇ ਗਿੱਲੇ ਹੋ ਜਾਂਦੇ ਸਨ ਜਿਹੜੇ ਬੀਮਾਰੀ ਦਾ ਕਾਰਨ ਬਣਦੇ ਸਨ। ਮਲੇਰੀਆ, ਤਪਦਿਕ, ਦਸਤ ਆਦਿ ਬੀਮਾਰੀਆਂ ਬਹੁਤੀਆਂ ਬਾਹਰ ਕੰਮ ਕਰਨ ਵਾਲੇ ਕੈਦੀਆਂ ਨੂੰ ਲੱਗ ਜਾਂਦੀਆਂ ਸਨ। ਮੀਂਹ ਨਾਲ ਪੈਦਾ ਹੋਇਆ ਮੱਛਰ ਅਤੇ ਜੋਕਾਂ ਕੈਦੀਆਂ ਦਾ ਭਾਰੀ ਸਰੀਰਕ ਨੁਕਸਾਨ ਕਰ ਦਿੰਦੀਆਂ ਸਨ। ਜਿਹੜੇ ਕੈਦੀ ਜੇਲ੍ਹ ਵਿਚ ਰਹਿ ਜਾਂਦੇ ਸਨ ਉਹ ਖ਼ੁਸ਼ਕਿਸਮਤ ਸਮਝਦੇ ਸਨ ਕਿ ਚਲੋ ਸਾਫ਼ ਜਗ੍ਹਾ 'ਤੇ ਤਾਂ ਕੰਮ ਕਰਨ ਨੂੰ ਮਿਲਿਆ।

ਜਿਹੜਾ ਖਾਣਾ ਕੈਦੀਆਂ ਨੂੰ ਦਿੱਤਾ ਜਾਂਦਾ ਸੀ ਉਸ ਵਿਚ ਕਈ ਵਾਰੀ ਪੀਸਿਆ ਹੋਇਆ ਸ਼ੀਸ਼ਾ, ਕੰਕਰ ਆਦਿ ਮਿਲਾਇਆ ਹੁੰਦਾ ਸੀ। ਰੋਟੀ ਵਿਚ ਮਿੱਟੀ ਹੁੰਦੀ ਸੀ। ਜਿਹੜੇ ਕੈਦੀ ਜੇਲ੍ਹ ਵਿੱਚੋਂ ਬਾਹਰ ਕੰਮ ਲਈ ਲਿਜਾਏ ਜਾਂਦੇ ਸਨ ਉਨ੍ਹਾਂ ਤੋਂ ਸੜਕਾਂ ਬਣਾਉਣ, ਰੁੱਖ ਕੱਟਣ ਅਤੇ ਹੋਰ ਉਸਾਰੀ ਦੇ ਕੰਮ ਲਏ ਜਾਂਦੇ ਸਨ। ਇਨ੍ਹਾਂ ਵਿੱਚੋਂ ਕੋਈ ਵੀ ਕੈਦੀ ਭੱਜਣ ਦੀ ਹਿੰਮਤ ਨਹੀਂ ਕਰ ਸਕਦਾ ਸੀ, ਕਿਉਂਕਿ ਜੰਗਲ ਵਿਚ ਜਾਨਵਰਾਂ ਅਤੇ ਜਾਂਗਲੀ ਲੋਕਾਂ ਤੋਂ ਖ਼ਤਰਾ ਹੁੰਦਾ ਸੀ ਅਤੇ ਸਮੁੰਦਰ ਰਾਹੀਂ ਭਾਰਤ ਆਉਣ ਦਾ ਕੋਈ ਸਾਧਨ ਮੌਜੂਦ ਨਹੀਂ ਸੀ। ਜਿਨ੍ਹਾਂ ਨੇ ਤੈਰ ਕੇ ਸਮੁੰਦਰ ਪਾਰ ਕਰਨ ਦਾ ਹੀਆ ਕੀਤਾ ਸੀ, ਕੋਈ ਵੀ ਕਿਨਾਰੇ ਨਹੀਂ ਲੱਗ ਸਕਿਆ ਸੀ। ਜੇਲ੍ਹ ਵਿਚ ਕੈਦੀਆਂ ਨੂੰ ਨਾਰੀਅਲ ਵਿੱਚੋਂ ਤੇਲ ਕੱਢਣ ਅਤੇ ਨਾਰੀਅਲ ਦੇ ਬਾਹਰੀ ਛਿਲਕੇ ਨੂੰ ਕੁੱਟ ਕੇ ਇਸ ਨੂੰ ਨਰਮ ਕਰਨਾ ਪੈਂਦਾ

ਸੀ ਤਾਂ ਕਿ ਇਸ ਤੋਂ ਰੱਸੇ ਆਦਿ ਬਣਾਏ ਜਾ ਸਕਣ। ਜਿਨ੍ਹਾਂ ਕੋਲ ਹਰੇ ਛਿਲਕੇ ਆ ਜਾਂਦੇ ਸਨ ਉਨ੍ਹਾਂ ਦੀ ਜਾਨ ਸੌਖੀ ਹੋ ਜਾਂਦੀ ਸੀ, ਕਿਉਂਕਿ ਹਰੇ ਛਿਲਕੇ ਨੂੰ ਛੇਤੀ ਹੀ ਨਰਮ ਕੀਤਾ ਜਾ ਸਕਦਾ ਸੀ, ਪਰ ਜਿਨ੍ਹਾਂ ਨੂੰ ਸੁੱਕੇ ਹੋਏ ਛਿਲਕਿਆਂ ਨੂੰ ਕੁੱਟਣ ਦਾ ਕੰਮ ਦਿਤਾ ਜਾਂਦਾ ਸੀ ਉਹਨਾਂ ਦੀ ਹਾਲਤ ਖ਼ਰਾਬ ਹੋ ਜਾਂਦੀ ਸੀ। ਛਿਲਕੇ ਕੁੱਟਦੇ-ਕੁੱਟਦੇ ਹੱਥਾਂ ਵਿਚ ਛਾਲੇ ਪੈ ਜਾਂਦੇ ਸਨ। ਇੰਨੀ ਸਖ਼ਤ ਮਿਹਨਤ ਕਰਨ ਵਾਲਿਆਂ ਨੂੰ ਚਾਵਲਾਂ ਦੀ ਪਿੱਛ ਜਾਂ ਮਿੱਟੀ ਮਿਲੀਆਂ ਰੋਟੀਆਂ ਨਾਲ ਗੁਜ਼ਾਰਾ ਕਰਨਾ ਪੈਂਦਾ ਸੀ। ਜੇਲ੍ਹ ਸਟਾਫ਼ ਦਾ ਕਹਿਣਾ ਨਾ ਮੰਨਣ ਵਾਲਿਆਂ ਲਈ ਬੈਂਤ ਦੀ ਸਜ਼ਾ ਦਾ ਵਿਧਾਨ ਸੀ।

**ਸਿੱਖ ਕੈਦੀਆਂ ਦਾ ਧਾਰਮਿਕ ਜੋਸ਼:** ਅੰਡੇਮਾਨ ਜੇਲ੍ਹ ਵਿਚ ਪੰਜਾਬ ਤੋਂ ਲਿਆਂਦੇ ਗਏ ਰਾਜਸੀ ਕੈਦੀਆਂ ਵਿਚ ਸਿੱਖਾਂ ਦੀ ਬਹੁ-ਗਿਣਤੀ ਸੀ। ਹਿੰਦੂ ਅਤੇ ਮੁਸਲਮਾਨਾਂ ਦੀ ਗਿਣਤੀ ਆਟੇ ਵਿਚ ਲੂਣ ਦੇ ਬਰਾਬਰ ਸੀ। ਸਿੱਖ ਕੈਦੀ ਆਪਣੇ ਧਾਰਮਿਕ ਪਿਛੋਕੜ ਅਤੇ ਪਰੰਪਰਾਵਾਂ ਨਾਲ ਚੰਗੀ ਤਰ੍ਹਾਂ ਰਸੇ ਹੋਏ ਸਨ ਅਤੇ ਦੂਜੇ ਧਰਮਾਂ ਨਾਲ ਸੰਬੰਧਿਤ ਜਿਹੜੇ ਪੰਜਾਬੀ ਕੈਦੀ ਉੱਥੇ ਲਿਆਂਦੇ ਗਏ ਸਨ ਉਨ੍ਹਾਂ ਵਿੱਚੋਂ ਇੱਕਾ-ਦੁੱਕਾ ਨੂੰ ਛੱਡ ਕੇ ਸਭ ’ਤੇ ਪੰਜਾਬ ਦੀ ਅਣਖੀ ਪਰੰਪਰਾ ਦਾ ਪ੍ਰਭਾਵ ਸੀ। ਜਬਰ ਅਤੇ ਜ਼ੁਲਮ ਨੂੰ ਸਹਿਣ ਨਾ ਕਰਨਾ ਅਤੇ ਉਸ ਦਾ ਡਟ ਕੇ ਮੁਕਾਬਲਾ ਕਰਨਾ ਪੰਜਾਬੀਆਂ ਦੇ ਸੁਭਾਅ ਵਿਚ ਸੀ। ਗੁਰੂ ਦਾ ਓਟ-ਆਸਰਾ ਲੈ ਕੇ ਜਿਹੜਾ ਕਾਰਜ ਸ਼ੁਰੂ ਕਰਦੇ ਉਸ ਨੂੰ ਪੂਰਾ ਕਰਨ ਲਈ ਆਪਣੀ ਜਾਨ ਦੀ ਵੀ ਪਰਵਾਹ ਨਾ ਕਰਦੇ। ਬਾਬਾ ਜਵਾਲਾ ਸਿੰਘ, ਬਾਬਾ ਵਸਾਖਾ ਸਿੰਘ ਆਦਿ ਸਿੱਖ ਖ਼ੁਸ਼ਹਾਲ ਜੀਵਨ ਦੀ ਆਸ ਵਿਚ ਜਦੋਂ ਅਮਰੀਕਾ ਜਾ ਵੱਸੇ ਸਨ ਤਾਂ ਇਨ੍ਹਾਂ ਨੇ ਉੱਥੋਂ ਦੇ ਸਟਾਕਟਨ ਨਗਰ ਵਿਖੇ ਸਭ ਤੋਂ ਪਹਿਲਾਂ ਗੁਰਦੁਆਰਾ ਸਾਹਿਬ ਬਣਾਇਆ ਸੀ। ਅਮਰੀਕਾ ਜਾ ਵੱਸੇ ਪੰਜਾਬੀ ਜਦੋਂ ਭਾਰਤ ਵੱਲ ਮੁੜੇ ਤਾਂ ਉਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਅੱਗੇ ਦੇਸ਼ ਨੂੰ ਅਜ਼ਾਦ ਕਰਾਉਣ ਦਾ ਬਚਨ ਲਿਆ ਸੀ ਜਿਸ ਦਾ ਵਰਣਨ ਕਰਦੇ ਹੋਏ ਚਰੰਜੀ ਲਾਲ ਕੰਗਣੀਵਾਲ ਦੱਸਦੇ ਹਨ ਕਿ ਬਾਬਾ ਜਵਾਲਾ ਸਿੰਘ ਨੇ “ਆਪਣੇ ਸਾਥੀਆਂ ਬਾਬਾ ਵਸਾਖਾ ਸਿੰਘ ਅਤੇ ਭਾਈ ਸੰਤੋਖ ਸਿੰਘ ਨਾਲ ਮਿਲ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਅੱਗੇ ਪ੍ਰਣ ਕਰ ਕੇ ਦੇਸ਼ ਲਈ ਆਪਣਾ ਸਭ ਕੁਝ ਵਾਰਨ ਲਈ ਕਮਰਕੱਸੇ ਕਰ ਲਏ।” ਗ਼ਦਰੀਆਂ ਦੇ ਮਨ ਵਿਚ ਦੇਸ਼ ਪ੍ਰੇਮ ਉਸ ਸਮੇਂ ਪੈਦਾ ਹੋਇਆ ਸੀ ਜਦੋਂ ਉਨ੍ਹਾਂ ਨੂੰ ਬਾਹਰਲੇ ਮੁਲਕਾਂ ਵਿਚ ਗ਼ੁਲਾਮੀ ਦੀ ਭਾਵਨਾ ਦਾ ਅਹਿਸਾਸ ਹੋਇਆ ਸੀ। ਗ਼ੁਲਾਮੀ ਦੀ ਭਾਵਨਾ ਤੋਂ ਮੁਕਤ ਹੋਣ ਲਈ ਧਾਰਮਿਕ ਭਾਵਨਾਵਾਂ ਨੇ ਉਨ੍ਹਾਂ ਦਾ ਆਧਾਰ ਬਣੀਆਂ ਸਨ। ਪੰਜਾਬੀਆਂ ਦੀ ਪਰੰਪਰਾ ਵਿਚ ਗੁਰੂ ਸਾਹਿਬਾਨ ਨੇ ਅਣਖ਼ ’ਤੇ ਸਵੈਮਾਣ ਭਰਪੂਰ ਜੀਵਨ-ਜਾਚ ਦਾ ਜਿਹੜਾ ਬੀਜ ਬੀਜਿਆ ਸੀ, ਉਸ ਨੇ ਪ੍ਰਫੁਲਿਤ ਹੋਣਾ ਸ਼ੁਰੂ ਕਰ ਦਿੱਤਾ ਸੀ। ਜੇਲ੍ਹਾਂ ਦੀਆਂ ਕਾਲ-ਕੋਠੜੀਆਂ ਅਤੇ ਸਖ਼ਤੀਆਂ ਨੂੰ ਉਨ੍ਹਾਂ ਨੇ ਪ੍ਰਭੂ ਦਾ ਭਾਣਾ ਮੰਨ ਲਿਆ ਸੀ। ਰਾਜਸੀ ਕੈਦੀਆਂ ਨੂੰ ਅੰਡੇਮਾਨ ਜੇਲ੍ਹ ਵਿਚ ਸਭ ਤੋਂ ਵਧੇਰੇ ਸਖ਼ਤੀਆਂ ਦਾ ਸਾਹਮਣਾ ਕਰਨਾ ਪਿਆ ਸੀ। ਇਨ੍ਹਾਂ ਸਖ਼ਤੀਆਂ ਸਮੇਂ ਸਿੱਖ ਕੈਦੀਆਂ ਦੀ ਚੜ੍ਹਦੀ ਕਲਾ ਦਾ ਵਰਣਨ ਕਰਦੇ ਹੋਏ ਬਾਬਾ ਵਸਾਖ਼ਾ ਸਿੰਘ ਲਿਖਦੇ ਹਨ:

*ਸਖ਼ਤ ਸਾਨੂੰ ਫਿਰ ਦੇਣ ਤਕਲੀਫ਼ ਭਾਈ,*

*ਕਹਿਰ ਸਾਡੇ ਉਤੇ ਚੰਗਾ ਗੁਜ਼ਾਰਿਆ ਜੀ।*
*ਰੱਖ ਆਸਰਾ ਅਸੀਂ ਕਰਤਾਰ ਦਾ ਜੀ,*
*ਨਾਮ ਵਾਹਿਗੁਰੂ ਮੁਖ਼ੋਂ ਉਚਾਰਿਆ ਜੀ।*

**ਜੇਲ੍ਹ ਸਟਾਫ਼ ਦੇ ਵਿਹਾਰ ਵਿਚ ਨਰਮੀ:** ਜੇਲ੍ਹ ਅਧਿਕਾਰੀਆਂ ਦੇ ਜ਼ੁਲਮਾਂ ਤੋਂ ਕੈਦੀ ਬਹੁਤ ਤੰਗ ਸਨ। ਛੋਟੀ-ਛੋਟੀ ਗੱਲ 'ਤੇ ਸਖ਼ਤ ਸਜ਼ਾਵਾਂ ਦਿੱਤੀਆਂ ਜਾਂਦੀਆਂ ਸਨ। ਕੈਦੀਆਂ ਦਾ ਸਰੀਰ ਰੂੰ ਵਾਂਗ ਕੁੱਟਿਆ ਜਾਂਦਾ ਸੀ। ਗਿੱਲੀਆਂ ਬੈਂਤਾਂ ਦੀ ਸਜ਼ਾ ਸਰੀਰ ਤੋਂ ਮਾਸ ਵੱਖ ਕਰਨ ਲਈ ਕਾਫ਼ੀ ਸੀ। ਬੇਹਤਾਸ਼ਾ ਕੁੱਟ-ਮਾਰ ਕਾਰਨ ਕਈ ਕੈਦੀ ਮਾਰੇ ਜਾ ਰਹੇ ਸਨ। ਬਾਬਾ ਭਾਨ ਸਿੰਘ ਵੀ ਉਨ੍ਹਾਂ ਵਿੱਚੋਂ ਹੀ ਇਕ ਸੀ। ਕੈਦੀ ਚਾਹੁੰਦੇ ਸਨ ਕਿ ਜੇਲ੍ਹ ਵਿਚ ਹੋ ਰਹੇ ਜ਼ੁਲਮਾਂ ਦੀ ਗੱਲ ਬਾਹਰ ਨਿਕਲੇ ਤਾਂ ਹੀ ਰਾਹਤ ਮਿਲ ਸਕਦੀ ਹੈ। ਬਾਹਰ ਜਾਣ ਵਾਲੀ ਹਰ ਇਕ ਚਿੱਠੀ, ਕਾਗ਼ਜ਼ ਜਾਂ ਰੁੱਕਾ ਜੇਲ੍ਹਰ ਦੀ ਪ੍ਰਵਾਨਗੀ ਤੋਂ ਬਗ਼ੈਰ ਬਾਹਰ ਨਹੀਂ ਜਾ ਸਕਦਾ ਸੀ। ਲੱਗਭਗ ਤਿੰਨ ਸਾਲ ਬਾਅਦ ਇਕ ਚਿੱਠੀ ਕਲਕੱਤੇ ਪੁੱਜਣ ਵਿਚ ਕਾਮਯਾਬ ਹੋ ਗਈ ਜਿਹੜੀ ਕਿ ਉੱਥੋਂ ਦੇ ਇਕ ਅਖ਼ਬਾਰ ਵਿਚ ਛਪੀ। ਇਸ ਚਿੱਠੀ ਦੇ ਛਪਦਿਆਂ ਹੀ ਲੋਕਾਂ ਵਿਚ ਹਾਹਾਕਾਰ ਮੱਚ ਗਈ। ਅੰਡੇਮਾਨ ਜੇਲ੍ਹ ਦੀਆਂ ਸਜ਼ਾਵਾਂ ਰਾਜਨੀਤਿਕ ਸੰਘਰਸ਼ ਕਰ ਰਹੀਆਂ ਪਾਰਟੀਆਂ ਦਾ ਮੁੱਖ ਮੁੱਦਾ ਬਣ ਗਿਆ। ਕਲਕੱਤੇ ਤੋਂ ਪੰਜਾਬ ਅਤੇ ਦੱਖਣ ਤਕ ਅੰਡੇਮਾਨ ਦੇ ਜ਼ੁਲਮਾਂ ਦੀਆਂ ਖ਼ਬਰਾਂ ਛਪਣ ਲੱਗੀਆਂ। ਸਰਕਾਰ ਦੀ ਸਖ਼ਤੀ ਅਤੇ ਆਪਹੁਦਰੇਪਨ ਕਾਰਨ ਇਨ੍ਹਾਂ ਦਿਨਾਂ ਵਿਚ ਹੀ ਪੰਜਾਬ ਵਿਚ ਜਲ੍ਹਿਆਂ ਵਾਲੇ ਬਾਗ਼ ਦਾ ਸਾਕਾ ਹੋ ਗਿਆ। ਸਾਰੇ ਦੇਸ਼ ਵਿਚ ਅੰਗਰੇਜ਼ ਸਰਕਾਰ ਖ਼ਿਲਾਫ਼ ਨਫ਼ਰਤ ਦੀ ਅੱਗ ਫੈਲ ਗਈ। ਸਰਕਾਰ ਨੇ ਆਪਣੀ ਚਮੜੀ ਬਚਾਉਣ ਲਈ ਮਾਰਚ ੧੯੨੦ ਈ. ਵਿਚ ਇਕ ਕਮਿਸ਼ਨ ਅੰਡੇਮਾਨ ਭੇਜਿਆ ਜਿਸ ਨੇ ਸੈਲੂਲਰ ਜੇਲ੍ਹ ਦਾ ਦੌਰਾ ਕੀਤਾ। ਜੇਲ੍ਹਰ ਨੇ ਬਹੁਤ ਯਤਨ ਕੀਤੇ ਕਿ ਅਜ਼ਾਦੀ ਦੀ ਜੰਗ ਵਿਚ ਫੜੇ ਹੋਏ ਕੈਦੀ ਕਮਿਸ਼ਨ ਦੇ ਸਾਹਮਣੇ ਨਾ ਆਉਣ, ਪਰ ਜਿਹਾ ਸੰਭਵ ਨਾ ਹੋ ਸਕਿਆ। ਪੜਤਾਲੀਆ ਕਮਿਸ਼ਨ ਨੇ ਜਦੋਂ ਦੇਸ਼-ਭਗਤਾਂ ਦੇ ਮੂੰਹੋਂ ਜੇਲ੍ਹ ਸਟਾਫ਼ ਦੇ ਜ਼ੁਲਮਾਂ ਦੀਆਂ ਕਹਾਣੀਆਂ ਸੁਣੀਆਂ ਤਾਂ ਦੰਗ ਰਹਿ ਗਏ। ਇਸ ਕਮਿਸ਼ਨ ਦੀ ਰਿਪੋਰਟ ਨੇ ਸਰਕਾਰ ਨੂੰ ਮਜਬੂਰ ਕਰ ਦਿੱਤਾ ਕਿ ਉਹ ਕੈਦੀਆਂ ਦੀਆਂ ਸਜ਼ਾਵਾਂ ਘੱਟ ਕਰੇ, ਭਾਰਤ ਦੀਆਂ ਹੋਰਨਾਂ ਜੇਲ੍ਹਾਂ ਵਿਚ ਤਬਦੀਲ ਕਰੇ ਅਤੇ ਜਾਂ ਫਿਰ ਉਨ੍ਹਾਂ ਨੂੰ ਛੱਡ ਦੇਵੇ। ਪੜਤਾਲੀਆ ਕਮਿਸ਼ਨ ਦੀ ਰਿਪੋਰਟ ਨੇ ਜੇਲ੍ਹ ਸਟਾਫ਼ ਦੇ ਵਰਤਾਉ ਵਿਚ ਬਹੁਤ ਬਦਲਾਉ ਲੈ ਆਂਦਾ।

ਵੱਖੋ-ਵੱਖਰੇ ਸਰੋਤਾਂ ਤੋਂ ਜਿਹੜੇ ਕੈਦੀਆਂ ਦੇ ਨਾਂਵਾਂ ਦਾ ਵੇਰਵਾ ਪ੍ਰਾਪਤ ਹੋਇਆ ਹੈ, ਉਨ੍ਹਾਂ ਬਾਰੇ ਇੱਥੇ ਸੰਖੇਪ ਜਾਣਕਾਰੀ ਦੇਣ ਦਾ ਯਤਨ ਕੀਤਾ ਜਾ ਰਿਹਾ ਹੈ:

**ਸ. ਊਧਮ ਸਿੰਘ:** ਪੰਜਾਬ ਦੇ ਸ੍ਰੀ ਅੰਮ੍ਰਿਤਸਰ ਜ਼ਿਲ੍ਹੇ ਵਿਚ ਪੈਂਦੇ ਕਸੇਲ ਪਿੰਡ ਵਿਖੇ ੧੯੮੨ ਵਿਚ ਸ. ਮੇਵਾ ਸਿੰਘ ਅਤੇ ਮਾਤਾ ਹਰਨਾਮ ਕੌਰ ਦੇ ਘਰ ਇਨ੍ਹਾਂ ਦਾ ਜਨਮ ਹੋਇਆ ਸੀ। ੨੫ ਸਾਲ ਦੀ ਉਮਰ ਵਿਚ ਇਹ ਬਾਹਰ ਚਲੇ ਗਏ ਅਤੇ ਕਈ ਮੁਲਕਾਂ ਵਿੱਚੋਂ ਹੁੰਦੇ ਹੋਏ ਇਹ ਅਮਰੀਕਾ ਪਹੁੰਚ ਗਏ ਜਿੱਥੇ ਗ਼ਦਰ ਪਾਰਟੀ ਦੇ ਆਗੂਆਂ ਨਾਲ ਇਨ੍ਹਾਂ ਦਾ ਮੇਲ ਹੋਇਆ। ਇਨ੍ਹਾਂ ਨੇ ਕੁਝ ਨੌਜਵਾਨਾਂ ਨਾਲ ਮਿਲ ਕੇ ਸ. ਜਵਾਲਾ ਸਿੰਘ

ਠੱਟੀਆਂ ਦੇ ਫ਼ਾਰਮ 'ਤੇ ਜਾ ਕੇ ਫ਼ੌਜੀ ਟ੍ਰੇਨਿੰਗ ਪ੍ਰਾਪਤ ਕੀਤੀ। ਅਮਰੀਕਾ ਤੋਂ ਤੋਸ਼ਾਮਾਰੂ ਜਹਾਜ਼ ਵਿਚ ਭਾਰਤ ਆਏ ਤਾਂ ਗ੍ਰਿਫ਼ਤਾਰ ਕਰ ਕੇ ਇਨ੍ਹਾਂ ਨੂੰ ਪਹਿਲੇ ਲਾਹੌਰ ਸਾਜਿਸ਼ ਕੇਸ ਵਿਚ ੨੯ ਅਕਤੂਬਰ, ੧੯੧੫ ਈ. ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ। ਸਜ਼ਾ ਭੁਗਤਣ ਲਈ ਇਨ੍ਹਾਂ ਨੂੰ ਪਹਿਲਾਂ ਕਲਕੱਤੇ ਦੀ ਅਲੀਪੁਰ ਜੇਲ੍ਹ ਵਿਚ ਲਿਜਾਇਆ ਗਿਆ ਅਤੇ ਫਿਰ ੧੦ ਦਸੰਬਰ, ੧੯੧੫ ਈ. ਨੂੰ ਅੰਡੇਮਾਨ ਅਤੇ ਨਿਕੋਬਾਰ ਵਿਖੇ ਬਣਾਈ ਗਈ ਸੈਲੂਲਰ ਜੇਲ੍ਹ ਵਿਚ ਪਹੁੰਚਾਇਆ ਗਿਆ। ਇੱਥੇ ਬਾਬਾ ਜਵਾਲਾ ਸਿੰਘ ਦੀ ਅਗਵਾਈ ਵਿਚ ਇਹ ਜੇਲ੍ਹਰ ਦੀਆਂ ਵਧੀਕੀਆਂ ਦਾ ਵਿਰੋਧ ਕਰਦੇ ਰਹੇ। ੧੯੨੧ ਈ. ਵਿਚ ਇਸ ਨੂੰ ਮਦਰਾਸ ਦੀ ਕੋਇੰਬਟੂਰ ਜੇਲ੍ਹ ਵਿਚ ਤਬਦੀਲ ਕਰ ਦਿੱਤਾ ਗਿਆ। ਇਸੇ ਸਾਲ ਇਹ ਕੋਇੰਬਟੂਰ (ਮਦਰਾਸ) ਜ਼ੇਲ ਵਿੱਚੋਂ ਫ਼ਰਾਰ ਹੋ ਕੇ ਕਾਬੁਲ ਵੱਲ ਚਲੇ ਗਏ ਸੀ। ਇੱਥੇ ਵੀ ਇਨ੍ਹਾਂ ਨੇ ਆਪਣਾ ਮਿਸ਼ਨ ਜਾਰੀ ਰੱਖਿਆ ਅਤੇ ਇਨ੍ਹਾਂ ਨੇ ਪੰਜਾਬ ਦੇ ਸੁਤੰਤਰਤਾ ਸੈਨਾਨੀਆਂ ਨਾਲ ਸੰਬੰਧ ਬਣਾਏ ਹੋਏ ਸਨ। ੧੯੨੬ ਵਿਚ ਇਹ ਸ੍ਰੀ ਅੰਮ੍ਰਿਤਸਰ ਆਏ ਅਤੇ ਇੱਥੋਂ ਵਾਪਸ ਜਾਂਦੇ ਨੂੰ ਰਾਹ ਵਿਚ ਦੋ ਪਠਾਣ ਲੁਟੇਰਿਆਂ ਨੇ ਇਨ੍ਹਾਂ ਦਾ ਕਤਲ ਕਰ ਦਿੱਤਾ ਸੀ। ਪਤਾ ਲੱਗਣ 'ਤੇ ਪਠਾਣ ਸਮਾਜ ਨੇ ਉਨ੍ਹਾਂ ਲੁਟੇਰਿਆਂ ਦਾ ਬਾਈਕਾਟ ਕਰ ਦਿੱਤਾ ਸੀ। ਸ. ਊਧਮ ਸਿੰਘ ਦੀ ਮੌਤ ਸੰਬੰਧੀ ਇਹ ਗੱਲ ਵੀ ਪ੍ਰਚਲਿਤ ਹੋ ਗਈ ਸੀ ਕਿ ਉਨ੍ਹਾਂ ਨੂੰ ਸੀ.ਆਈ.ਡੀ. ਦੇ ਬੰਦਿਆਂ ਨੇ ਮਾਰਿਆ ਹੈ।

**ਸ. ਅਮਰ ਸਿੰਘ:** ਇਹ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਸ਼ੇਰਪੁਰ ਦੇ ਵਸਨੀਕ ਸ. ਵਰਿਆਮ ਸਿੰਘ ਦਾ ਪੁੱਤਰ ਸੀ। ੧੮੮੧ ਵਿਚ ਇਨ੍ਹਾਂ ਦਾ ਜਨਮ ਹੋਇਆ। ਰੁਜਗਾਰ ਦੀ ਭਾਲ ਵਿਚ ਇਹ ਇਹ ਸਿਆਮ (ਥਾਈਲੈਂਡ) ਚਲੇ ਗਿਆ ਸੀ ਜਿੱਥੇ ਇਨ੍ਹਾਂ ਨੇ ਇੰਜੀਨੀਅਰ ਵਜੋਂ ਨੌਕਰੀ ਹਾਸਲ ਕਰ ਲਈ ਸੀ। ਜਰਮਨ ਇੰਜਨੀਅਰਾਂ ਨਾਲ ਇਨ੍ਹਾਂ ਦਾ ਸੁਖਾਵਾਂ ਤਾਲਮੇਲ ਸੀ ਅਤੇ ਇਹ ਨਿਰੰਤਰ ਆਪਣੇ ਕੰਮ ਵਿਚ ਜੁਟੇ ਰਹਿੰਦੇ ਸੀ, ਜਿਸ ਕਾਰਨ ਇਨ੍ਹਾਂ ਦੀ ਆਪਣੇ ਸਾਥੀਆਂ ਵਿਚ ਪ੍ਰਸੰਸਾ ਵੀ ਹੁੰਦੀ ਸੀ। ਇਕ ਕਵੀ ਇਨ੍ਹਾਂ ਦੇ ਮਨ ਵਿਚ ਹਮੇਸ਼ਾਂ ਵਲਵਲੇ ਲੈਂਦਾ ਰਹਿੰਦਾ ਸੀ ਜਿਸ ਦੇ ਪ੍ਰਭਾਵ ਅਧੀਨ ਇਹ ਦੇਸ਼-ਭਗਤੀ ਦੇ ਗੀਤ ਗਾਉਣ ਲੱਗ ਪੈਂਦੇ ਸੀ। ਅਮਰੀਕਾ ਤੋਂ ਪ੍ਰਕਾਸ਼ਿਤ ਹੋਣ ਵਾਲਾ ਗ਼ਦਰ ਅਖ਼ਬਾਰ ਜਿਹੜੇ ਵੀ ਦੇਸ਼ ਵਿਚ ਜਾਂਦਾ ਭਾਰਤੀਆਂ ਦੇ ਮਨ ਵਿਚ ਅਜ਼ਾਦੀ ਦੀ ਲਹਿਰ ਪੈਦਾ ਕਰ ਦਿੰਦਾ। ਇਸ ਦੇ ਨਾਲ ਹੀ ਅਮਰੀਕਾ ਤੋਂ ਭਾਰਤ ਆਉਣ ਵਾਲੇ ਦੇਸ਼-ਭਗਤ ਜਿਸ ਵੀ ਦੇਸ਼ ਵਿੱਚੋਂ ਹੋ ਕੇ ਜਾਂਦੇ ਸਨ, ਆਪਣੀਆਂ ਤਕਰੀਰਾਂ ਨਾਲ ਸਭ ਨੂੰ ਪ੍ਰਭਾਵਿਤ ਕਰ ਜਾਂਦੇ ਸਨ। ਤਕਰੀਰਾਂ ਦਾ ਪ੍ਰਮੁੱਖ ਸਥਾਨ ਗੁਰਦੁਆਰਾ ਸਾਹਿਬ ਹੀ ਹੁੰਦਾ ਸੀ। ਇਨ੍ਹਾਂ ਤਕਰੀਰਾਂ ਦਾ ਸ. ਅਮਰ ਸਿੰਘ ਦੇ ਮਨ 'ਤੇ ਬਹੁਤ ਅਸਰ ਹੋਇਆ ਅਤੇ ਇਹ ਗ਼ਦਰ ਲਹਿਰ ਨਾਲ ਜੁੜ ਗਏ। ਬਰਮਾ ਅਤੇ ਥਾਈਲੈਂਡ ਵਿਖੇ ਗ਼ਦਰੀ ਕਾਰਵਾਈਆਂ ਚਲਾਉਣ ਵਾਸਤੇ ਇਨ੍ਹਾਂ ਦਾ ਘਰ ਮੁੱਖ ਦਫ਼ਤਰ ਬਣ ਗਿਆ ਸੀ। ਇਹ ਆਪਣੇ ਸਾਥੀਆਂ ਨਾਲ ਮਿਲ ਕੇ ਦੇਸ਼ ਦੀ ਅਜ਼ਾਦੀ ਵਿਚ ਯੋਗਦਾਨ ਪਾਉਣ ਲਈ ਨਿਰੰਤਰ ਅਗਾਂਹਵਧੂ ਭੂਮਿਕਾ ਨਿਭਾਉਣ ਲੱਗੇ ਸੀ। ਵਿਸ਼ਵ ਯੁੱਧ ਦੇ ਬੱਦਲ ਸਮੂਹ ਦੇਸ਼ਾਂ 'ਤੇ ਮੰਡਰਾਅ ਰਹੇ ਸਨ ਅਤੇ ਸੁਤੰਤਰਤਾ ਸੰਗਰਾਮੀ ਇਸ ਦਾ ਇੰਤਜ਼ਾਰ ਕਰ ਰਹੇ ਸਨ ਤਾਂ ਕਿ ਇਸ ਤੋਂ ਲਾਹਾ ਲੈ ਕੇ ਭਾਰਤ ਨੂੰ ਅਜ਼ਾਦ ਕਰਵਾਇਆ

ਜਾ ਸਕੇ। ੧੯੧੪ ਵਿਚ ਪਹਿਲਾ ਵਿਸ਼ਵ ਯੁੱਧ ਅਰੰਭ ਹੋਇਆ ਤਾਂ ਭਾਰਤੀਆਂ ਨੂੰ ਆਪਣੀ ਯੋਜਨਾ ਨੂੰ ਬੂਰ ਪੈਂਦਾ ਨਜ਼ਰ ਆਉਣ ਲੱਗਾ। ਇਸ ਯੁੱਧ ਦਾ ਨਕਾਰਾਤਮਿਕ ਪਹਿਲੂ ਇਹ ਸੀ ਕਿ ਇਹ ਆਸ ਤੋਂ ਪਹਿਲਾਂ ਸ਼ੁਰੂ ਹੋ ਗਿਆ ਸੀ ਅਤੇ ਭਾਰਤੀ ਸੰਗਰਾਮੀਆਂ ਨੇ ਹਾਲੇ ਇਸ ਦੀ ਪੂਰੀ ਤਿਆਰੀ ਨਹੀਂ ਕੀਤੀ ਸੀ।

ਜਰਮਨ ਭਾਰਤ ਦੇ ਬਾਗ਼ੀਆਂ ਨੂੰ ਆਪਣੇ ਹੱਕ ਵਿਚ ਵਰਤਣਾ ਚਾਹੁੰਦਾ ਸੀ ਤਾਂ ਕਿ ਭਾਰਤ ਦੀ ਸਰਕਾਰ ਨੂੰ ਕਮਜ਼ੋਰ ਕਰ ਕੇ ਇਸ 'ਤੇ ਕਬਜ਼ਾ ਕੀਤਾ ਜਾ ਸਕੇ। ਜਰਮਨ ਨੇ ਗ਼ਦਰੀਆਂ ਅਤੇ ਭਾਰਤ ਨੂੰ ਅਜ਼ਾਦ ਕਰਾਉਣ ਦੇ ਇੱਛੁਕ ਭਾਰਤੀਆਂ ਨੂੰ ਆਪਣੇ ਹੱਕ ਵਿਚ ਵਰਤਣ ਲਈ ਜਿੱਥੇ ਜਰਮਨ ਵਿਖੇ ਕੰਮ ਕਰਨ ਵਾਲੀਆਂ ਭਾਰਤੀ ਜਥੇਬੰਦੀਆਂ ਨਾਲ ਸੰਪਰਕ ਸਥਾਪਿਤ ਕੀਤਾ, ਉੱਥੇ ਸਿੰਘਾਪੁਰ, ਥਾਈਲੈਂਡ, ਬਰਮਾ ਆਦਿ ਦੇਸ਼ਾਂ ਵਿਚ ਵਸੇ ਭਾਰਤੀਆਂ ਨੂੰ ਹਥਿਆਰ ਪਹੁੰਚਾਉਣ ਦਾ ਯਤਨ ਨਿਰੰਤਰ ਜਾਰੀ ਸੀ। ਇਸ ਮੁਹਿੰਮ ਵਿਚ ਲੱਗੇ ਹੋਏ ਇਕ ਜਰਮਨ ਬਾਗੀ ਦੇ ਫੜੇ ਜਾਣ ਨਾਲ ਸਾਰਾ ਭੇਦ ਖੁੱਲ੍ਹ ਗਿਆ ਅਤੇ ਸਰਕਾਰ ਨੇ ਗ਼ਦਰੀਆਂ ਅਤੇ ਹਥਿਆਰਬੰਦ ਸੰਘਰਸ਼ ਕਰਨ ਵਾਲਿਆਂ ਵਿਰੁੱਧ ਸਖ਼ਤ ਕਾਰਵਾਈ ਅਰੰਭ ਕਰ ਦਿੱਤੀ। ਜਿਹੜੇ ਫੜੇ ਗਏ ਉਨ੍ਹਾਂ 'ਤੇ 'ਡਿਫ਼ੈਂਸ ਆਫ਼ ਇੰਡੀਆ ਐਕਟ' ਅਧੀਨ ਮੁਕੱਦਮਾ ਚਲਾਇਆ ਗਿਆ ਜਿਹੜਾ ਕਿ ਮਾਂਡਲੇ (ਬਰਮਾ) ਸਾਜ਼ਿਸ਼ ਕੇਸ ਦੇ ਨਾਂ ਨਾਲ ਪ੍ਰਸਿੱਧ ਹੈ। ਇਸੇ ਕਾਰਵਾਈ ਦੌਰਾਨ ਸ. ਅਮਰ ਸਿੰਘ ਦੇ ਗੈਰਾਜ਼ ਵਿੱਚੋਂ ਵੀ ਭਾਰਤ ਦੀ ਅਜ਼ਾਦੀ ਹਾਸਲ ਕਰਨ ਵਾਲਾ ਸਾਹਿਤ ਅਤੇ ਹਥਿਆਰ ਫੜੇ ਗਏ। ਇਨ੍ਹਾਂ ਨੂੰ ਗ੍ਰਿਫ਼ਤਾਰ ਕਰ ਕੇ ਮੁਕੱਦਮਾ ਚਲਾਇਆ ਗਿਆ। ਜੁਲਾਈ ੧੯੧੭ ਈ. ਵਿਚ ਇਨ੍ਹਾਂ ਨੂੰ ਮੌਤ ਦੀ ਸਜ਼ਾ ਸੁਣਾਈ ਗਈ। ਇਹ ਸਜ਼ਾ ਉਮਰ ਕੈਦ ਵਿਚ ਤਬਦੀਲ ਕਰ ਕੇ ਇਸ ਨੂੰ ਫ਼ਰਵਰੀ ੧੯੧੮ ਈ. ਵਿਚ ਅੰਡੇਮਾਨ ਅਤੇ ਨਿਕੋਬਾਰ ਵਿਖੇ ਸਥਾਪਤ ਸੈਲੂਲਰ ਜੇਲ੍ਹ ਵਿਖੇ ਭੇਜ ਦਿੱਤਾ ਗਿਆ। ੧੯੩੦ ਈ. ਵਿਚ ਰਿਹਾਅ ਹੋ ਕੇ ਭਾਰਤ ਆਏ। ਪੰਜਾਬ ਦੇ ਲੁਧਿਆਣਾ ਜ਼ਿਲ੍ਹੇ ਵਿਚ ਪੈਂਦੇ ਪਿੰਡ ਸਹੌਲੀ ਵਿਖੇ ਸਨ ਕਿ ਦੂਜੇ ਵਿਸ਼ਵ ਯੁੱਧ ਦਾ ਬਿਗਲ ਵਜ ਗਿਆ। ਪੰਜਾਬ ਤੋਂ ਇਹ ਕਲਕੱਤਾ, ਅਸਾਮ ਹੁੰਦੇ ਹੋਏ ਬਰਮਾ ਪਹੁੰਚ ਗਏ ਅਤੇ ਜਪਾਨੀਆਂ ਨਾਲ ਰਲ ਕੇ ਅਜ਼ਾਦ ਹਿੰਦ ਫ਼ੌਜ ਲਈ ਕੰਮ ਕਰਨਾ ਸ਼ੁਰੂ ਕਰ ਦਿੱਤਾ। ਦੂਜੇ ਵਿਸ਼ਵ ਯੁੱਧ ਦੀ ਸਮਾਪਤੀ 'ਤੇ ਇਹ ਆਪਣੇ ਪਿੰਡ ਸ਼ੇਰਪੁਰ ਵਿਖੇ ਵਾਪਸ ਆ ਗਏ।

**ਸ. ਅਮਰ ਸਿੰਘ ਨੰਦਬੋਲ:** ਪੰਜਾਬ ਦੇ ਵਸਨੀਕ ਸ. ਅਮਰ ਸਿੰਘ ਨੰਦਬੋਲ ਗ਼ਦਰ ਲਹਿਰ ਦੀਆਂ ਸਰਗਰਮੀਆਂ ਵਿਚ ਰੁਚੀ ਰੱਖਦੇ ਸੀ। ਉਮਰ ਕੈਦ ਦੀ ਸਜ਼ਾ ਸੁਣਾ ਕੇ ਇਨ੍ਹਾਂ ਨੂੰ ਅੰਡੇਮਾਨ ਭੇਜ ਦਿੱਤਾ ਗਿਆ। ਸੈਲੂਲਰ ਜੇਲ੍ਹ ਦੇ ਕੈਦੀਆਂ ਨਾਲ ਸੰਬੰਧਿਤ ਕੁਝ ਪੁਸਤਕਾਂ ਵਿਚ ਇਨ੍ਹਾਂ ਦਾ ਜ਼ਿਕਰ ਆਉਂਦਾ ਹੈ, ਪਰ ਜੇਲ੍ਹ ਵਿਚ ਨਾਂਵਾਂ ਦੇ ਉਕਰੇ ਹੋਏ ਪੱਥਰਾਂ 'ਤੇ ਇਨ੍ਹਾਂ ਸੰਬੰਧੀ ਕੋਈ ਵੇਰਵਾ ਨਹੀਂ ਮਿਲਦਾ।

**ਸ. ਇੰਦਰ ਸਿੰਘ:** ਇਹ ਲੁਧਿਆਣਾ ਜ਼ਿਲ੍ਹੇ ਵਿਚ ਪੈਂਦੇ ਪਿੰਡ ਮੱਲ੍ਹਾ ਦੇ ਵਸਨੀਕ ਸ. ਆਲਾ ਸਿੰਘ ਦੇ ਪੁੱਤਰ ਸੀ। ਪਹਿਲੇ ਲਾਹੌਰ ਸਾਜ਼ਿਸ਼ ਕੇਸ ਵਿਚ ਜਾਇਦਾਦ ਜਬਤ ਕਰਨ ਅਤੇ ਉਮਰ ਕੈਦ ਦੀ ਸਜ਼ਾ ਸੁਣਾਈ ਗਈ। ਸਜ਼ਾ ਭੁਗਤਣ ਲਈ ਇਨ੍ਹਾਂ ਨੂੰ ਅੰਡੇਮਾਨ ਭੇਜ ਦਿੱਤਾ ਗਿਆ।

**ਸ. ਇੰਦਰ ਸਿੰਘ (ਦੂਜਾ):** ਪੰਜਾਬ ਦੇ ਸ੍ਰੀ ਅੰਮ੍ਰਿਤਸਰ ਜ਼ਿਲ੍ਹੇ ਵਿਚ ਪੈਂਦੇ ਪਿੰਡ ਸੁਰ

ਸਿੰਘ ਦੇ ਵਸਨੀਕ ਸ. ਮੂਲਾ ਸਿੰਘ ਦਾ ਇਹ ਪੁੱਤਰ ਸੀ। ਇਹ ਕਾਮਾਗਾਟਾਮਾਰੂ ਜਹਾਜ਼ ਦਾ ਯਾਤਰੂ ਸੀ। ੧੯੧੪ ਈ. ਵਿਚ ਇਸ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਸੈਂਟਰਲ ਜੇਲ੍ਹ ਲਾਹੌਰ ਵਿਚ ਇਨ੍ਹਾਂ 'ਤੇ ਮੁਕੱਦਮਾ ਚਲਾਇਆ ਗਿਆ। ਨਵੰਬਰ ੧੯੧੫ ਈ. ਵਿਚ ਇਨ੍ਹਾਂ ਦੀ ਜਾਇਦਾਦ ਜਬਤ ਕਰਨ ਅਤੇ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਜਿਹੜੀ ਕਿ ਬਾਅਦ ਵਿਚ ਘਟਾ ਕੇ ੧੦ ਸਾਲ ਕਰ ਦਿੱਤੀ ਗਈ ਸੀ। ੧੯੧੬ ਈ. ਵਿਚ ਇਨ੍ਹਾਂ ਨੂੰ ਅੰਡੇਮਾਨ ਅਤੇ ਨਿਕੋਬਾਰ ਦੀ ਸੈਲੂਲਰ ਜੇਲ੍ਹ ਵਿਖੇ ਭੇਜਿਆ ਗਿਆ ਜਿੱਥੋਂ ੧੯੨੧ ਈ. ਵਿਚ ਭਾਰਤ ਦੀ ਕਿਸੇ ਹੋਰ ਜੇਲ੍ਹ ਵਿਚ ਤਬਦੀਲ ਕਰ ਦਿੱਤਾ ਗਿਆ।

**ਸ. ਇੰਦਰ ਸਿੰਘ (ਤੀਜਾ):** ਪਾਕਿਸਤਾਨ ਪੰਜਾਬ ਦੇ ਲਾਹੌਰ ਜ਼ਿਲ੍ਹੇ ਵਿਚ ਪੈਂਦੇ ਪਿੰਡ ਭਸੀਨ ਦੇ ਵਸਨੀਕ ਸ. ਗੰਡਾ ਸਿੰਘ ਦੇ ਇਹ ਪੁੱਤਰ ਸੀ। ਪਹਿਲੇ ਲਾਹੌਰ ਸਾਜ਼ਿਸ਼ ਕੇਸ ਵਿਚ ੧੩ ਸਤੰਬਰ, ੧੯੧੫ ਈ. ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਜਿਹੜੀ ਕਿ ਬਾਅਦ ਵਿਚ ੧੦ ਸਾਲ ਕਰ ਦਿੱਤੀ ਗਈ। ਸਜ਼ਾ ਭੁਗਤਣ ਲਈ ਇਨ੍ਹਾਂ ਨੂੰ ਅੰਡੇਮਾਨ ਭੇਜ ਦਿੱਤਾ ਗਿਆ, ਪਰ ਲੱਗਭਗ ੫ ਸਾਲ ਪਿੱਛੋਂ ੨੦ ਅਪ੍ਰੈਲ, ੧੯੨੦ ਈ. ਨੂੰ ਇਨ੍ਹਾਂ ਨੂੰ ਰਿਹਾਅ ਕਰ ਦਿੱਤਾ ਗਿਆ।

**ਸ. ਸਾਉਣ ਸਿੰਘ:** ਗ਼ਦਰ ਲਹਿਰ ਨਾਲ ਸੰਬੰਧਿਤ ਇਹ ਸ੍ਰੀ ਅੰਮ੍ਰਿਤਸਰ ਜ਼ਿਲ੍ਹੇ ਵਿਚ ਪੈਂਦੇ ਪਿੰਡ ਚੱਬਾ ਦੇ ਵਸਨੀਕ ਸ. ਖ਼ੁਸ਼ਾਲ ਸਿੰਘ ਦੇ ਪੁੱਤਰ ਸੀ। ੧੯੧੫ ਈ. ਵਿਚ ਪਹਿਲੇ ਲਾਹੌਰ ਸਾਜ਼ਿਸ਼ ਕੇਸ ਵਿਚ ਇਨ੍ਹਾਂ ਨੂੰ ਪਹਿਲਾਂ ਮੌਤ ਦੀ ਸਜ਼ਾ ਸੁਣਾਈ ਗਈ ਸੀ ਜਿਹੜੀ ਕਿ ਬਾਅਦ ਵਿਚ ਉਮਰ ਕੈਦ ਵਿਚ ਤਬਦੀਲ ਕਰ ਦਿੱਤੀ ਸੀ। ਸਜ਼ਾ ਭੁਗਤਣ ਲਈ ਇਨ੍ਹਾਂ ਨੂੰ ਸੈਲੂਲਰ ਜੇਲ੍ਹ ਵਿਖੇ ਭੇਜ ਦਿੱਤਾ ਗਿਆ ਸੀ, ਜਿੱਥੇ ਇਨ੍ਹਾਂ ਨੇ ਬਾਬਾ ਜਵਾਲਾ ਸਿੰਘ ਦੀ ਅਗਵਾਈ ਵਿਚ ਜੇਲ੍ਹਰ ਦੁਆਰਾ ਛੁੱਟੀ ਵਾਲੇ ਦਿਨ ਕੰਮ ਕਰਵਾਏ ਜਾਣ ਦਾ ਵਿਰੋਧ ਕੀਤਾ ਸੀ ਜਿਸ ਦੇ ਸਿੱਟੇ ਵਜੋਂ ਇਨ੍ਹਾਂ ਨੂੰ ਛੇ ਮਹੀਨੇ ਬੇੜੀ ਵਿਚ ਰਹਿਣ ਦੀ ਸਜ਼ਾ ਸੁਣਾਈ ਗਈ। ੧੯੨੧ ਈ. ਵਿਚ ਇਨ੍ਹਾਂ ਨੂੰ ਭਾਰਤ ਦੀ ਕਿਸੇ ਹੋਰ ਜੇਲ੍ਹ ਵਿਚ ਤਬਦੀਲ ਕਰ ਦਿੱਤਾ ਗਿਆ।

**ਸ. ਸੁਰਜਨ ਸਿੰਘ:** ਇਹ ਪੰਜਾਬ ਦੇ ਲੁਧਿਆਣਾ ਜ਼ਿਲ੍ਹੇ ਵਿਚ ਪੈਂਦੇ ਪਿੰਡ ਗੁਜਰਵਾਲ ਦੇ ਵਸਨੀਕ ਸ. ਮਹਾਂ ਸਿੰਘ ਦੇ ਪੁੱਤਰ ਸੀ। ੩੦ ਮਾਰਚ, ੧੯੧੬ ਈ. ਨੂੰ ਲਾਹੌਰ ਸਪਲੀਮੈਂਟਰੀ ਸਾਜ਼ਿਸ਼ ਕੇਸ ਵਿਚ ਜਾਇਦਾਦ ਜਬਤ ਕਰਨ ਅਤੇ ਉਮਰ ਕੈਦ ਦੀ ਸਜ਼ਾ ਸੁਣਾ ਕੇ ਇਨ੍ਹਾਂ ਨੂੰ ਅੰਡੇਮਾਨ ਵਿਖੇ ਭੇਜ ਦਿੱਤਾ ਗਿਆ।

**ਸ. ਸੁਰੈਣ ਸਿੰਘ:** ਪੰਜਾਬ ਦੇ ਸ੍ਰੀ ਅੰਮ੍ਰਿਤਸਰ ਜ਼ਿਲ੍ਹੇ ਵਿਚ ਤਹਿਸੀਲ ਪੱਟੀ ਅਧੀਨ ਪੈਂਦੇ ਪਿੰਡ ਸ਼ਹਬਾਜ਼ਪੁਰ ਦੇ ਵਸਨੀਕ ਸ. ਨੱਥਾ ਸਿੰਘ ਦੇ ਇਹ ਪੁੱਤਰ ਸੀ। ਇਹ ਪਿੰਡ ਵਿਚ ਖੇਤੀਬਾੜੀ ਕਰਦੇ ਹੋਏ ਫ਼ੌਜ ਵਿਚ ਭਰਤੀ ਹੋ ਗਏ। ਫ਼ੌਜ ਵਿੱਚੋਂ ਭੱਜ ਕੇ ਇਨ੍ਹਾਂ ਨੇ ਦੇਸ਼ ਦੀ ਅਜ਼ਾਦੀ ਲਈ ਸੰਘਰਸ਼ ਕਰਨਾ ਅਰੰਭ ਕਰ ਦਿੱਤਾ। ੧੯੧੫ ਈ. ਫੜ ਕੇ ਇਨ੍ਹਾਂ 'ਤੇ ਕੇਸ ਚਲਾਇਆ ਗਿਆ। ਜਾਇਦਾਦ ਜ਼ਬਤ ਕਰ ਕੇ ਇਨ੍ਹਾਂ ਨੂੰ ਅੰਡੇਮਾਨ ਅਤੇ ਨਿਕੋਬਾਰ ਵਿਖੇ ਸਥਾਪਿਤ ਸੈਲੂਲਰ ਜੇਲ੍ਹ ਵਿਚ ਭੇਜ ਦਿੱਤਾ, ਉੱਥੇ ਹੀ ਇਹ ਅਕਾਲ ਚਲਾਣਾ ਕਰ ਗਏ।

*ਚਲਦਾ . . .*

# ਭਾਈ ਵੀਰ ਸਿੰਘ ਦੀ ਸੰਪਾਦਨ ਕਲਾ

*-ਡਾ. ਧਰਮ ਸਿੰਘ**

ਆਧੁਨਿਕ ਪੰਜਾਬੀ ਸਾਹਿਤ ਦੇ ਪਿਤਾਮਾ ਵਜੋਂ ਜਾਣੇ ਜਾਂਦੇ ਭਾਈ ਸਾਹਿਬ ਭਾਈ ਵੀਰ ਸਿੰਘ ਬਹੁ-ਵਿਧਾਵੀ ਲੇਖਕ ਸਨ। ਕਵੀ, ਨਾਵਲਕਾਰ, ਨਾਟਕਕਾਰ, ਕੋਸ਼ਕਾਰ ਅਤੇ ਅਨੁਵਾਦਕ ਹੋਣ ਦੇ ਨਾਲ-ਨਾਲ ਉਹ ਇਕ ਸੁਘੜ ਸਿਆਣੇ ਸੰਪਾਦਕ ਅਤੇ ਖੋਜਕਾਰ ਵੀ ਸਨ। ਬਾਕੀ ਵਿਧਾਵਾਂ ਵਿਚ ਉਨ੍ਹਾਂ ਦੇ ਯੋਗਦਾਨ ਦੀ ਚਰਚਾ ਕਿਸੇ ਨਾ ਕਿਸੇ ਰੂਪ ਵਿਚ ਹੁੰਦੀ ਰਹੀ ਹੈ, ਪਰ ਸੰਪਾਦਨ ਕਲਾ ਬਾਰੇ ਕੋਈ ਲਿਖਣਯੋਗ ਕੰਮ ਹਾਲੇ ਤਕ ਨਹੀਂ ਹੋਇਆ। ਇਸ ਤੋਂ ਪਹਿਲਾਂ ਕਿ ਉਨ੍ਹਾਂ ਦੇ ਸੰਪਾਦਿਤ ਗ੍ਰੰਥਾਂ ਬਾਰੇ ਚਰਚਾ ਛੇੜੀ ਜਾਵੇ, ਇਹ ਜਾਣਨਾ ਜ਼ਰੂਰੀ ਹੈ ਕਿ ਭਾਈ ਵੀਰ ਸਿੰਘ ਜੀ ਦਾ ਧਿਆਨ ਇਸ ਪਾਸੇ ਵੱਲ ਕਿਉਂ ਗਿਆ? ਬੇਸ਼ੱਕ ਭਾਈ ਵੀਰ ਸਿੰਘ ਦੀ ਵਧੇਰੇ ਮਹਿਮਾ ਮੌਲਿਕ ਲੇਖਕ ਵਜੋਂ ਹੋਈ ਹੈ, ਪਰ ਜੇ ਉਨ੍ਹਾਂ ਦੇ ਸਾਰੇ ਸਾਹਿਤ ਬਾਰੇ ਸੂਤ੍ਰਿਕ ਰੂਪ ਵਿਚ ਗੱਲ ਕਰਨੀ ਹੋਵੇ ਤਾਂ ਕਿਹਾ ਜਾ ਸਕਦਾ ਹੈ ਕਿ ਕੁਝ ਛੋਟੀਆਂ ਕਵਿਤਾਵਾਂ ਨੂੰ ਛੱਡ ਕੇ ਉਨ੍ਹਾਂ ਦੀ ਸਾਰੀ ਦੀ ਸਾਰੀ ਰਚਨਾ ਇੱਕ ਹੀ ਨੁਕਤੇ ਉੱਪਰ ਕੇਂਦਰਿਤ ਹੈ ਅਤੇ ਉਹ ਹੈ, 'ਇਤਿਹਾਸ ਦੀ ਖੋਜ' ਅਤੇ 'ਇਤਿਹਾਸਕਾਰੀ'। ਇਤਿਹਾਸ ਦੀ ਖੋਜ ਭਾਈ ਜੀ ਦਾ ਸ਼ੌਕ ਨਹੀਂ, ਸਗੋਂ ਜਜ਼ਬਾ ਸੀ।

ਭਾਈ ਵੀਰ ਸਿੰਘ ਦੁਆਰਾ ਸੰਪਾਦਿਤ ਗ੍ਰੰਥਾਂ ਵਿਚ ਨਜ਼ਰ ਮਾਰੀਏ ਤਾਂ ਸਭ ਤੋਂ ਪਹਿਲਾ ਸੁਆਲ ਮਨ ਵਿਚ ਇਹੀ ਉਪਜਦਾ ਹੈ ਕਿ ਭਾਈ ਸਾਹਿਬ ਨੇ ਇਨ੍ਹਾਂ ਗ੍ਰੰਥਾਂ ਦੀ ਚੋਣ ਹੀ ਕਿਉਂ ਕੀਤੀ? ਇਸ ਦਾ ਸਿੱਧਾ ਜਿਹਾ ਜਵਾਬ ਫਿਰ ਇਹੋ ਹੈ ਕਿ ਇਨ੍ਹਾਂ ਦੀ ਸਿੱਖ ਇਤਿਹਾਸ ਦੀ ਖੋਜ ਪ੍ਰਤੀ ਨਿਸ਼ਠਾ। ਭਾਈ ਸਾਹਿਬ ਨੇ ਜਿਨ੍ਹਾਂ ਮੱਧਕਾਲੀ ਗ੍ਰੰਥਾਂ ਨੂੰ ਇਤਿਹਾਸ ਦੀ ਦ੍ਰਿਸ਼ਟੀ ਤੋਂ ਮਹੱਤਵਪੂਰਨ ਸਮਝਿਆ, ਸੰਪਾਦਨਾ ਲਈ ਉਨ੍ਹਾਂ ਗ੍ਰੰਥਾਂ ਦੀ ਹੀ ਚੋਣ ਕੀਤੀ। ਉਨ੍ਹਾਂ ਦੇ ਸੰਪਾਦਿਤ ਗ੍ਰੰਥਾਂ ਦੀ ਕ੍ਰਮਵਾਰ ਸੂਚੀ ਇਸ ਪ੍ਰਕਾਰ ਹੈ:

**(ੳ)** ਸਿੱਖਾਂ ਦੀ ਭਗਤ ਮਾਲਾ (ਮਾਰਚ ੧੯੧੨ ਈ.)
**(ਅ)** ਪ੍ਰਾਚੀਨ ਪੰਥ ਪ੍ਰਕਾਸ਼ ਕ੍ਰਿਤ ਰਤਨ ਸਿੰਘ ਭੰਗੂ (ਮਾਰਚ ੧੯੧੪ ਈ.)
**(ੲ)** ਪੁਰਾਤਨ ਜਨਮ-ਸਾਖੀ (ਅਗਸਤ ੧੯੨੬ ਈ.)
**(ਸ)** ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ (੧੯੨੬-੧੯੩੫ ਈ.)

**(ੳ) ਸਿੱਖਾਂ ਦੀ ਭਗਤ ਮਾਲਾ**:- ਭਾਈ ਗੁਰਦਾਸ ਜੀ ਦੀ ਗਿਆਰ੍ਹਵੀਂ ਵਾਰ ਦਾ ਟੀਕਾ ਜਾਂ ਵਿਆਖਿਆ ਇਸ ਗ੍ਰੰਥ ਵਿਚ ਹੈ। ਇਹ ਕਿਉਂ ਮਹੱਤਵਪੂਰਨ ਹੈ? ਇਸ ਦਾ ਜਵਾਬ ਦੇਂਦਿਆਂ ਭਾਈ ਜੀ ਨੇ ਲਿਖਿਆ ਹੈ। ਭਾਈ ਜੀ ਨੇ ਕੇਵਲ ਸਿੱਖਾਂ ਦੇ ਨਾਂ ਦਿੱਤੇ ਹਨ, ਹਰੇਕ ਦੇ ਜੀਵਨ ਜਾਂ ਕਿਸੇ ਪ੍ਰਸੰਗ ਜਾਂ ਸਾਖੀ ਵਿਚ ਰਚਣ ਦੀ ਵਾਰਤਾ ਜਾਂ ਪੂਰਨ ਹੋਣ ਪਰ ਪਤਾ ਨਹੀਂ ਸੀ ਚੱਲ ਸਕਦਾ ਜੇ ਕਦੇ ਭਾਈ ਗੁਰਦਾਸ ਜੀ ਅਥਵਾ ਸ਼ਹੀਦ ਭਾਈ ਮਨੀ ਸਿੰਘ ਜੀ ਇਹ ਉੱਦਮ ਨਾ ਕਰਦੇ। ਭਾਈ ਮਨੀ ਸਿੰਘ ਜੀ ਨੇ ਸਾਰੇ ਸਿੱਖਾਂ ਦੇ ਥੋੜੇ-

**ਪ੍ਰੋਫੈਸਰ ਤੇ ਸਾਬਕਾ ਮੁਖੀ, ਪੰਜਾਬੀ ਅਧਿਐਨ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਸ੍ਰੀ ਅੰਮ੍ਰਿਤਸਰ। ਮੋ: +੯੧੯੮੮੮੯-੩੯੮੦੮*

ਥੋੜ੍ਹੇ ਪ੍ਰਸੰਗ ਜੋ ਉਸ ਵਕਤ ਤਕ ਸਿੱਖਾਂ ਵਿਚ ਪ੍ਰਚਲਿਤ ਸਨ, ਲਿਖੇ ਅਤੇ ਪੋਥੀਆਂ ਦੀਆਂ ਅਰੰਭਿਕ ਸਤਰਾਂ ਤੋਂ ਪਤਾ ਲੱਗਦਾ ਹੈ ਕਿ ਭਾਈ ਜੀ ਨੇ ਇਹ ਸਮਾਚਾਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਸੁਣੇ ਤੇ ਲਿਖੇ ਸਨ।[੧]

ਏਸੇ ਤਰ੍ਹਾਂ ਇਕ ਹੋਰ ਥਾਂ ਇਸ ਦੇ ਮਹੱਤਵ ਬਾਰੇ ਉਨ੍ਹਾਂ ਲਿਖਿਆ ਹੈ, "ਭਾਈ ਗੁਰਦਾਸ ਜੀ ਨੇ ਗਿਆਰ੍ਹਵੀਂ ਵਾਰ ਦੀ ੨੩ ਪਉੜੀ ਦੇ ਮਗਰੋਂ ਆਪਣੇ ਤੋਂ ਪਹਿਲੇ ਤੇ ਆਪਣੇ ਸਮੇਂ ਦੇ ਚੋਣਵੇਂ ਸਿੱਖਾਂ ਦੇ ਨਾਮ ਦਿੱਤੇ ਹਨ। ਇਹ ਸਿੱਖਾਂ ਦੇ ਸਾਰੇ ਨਾਮ ਨਹੀਂ ਹਨ ਅਤੇ ਨਾ ਹੀ ਸਾਰੇ ਪੂਰਨ ਸਿੱਖਾਂ ਦੇ ਪਰੰਤੂ ਐਸੇ ਸਿੱਖਾਂ ਦੇ ਨਾਂ ਹਨ ਜਿਨ੍ਹਾਂ ਦੇ ਵਿਚ ਕੋਈ ਖਾਸ ਗੁਣ ਭਾਈ ਜੀ ਨੇ ਖ਼ਿਆਲ ਕੀਤੇ ਜਾਂ ਜਿਨ੍ਹਾਂ ਦੇ ਨਾਮ ਆਮ ਪ੍ਰਚਲਿਤ ਸਨ। ਇਤਿਹਾਸਿਕ ਸਬੂਤ ਤਾਂ ਨਹੀਂ ਮਿਲਦਾ, ਪਰ ਕਿਆਸ ਏਸ ਪਾਸੇ ਜਾਂਦਾ ਹੈ ਕਿ ਸ਼ਾਇਦ ਇਨ੍ਹਾਂ ਸਿੱਖਾਂ ਨੂੰ ਸਤਿਗੁਰੂ ਵੱਲੋਂ ਪ੍ਰਚਾਰ ਦਾ ਕੰਮ ਸਪੁਰਦ ਹੋਇਆ ਹੋਵੇ। ਇਸ ਸਮੇਂ ਇਹ ਰਚਨਾ ਇਕ ਅਮੋਲਕ ਖ਼ਜ਼ਾਨਾ ਹੈ ਜੋ ਕੇਵਲ ਭਾਈ ਸਾਹਿਬ ਦੀ ਕ੍ਰਿਪਾ ਨਾਲ ਹੱਥ ਲੱਗਾ ਹੈ।"[੨] ਕਹਿਣ ਦੀ ਲੋੜ ਨਹੀਂ ਕਿ ਸਿੱਖਾਂ ਦੀ ਭਗਤ ਮਾਲਾ ਨੂੰ ਭਾਈ ਸਾਹਿਬ ਜੀ ਇਤਿਹਾਸ ਦੀ ਦ੍ਰਿਸ਼ਟੀ ਤੋਂ ਬਹੁਤ ਪ੍ਰਮਾਣਿਕ ਗ੍ਰੰਥ ਮੰਨਦੇ ਹਨ, ਕਿਉਂਕਿ ਇਸ ਵਿਚਲੀ ਸੂਚਨਾ ਜਾਂ ਬਿਰਤਾਂਤ ਇਤਿਹਾਸ ਦੀ ਮੌਖਿਕ ਵਿਧੀ ਰਾਹੀਂ ਭਾਈ ਮਨੀ ਸਿੰਘ ਜੀ ਤਕ ਪਹੁੰਚਿਆ ਸੀ। ਗੁਰੂ-ਕਾਲ ਵਿਚ ਸਿੱਖੀ ਦੇ ਪ੍ਰਚਾਰ-ਪ੍ਰਸਾਰ ਵਿਚ ਇਨ੍ਹਾਂ ਸਿੱਖਾਂ ਦਾ ਯੋਗਦਾਨ ਨਿਰਵਿਵਾਦ ਹੈ। ਜਿਸ ਪ੍ਰਤਿ ਲਿਪੀ ਤੋਂ ਇਸ ਗ੍ਰੰਥ ਦਾ ਮੂਲ ਪਾਠ ਤਿਆਰ ਕੀਤਾ ਗਿਆ ਹੈ ਉਹ ੧੯੯੨ ਬਿਕ੍ਰਮੀ ਭਾਵ ੧੯੩੫ ਈ. ਹੈ। ਇਹ ਪ੍ਰਤਿ ਲਿਪੀ ਇਸ ਗ੍ਰੰਥ ਦਾ ਉਤਾਰਾ ਹੈ ਅਤੇ ਇਹ ਕਿਹੜੇ ਸਾਲ ਵਿਚ ਹੋਇਆ? ਇਸ ਦਾ ਪਤਾ ਨਹੀਂ ਮਿਲਦਾ ਅਤੇ ਨਾ ਹੀ ਕੋਈ ਭਾਈ ਵੀਰ ਸਿੰਘ ਨੇ ਇਸ ਸਬੰਧੀ ਕੋਈ ਇਸ਼ਾਰਾ ਕੀਤਾ ਹੈ।

**(ਅ) ਪ੍ਰਾਚੀਨ ਪੰਥ ਪ੍ਰਕਾਸ਼:-** ਸੰਪਾਦਨ-ਲੜੀ ਵਿਚ ਦੂਜਾ ਗ੍ਰੰਥ 'ਪ੍ਰਾਚੀਨ ਪੰਥ ਪ੍ਰਕਾਸ਼' ਕ੍ਰਿਤ ਭਾਈ ਰਤਨ ਸਿੰਘ ਭੰਗੂ ਹੈ। ਇਹ ਗ੍ਰੰਥ ਵੀ ਆਪਣੀ ਇਤਿਹਾਸਗਤ ਕੀਮਤ ਕਰਕੇ ਭਾਈ ਜੀ ਦੀ ਨਜ਼ਰ ਚੜ੍ਹਿਆ, ਕਿਉਂਕਿ ਇਸ ਵਿਚਲੇ ਬਿਰਤਾਂਤ ਨੂੰ ਵੀ ਉਹ ਬਹੁਤ ਪ੍ਰਮਾਣਿਕ ਅਤੇ ਭਰੋਸੇਯੋਗ ਖ਼ਿਆਲ ਕਰਦੇ ਹਨ। ਇਸ ਗ੍ਰੰਥ ਦੀ ਅਹਿਮੀਅਤ ਬਾਰੇ ਇਸ ਦੀ ਭੂਮਿਕਾ ਵਿਚ ਭਾਈ ਸਾਹਿਬ ਜੀ ਨੇ ਲਿਖਿਆ ਹੈ, "ਇਹ ਪ੍ਰਾਚੀਨ ਗ੍ਰੰਥ ਹੈ, ਜੋ ਮੀਰਾਂਕੋਟ ਦੇ ਪ੍ਰਸਿੱਧ ਭਾਈ ਰਤਨ ਸਿੰਘ ਭੰਗੂ ਜੀ ਨੇ ਲਿਖਿਆ ਹੈ। ਭਾਈ ਸਾਹਿਬ ਸ਼ਹੀਦ ਭਾਈ ਮਹਿਤਾਬ ਸਿੰਘ ਮੀਰਾਂਕੋਟੀਏ ਦੇ ਪੋਤਰੇ ਤੇ ਸਰਦਾਰ ਸ਼ਾਮ ਸਿੰਘ ਜੀ ਜਥੇਦਾਰ ਮਿਸਲ ਕਰੋੜੀਏ ਦੇ ਦੋਹਤ੍ਰੇ ਸ਼ਹੀਦਾਂ ਅਤੇ ਪੰਥ ਦੇ ਜਥੇਦਾਰਾਂ ਦੇ ਖ਼ਾਨਦਾਨ ਵਿਚ ਹੋਣ ਕਰਕੇ ਆਪ ਨੂੰ ਬਹੁਤ ਸਾਰੇ ਹਾਲਾਤ ਸਿੱਧੇ ਅਰ ਸੱਚੇ ਆਪਣੇ ਘਰ ਵਿੱਚੋਂ ਹੀ ਲੱਭੇ . . . ਲੁਧਿਆਣੇ ਵਿਚ ਮੱਰ੍ਹੇ ਸਾਹਿਬ ਸਿੱਖ ਇਤਿਹਾਸ ਦੀ ਖੋਜ ਕਰ ਰਹੇ ਸੇ। ਸੋ ਮੱਰ੍ਹੇ ਸਾਹਿਬ ਨੇ, ਜੋ ਲੁਧਿਆਣੇ ਰਹਿੰਦੇ ਸਨ, ਆਪਣੀ ਖੋਜ ਵਿਚ ਭਾਈ ਰਤਨ ਸਿੰਘ ਜੀ ਤੋਂ ਮਦਦ ਲਈ। ਭਾਈ ਰਤਨ ਸਿੰਘ ਜੀ, ਜੋ ਇਤਿਹਾਸ ਉਸ ਨੂੰ ਜਾ ਕੇ ਸੁਣਾਇਆ ਕਰਦੇ ਸੇ, ਸੋਈ ਆ ਕੇ ਲਿਖ ਲਿਆ ਕਰਦੇ ਸੇ। ਉਨ੍ਹਾਂ ਦੀ ਇਹ ਲਿਖਤ ਅਸਲੀ ਤੇ

ਪਹਿਲਾ ਪੰਥ ਪ੍ਰਕਾਸ਼ ਬਣੀ . . . ਇਹ ਗ੍ਰੰਥ ਪੰਥਕ ਹਾਲਾਤ ਲਈ ਉਸੇ ਤਰ੍ਹਾਂ ਦਾ ਖ਼ਜ਼ਾਨਾ ਹੈ ਜਿਸ ਤਰ੍ਹਾਂ ਦਾ ਗੁਰ ਇਤਿਹਾਸ ਲਈ ਗੁਰ ਪ੍ਰਤਾਪ ਸੂਰਜ ਗ੍ਰੰਥ ਹੈ। ”[੩]

ਸਪਸ਼ਟ ਹੈ ਕਿ ਭਾਈ ਵੀਰ ਸਿੰਘ, ਭਾਈ ਰਤਨ ਸਿੰਘ ਭੰਗੂ ਦੇ ਗ੍ਰੰਥ ਨੂੰ ਇਤਿਹਾਸਿਕ ਖੋਜ ਲਈ ਬਹੁਤ ਪ੍ਰਮਾਣਿਕ ਮੰਨਦੇ ਹਨ। ਉਮੀਦ ਕੀਤੀ ਜਾਂਦੀ ਸੀ ਕਿ ਭਾਈ ਸਾਹਿਬ ਨੇ 'ਪ੍ਰਾਚੀਨ ਪੰਥ ਪ੍ਰਕਾਸ਼' ਦੇ ਮੂਲ ਪਾਠ ਨੂੰ ਬਿਨਾ ਕਿਸੇ ਛੇੜ-ਛਾੜ ਦੇ ਇਸ ਦੇ ਅਸਲ ਰੂਪ ਵਿਚ ਪੇਸ਼ ਕਰ ਦਿੱਤਾ ਹੋਵੇਗਾ, ਪਰ ਅਜਿਹਾ ਨਹੀਂ ਹੈ। ਡਾ. ਹਰਿੰਦਰ ਸਿੰਘ ਅਤੇ ਡਾ. ਸੁਰਜੀਤ ਹਾਂਸ ਨੇ ਭਾਈ ਵੀਰ ਸਿੰਘ ਵਾਲੀ ਛਾਪ (੧੯੫੨ ਈ.) ਦੇ ਮੂਲ ਪਾਠ ਨੂੰ ਜਦ ਤੋਂ ਹੱਥ-ਲਿਖਿਤ ਗ੍ਰੰਥਾਂ ਦੇ ਮੂਲ ਪਾਠ ਨਾਲ ਮੇਲ ਕੇ ਵੇਖਿਆ ਤਾਂ ਉਨ੍ਹਾਂ ਨੂੰ ਇਸ ਵਿਚ ਢੇਰ ਅੰਤਰ ਦਿਸੇ। ਇਨ੍ਹਾਂ ਵਿਦਵਾਨਾਂ ਦਾ ਨਿਰਣਾ ਹੈ, “ਭਾਈ ਵੀਰ ਸਿੰਘ ਨੇ 'ਪੰਥ ਪ੍ਰਕਾਸ਼' ਦਾ ਸੰਪਾਦਨ ਕਰਦਿਆਂ ਕਈ ਘਾਟੇ ਵਾਧੇ ਕੀਤੇ ਹਨ। ਇਹ ਘਾਟੇ ਵਾਧੇ ਬੇਮਤਲਬ ਨਹੀਂ ਸਗੋਂ ਵਿਸ਼ੇਸ਼ ਉਦੇਸ਼ ਲਈ ਕੀਤੇ ਗਏ ਹਨ। . . . ਭਾਈ ਸਾਹਿਬ ਨੇ ਕੋਈ ਬੱਤੀ ਥਾਵਾਂ ਤੋਂ ਆਪਣੇ ਕੋਲੋਂ ਲਾਈਨਾਂ ਪਾਈਆਂ ਹਨ ਅਤੇ ਕੋਈ ਪੰਜ ਥਾਂਵਾਂ 'ਤੇ ਇਤਿਹਾਸਕਾਰ ਦੀ ਸੁਧਾਈ ਕੀਤੀ ਹੈ . . . ਭਾਈ ਸਾਹਿਬ ਦੇ ਸੰਪਾਦਨ ਤੋਂ ਸਿੱਧ ਹੁੰਦਾ ਕਿ ਉਹ ਸਿੱਖਾਂ ਤੇ ਹਿੰਦੂਆਂ ਦੀ ਵਿੱਥ ਦੇ ਕਾਇਲ ਹਨ। ਭਾਈ ਸਾਹਿਬ ਦਾ ਸੰਪਾਦਨ ਉਦੇਸ਼-ਮੁਖੀ ਹੈ। ”[੪]

**(ੲ) ਪੁਰਾਤਨ ਜਨਮ-ਸਾਖੀ:-** ਸ੍ਰੀ ਗੁਰੂ ਨਾਨਕ ਸਾਹਿਬ ਜੀ ਦਾ ਜੀਵਨ ਬਿਰਤਾਂਤ ਹੋਣ ਕਰਕੇ ਭਾਈ ਵੀਰ ਸਿੰਘ ਦੁਆਰਾ ਸੰਪਾਦਿਤ ਗ੍ਰੰਥਾਂ ਵਿੱਚੋਂ ਪਾਠਕਾਂ ਵਿਚ ਇਹ ਸਭ ਤੋਂ ਵੱਧ ਮਕਬੂਲ ਹੋਇਆ ਗ੍ਰੰਥ ਹੈ। ਇਸ ਦੀ ਭੂਮਿਕਾ ਵਿਚ ਭਾਈ ਸਾਹਿਬ ਜੀ ਨੇ ਦੋ ਨੁਕਤਿਆਂ ਉੱਪਰ ਆਪਣਾ ਧਿਆਨ ਵਧੇਰੇ ਕੇਂਦਰਿਤ ਕੀਤਾ ਹੈ। ਪਹਿਲਾ ਹੈ, ਇਸ ਦੇ ਰਚਨਾ-ਕਾਲ ਬਾਰੇ ਨਿਰਣਾ ਅਤੇ ਦੂਸਰਾ ਹੈ, ਇਸ ਦੀ ਮੁਸਾਫ਼ਰੀ ਦੀ ਗਾਥਾ। ਇਸ ਦੇ ਰਚਨਾ-ਕਾਲ ਬਾਰੇ ਚਰਚਾ ਕਰਦਿਆਂ ਭਾਈ ਵੀਰ ਸਿੰਘ ਇਸ ਜਨਮ-ਸਾਖੀ ਨੂੰ ਭਾਈ ਬਾਲੇ ਵਾਲੀ ਅਤੇ ਭਾਈ ਮਨੀ ਸਿੰਘ ਵਾਲੀ ਜਨਮ-ਸਾਖੀ ਨਾਲੋਂ ਪੁਰਾਣੀ ਸਿੱਧ ਕਰਦੇ ਹਨ। ਉਹ ਲਿਖਦੇ ਹਨ “ਇਹ ਜਨਮ-ਸਾਖੀ ਜਿਸ ਦੀ ਵਿਥਯਾ ਅਸੀਂ ਲਿਖ ਰਹੇ ਹਾਂ, ਪਹਿਲਾਂ ਮੌਜੂਦ ਸੀ, ਕਿਉਂਕਿ ਮੌਜੂਦਾ ਬਾਲੇ ਵਾਲੀ ਜਨਮ-ਸਾਖੀ ਵਿਚ ਇਸ ਜਨਮ-ਸਾਖੀ ਦੇ ਫਿਕਰੇ ਅਤੇ ਸਤਰਾਂ ਮਿਲਦੀਆਂ ਹਨ, ਅਰ ਉੱਤਰਾਖੰਡ ਦੀ ਤੀਸਰੀ ਉਦਾਸੀ ਤਾਂ ਹੂਬਹੂ ਇਸ ਦੀ ਨਕਲ ਕਰ ਕੇ ਲਿਖੀ ਹੈ, ਸੋ ਹੋ ਸਕਦਾ ਹੈ ਕਿ ਅਸਲ ਜਨਮ-ਸਾਖੀ ਇਹ ਹੋਵੇ ਜਿਸ ਤੋਂ ਮੌਜੂਦਾ ਬਾਲੇ ਵਾਲੀ ਤੇ ਹੋਰ ਨਕਲਾਂ ਹੋਈਆਂ, ਪਰ ਮੁਮਕਿਨ ਹੈ ਕਿ ਇਸ ਤੋਂ ਪਹਿਲਾਂ ਕੋਈ ਹੋਰ ਜਨਮ-ਸਾਖੀ ਬੀ ਹੋਵੇ ਜੋ ਇਸ ਦਾ ਮੂਲ ਹੋਵੇ। ਇਹ ਗੱਲ ਹਾਲੇ ਹੋਰ ਖੋਜ ਦੀ ਮੁਥਾਜ ਹੈ। ”[੫] ਕਹਿਣ ਦੀ ਲੋੜ ਨਹੀਂ ਕਿ ਬੇਸ਼ੱਕ ਭਾਈ ਜੀ ਨੇ ਰਚਨਾ-ਕਾਲ ਬਾਰੇ ਕੋਈ ਅੰਤਿਮ ਨਿਰਨਾਇਕ ਗੱਲ ਨਹੀਂ ਕੀਤੀ, ਪਰ ਇਸ ਜਨਮ-ਸਾਖੀ ਨੂੰ ਪੁਰਾਤਨ ਨਾਮ ਅਥਵਾ ਵਿਸ਼ੇਸ਼ਣ ਦੇ ਦਿੱਤਾ ਅਤੇ ਅੱਜ ਇਹ ਜਨਮ-ਸਾਖੀ ਏਸੇ ਨਾਂ ਨਾਲ ਹੀ ਪ੍ਰਸਿੱਧ ਹੈ। ਏਸੇ ਜਨਮ-ਸਾਖੀ ਦੇ ਹੋਰ ਨੁਸਖ਼ੇ ਮਿਲਣ ਅਤੇ ਵੱਖ-ਵੱਖ ਹੱਥਾਂ ਅਤੇ ਥਾਵਾਂ ਵਿੱਚੋਂ ਗੁਜ਼ਰਨ ਕਰ ਕੇ ਇਸ ਦੀ ਮੁਸਾਫ਼ਰੀ ਦੀ ਗਾਥਾ

ਵੀ ਬੜੀ ਦਿਲਚਸਪ ਹੈ। ਕੋਲ ਬਰੁੱਕ ਵਾਲੀ ਜਨਮ-ਸਾਖੀ, ਵਲੈਤ ਵਾਲੀ ਜਨਮ-ਸਾਖੀ, ਹਾਫਜ਼ਾਬਾਦ ਵਾਲੀ ਜਨਮ-ਸਾਖੀ ਅਤੇ ਮੈਕਾਲਿਫ ਵਾਲੀ ਜਨਮ-ਸਾਖੀ ਏਸੇ ਜਨਮ-ਸਾਖੀ ਦੇ ਨੁਸਖ਼ਿਆਂ ਜਾਂ ਇਸ ਦੇ ਹੀ ਹੋਰ ਨਾਂ ਹਨ।"[੬]

**(ਸ) ਗੁਰਪ੍ਰਤਾਪ ਸੂਰਜ ਗ੍ਰੰਥ:-** ਭਾਈ ਸਾਹਿਬ ਜੀ ਦੁਆਰਾ ਸੰਪਾਦਿਤ ਗ੍ਰੰਥਾਂ ਵਿੱਚੋਂ ਇਹ ਗ੍ਰੰਥ ਆਕਾਰ ਵਿਚ ਵੀ ਸਭ ਤੋਂ ਵੱਡਾ ਹੈ ਅਤੇ ਇਸ ਵਿਚ ਭਾਈ ਜੀ ਦੀ ਸੰਪਾਦਨ ਕਲਾ ਵੀ ਵਧੇਰੇ ਨਿਖਰ ਕੇ ਸਾਹਮਣੇ ਆਈ ਹੈ। ਇਹ ਗ੍ਰੰਥ ਚੌਦਾਂ ਜਿਲਦਾਂ ਵਿਚ ਛਪਿਆ ਹੋਇਆ ਹੈ ਜਿਸ ਨੂੰ ਖਾਲਸਾ ਸਮਾਚਾਰ ਅਦਾਰੇ ਤੋਂ ਮਗਰੋਂ ਫ਼ੋਟੋ ਕਾਪੀ ਵਿਧੀ ਰਾਹੀਂ ਭਾਸ਼ਾ ਵਿਭਾਗ ਵੱਲੋਂ ਮੁੜ ਛਾਪਿਆ ਗਿਆ ਸੀ। ਚੌਦਾਂ ਭਾਗਾਂ ਵਿਚ ਇੱਕ ਭਾਗ ਪ੍ਰਸਤਾਵਨਾ ਦਾ ਹੈ ਜਿਸ ਨੂੰ ਮੋਟੇ ਤੌਰ 'ਤੇ ਚਾਰ ਭਾਗ ਵਿਚ ਵੰਡਿਆ ਗਿਆ ਹੈ। ਪਹਿਲੇ ਭਾਗ ਵਿਚ ਇਤਿਹਾਸ ਦੀ ਸਿਧਾਂਤਕ, ਇਤਿਹਾਸ ਦਰਸ਼ਨ, ਇਤਿਹਾਸ ਦੀਆਂ ਕਿਸਮਾਂ ਅਤੇ ਗੁਰ ਪ੍ਰਤਾਪ ਸੂਰਜ ਗ੍ਰੰਥ ਵਿਚਲਾ ਇਤਿਹਾਸ ਕਿਸ ਤਰ੍ਹਾਂ ਦਾ ਹੈ? ਇਸ ਬਾਰੇ ਚਰਚਾ ਹੈ। ਦੂਜੇ ਭਾਗ ਵਿਚ ਭਾਈ ਸੰਤੋਖ ਸਿੰਘ ਦੇ ਜੀਵਨ-ਵੇਰਵੇ ਅਤੇ ਇਸ ਗ੍ਰੰਥ ਦੇ ਸੋਮਿਆਂ ਦਾ ਜ਼ਿਕਰ ਹੈ। ਚੌਥੇ ਅਤੇ ਆਖ਼ਰੀ ਭਾਗ ਵਿਚ ਪੁਰਾਤਨ ਸ਼ਬਦ-ਜੋੜਾਂ ਅਤੇ ਸੰਕੇਤਾਂ ਦੀ ਵਿਆਖਿਆ ਹੈ।

ਭਾਈ ਵੀਰ ਸਿੰਘ ਵੱਲੋਂ ਸੰਪਾਦਿਤ ਇਸ ਗ੍ਰੰਥ ਦੇ ਨਾਲ ਸਿੱਖ ਧਾਰਮਿਕ ਅਤੇ ਅਕਾਦਮਿਕ ਹਲਕਿਆਂ ਵਿਚ ਕਾਫ਼ੀ ਹਿਲਜੁਲ ਹੋਈ। 'ਗੁਰਪ੍ਰਤਾਪ ਸੂਰਜ ਗ੍ਰੰਥ' ਅਤੇ ਇਸ ਦੇ ਕਰਤਾ ਭਾਈ ਸੰਤੋਖ ਸਿੰਘ ਦੇ ਨਾਂ ਤੋਂ ਸ਼ਾਇਦ ਵਿਰਲੇ ਜਾਣੇ ਲੋਕ ਜਾਣੂ ਹੋਣ, ਪਰ ਗ੍ਰੰਥ ਦੇ ਛਪੇ ਨਾ ਹੋਣ ਕਰਕੇ ਇਸ ਦਾ ਪ੍ਰਚਾਰ ਆਮ ਨਹੀਂ ਸੀ। ਮੇਰਾ ਅਨੁਮਾਨ ਹੈ ਕਿ 'ਗੁਰਪ੍ਰਤਾਪ ਸੂਰਜ ਗ੍ਰੰਥ' ਦੀ ਸੰਪਾਦਨਾ ਅਤੇ ਪ੍ਰਕਾਸ਼ਨਾ ਨਾਲ ਇਸ ਗ੍ਰੰਥ ਦੀ ਕਥਾ ਵੱਡੇ ਗੁਰਦੁਆਰਾ ਸਾਹਿਬਾਨ ਵਿਚ ਹੋਣ ਲੱਗ ਪਈ, ਜੋ ਅੱਜ ਵੀ ਜਾਰੀ ਹੈ। ਭਾਈ ਸਾਹਿਬ ਜੀ ਵੱਲੋਂ ਇਸ ਗ੍ਰੰਥ ਦੀ ਭੂਮਿਕਾ ਵਿਚ ਜੋ ਜੋ ਗੱਲਾਂ ਖ਼ਾਸ ਕਰ ਕੇ ਸਿੱਖ ਕੌਮ ਦੀ ਅਣਗਹਿਲੀ ਦੀਆਂ ਉਠਾਈਆਂ ਸਨ, ਉਨ੍ਹਾਂ ਨੂੰ ਦੂਰ ਕਰਨ ਲਈ ਓਰੀਐਂਟਲ ਕਾਲਜ ਦੇ ਇਕ ਅਧਿਆਪਕ ਗਿਆਨੀ ਖਜਾਨ ਸਿੰਘ ਅੱਗੇ ਆਏ। ਉਨ੍ਹਾਂ ਨੇ ਇਕ ਕਮੇਟੀ ਬਣਾਈ ਜਿਸ ਦੇ ਪਿੰਡ ਨੂਰਦੀ ਵਿਚ ਜਾ ਕੇ ਭਾਈ ਸੰਤੋਖ ਸਿੰਘ ਜੀ ਦਾ ਜਨਮ-ਸਥਾਨ ਲੱਭਿਆ, ਉਹ ਜਗਾ ਖਰੀਦੀ ਅਤੇ ਉਸ ਥਾਂ ਗੁਰਦੁਆਰਾ ਸਾਹਿਬ ਦੇ ਰੂਪ ਵਿਚ ਭਾਈ ਸੰਤੋਖ ਸਿੰਘ ਦੀ ਯਾਦਗਾਰ ਸਥਾਪਿਤ ਕੀਤੀ। ਇੰਨਾ ਹੀ ਨਹੀਂ ਗਿਆਨੀ ਖਜਾਨ ਸਿੰਘ ਨੇ ਭਾਈ ਸੰਤੋਖ ਸਿੰਘ ਬਾਰੇ 'ਜੀਵਨ ਕਥਾ ਚੂੜਾਮਣਿ ਕਵੀ ਸੰਤੋਖ ਸਿੰਘ ਜੀ' ਪੁਸਤਕ ੧੯੬੦ ਵਿਚ ਪ੍ਰਕਾਸ਼ਿਤ ਕੀਤੀ। ਇੰਜ ਭਾਈ ਸੰਤੋਖ ਸਿੰਘ ਅਤੇ ਉਸ ਦੇ ਗ੍ਰੰਥ ਬਾਰੇ ਖੋਜ ਦੀ ਗੱਲ ਚੱਲ ਨਿਕਲੀ। ਅੱਜ ਸਾਡੇ ਕੋਲ ਉਪਾਧੀ ਨਿਰਪੇਖ ਅਤੇ ਉਪਾਧੀ ਸਾਪੇਖ ਖੋਜ ਦੇ ਰੂਪ ਵਿਚ ਕਈ ਪੁਸਤਕਾਂ ਮਿਲਦੀਆਂ ਹਨ। ਹੁਣ ਤਕ ਅੰਗਰੇਜ਼ੀ, ਪੰਜਾਬੀ ਅਤੇ ਹਿੰਦੀ ਵਿਚ ਲਿਖੇ ਗਏ ਪੀਐੱਚ. ਡੀ ਖੋਜ ਪ੍ਰਬੰਧ ਛਪ ਕੇ ਸਾਹਮਣੇ ਆਏ ਹਨ। ਇੰਜ ਅਸੀਂ ਕਹਿ ਸਕਦੇ ਹਾਂ ਕਿ ਭਾਈ ਵੀਰ ਸਿੰਘ ਦੀ 'ਗੁਰਪ੍ਰਤਾਪ ਸੂਰਜ ਗ੍ਰੰਥ' ਦੀ ਸੰਪਾਦਨਾ ਦੀ ਬਦੌਲਤ ਭਾਈ ਸੰਤੋਖ ਸਿੰਘ ਦੀ ਵਿੱਦਿਅਕ ਅਤੇ ਧਾਰਮਿਕ ਹਲਕਿਆਂ

ਵਿਚ ਵਡਿਆਈ ਹੋਰ ਵੀ ਵਧ ਗਈ। "[੭]

ਹੁਣ ਥੋੜ੍ਹੀ ਜਿਹੀ ਗੱਲ ਭਾਈ ਵੀਰ ਸਿੰਘ ਵੱਲੋਂ ਅਪਣਾਈ ਗਈ ਖੋਜ-ਵਿਧੀ ਦੀ ਵੀ ਕਰ ਲਈ ਜਾਵੇ। ਹਰ ਸੰਪਾਦਿਤ ਗ੍ਰੰਥ ਦੇ ਮੁੱਖ ਤੌਰ 'ਤੇ ਤਿੰਨ ਭਾਗ ਹੁੰਦੇ ਹਨ। ਪਹਿਲਾਂ ਭਾਗ 'ਭੂਮਿਕਾ' ਜਾਂ 'ਪ੍ਰਸਤਾਵਨਾ', ਦੂਜਾ 'ਮੂਲ ਪਾਠ' ਅਤੇ ਤੀਜੇ ਭਾਗ ਵਿਚ 'ਅੰਤਿਕਾਵਾਂ' ਹੁੰਦੀਆਂ ਹਨ। ਭਾਈ ਜੀ ਨੇ ਇਸ ਨਿਯਮ ਦੀ ਪਾਲਣਾ ਹਰ ਗ੍ਰੰਥ ਦੀ ਸੰਪਾਦਨਾ ਵਿਚ ਕੀਤੀ ਹੈ। 'ਸਿੱਖਾਂ ਦੀ ਭਗਤ ਮਾਲਾ', 'ਪ੍ਰਾਚੀਨ ਪੰਥ ਪ੍ਰਕਾਸ਼', ਅਤੇ 'ਪੁਰਾਤਨ ਜਨਮਸਾਖੀਆ' ਦੀਆਂ ਭੂਮਿਕਾਵਾਂ ਬੇਸ਼ੱਕ ਵਿਸਤ੍ਰਿਤ ਨਹੀਂ, ਪਰ ਹਰ ਜ਼ਰੂਰੀ ਗੱਲ ਦਾ ਨਿਪਟਾਰਾ ਕਰਨ ਦਾ ਯਤਨ ਕੀਤਾ ਗਿਆ ਹੈ ਜਿਨ੍ਹਾਂ ਵਿਚ ਰਚਨਾਕਾਰ, ਰਚਨਾ-ਕਾਲ ਅਤੇ ਪਾਠ ਦੀ ਪ੍ਰਮਾਣਿਕਤਾ ਬਾਰੇ ਚਰਚਾ ਕੀਤੀ ਗਈ ਹੈ। 'ਗੁਰ ਪ੍ਰਤਾਪ ਸੂਰਜ ਗ੍ਰੰਥ' ਆਕਾਰ ਅਤੇ ਵਸਤੂ-ਸਮਗਰੀ ਕਰਕੇ ਵਿਸ਼ਾਲ ਹੈ ਜਿਸ ਕਰਕੇ ਇਸ ਦੀ ਭੂਮਿਕਾ ਦੀ ਇਕ ਸੁਤੰਤਰ ਜਿਲਦ ਬਣ ਗਈ ਹੈ। ਚੌਦਾਂ ਜਿਲਦਾਂ ਵਿਚ ਇਕ ਪ੍ਰਸਤਾਵਨਾ ਦੀ ਜਿਲਦ ਹੈ।

ਹਰੇਕ ਰਚਨਾ ਦਾ ਰਚਨਾ-ਕਾਲ ਨਿਰਧਾਰਨ ਕਰਨ ਵੇਲੇ ਉਸ ਗ੍ਰੰਥ ਦੀਆਂ ਅੰਦਰੂਨੀ ਗਹਿਰਾਈਆਂ ਦੀ ਪੜਤਾਲ ਕਰ ਕੇ ਸਿੱਟੇ ਕੱਢੇ ਗਏ ਹਨ ਅਤੇ ਇਹ ਤਰੀਕਾ ਹੀ ਵਧੇਰੇ ਭਰੋਸੇਯੋਗ ਮੰਨਿਆ ਗਿਆ ਹੈ। ਤਕਰੀਬਨ ਹਰ ਗ੍ਰੰਥ ਦੀ ਭੂਮਿਕਾ ਵਿਚ "ਅਸਾਂ ਕੀ ਕੀਤਾ" ਸਿਰਲੇਖ ਹੇਠ ਪਾਠ ਦੇ ਮਿਆਰੀਕਰਨ ਲਈ ਕੀਤੇ ਗਏ ਯਤਨਾਂ ਦਾ ਵਿਵਰਣ ਹੈ। ਪਹਿਲਾਂ ਉਸ ਗ੍ਰੰਥ ਵਿਸ਼ੇਸ਼ ਦੇ ਉਤਾਰੇ ਅਤੇ ਉਨ੍ਹਾਂ ਦੇ ਪ੍ਰਾਪਤੀ ਸਥਾਨ ਦੱਸਦਿਆਂ ਇਹ ਵੀ ਬਿਆਨ ਕੀਤਾ ਗਿਆ ਹੈ ਕਿ ਆਧਾਰ ਗ੍ਰੰਥ ਕਿਹੜਾ ਹੈ ਅਤੇ ਕਿਉਂ ਹੈ? ਵਧੇਰੇ ਕਰਕੇ ਤੁਲਨਾਤਮਿਕ ਅਧਿਐਨ ਰਾਹੀਂ ਜਿਹੜਾ ਖਰੜਾ ਸਭ ਤੋਂ ਵੱਧ ਪੁਰਾਣਾ ਹੈ, ਉਸੇ ਨੂੰ ਹੀ ਆਧਾਰ ਬਣਾਇਆ ਗਿਆ ਹੈ। ਸੰਪਾਦਕ ਦਾ ਇੱਕ ਵੱਡਾ ਗੁਣ ਉਸ ਦੇ ਵਿਚਾਰਾਂ ਵਿਚਲੀ ਲਚਕ ਹੈ ਅਤੇ ਇਹ ਲਚਕ ਭਾਈ ਜੀ ਵਿਚ ਵੀ ਹੈ। ਇਨ੍ਹਾਂ ਪੰਜਾਂ ਹੀ ਗ੍ਰੰਥਾਂ ਦੀਆਂ ਕਈ ਐਡੀਸ਼ਨਾਂ ਛਪੀਆਂ ਹਨ ਅਤੇ ਜਿਸ ਵੀ ਐਡੀਸ਼ਨ ਵਿਚ ਕੋਈ ਨਵਾਂ ਵਾਧਾ ਕੀਤਾ ਗਿਆ ਹੈ ਜਾਂ ਸੋਧ ਕੀਤੀ ਗਈ ਹੈ, ਉਸ ਦਾ ਇਸ਼ਾਰਾ ਵੀ ਕਰ ਦਿੱਤਾ ਗਿਆ ਹੈ।

ਦੂਜਾ ਭਾਗ ਪਾਠ ਨਿਰਧਾਰਣ ਦਾ ਹੈ ਜਿਸ ਵਿਚ ਪਾਠ ਦੀ ਸ਼ੁੱਧਤਾ, ਪਦ ਛੇਦ, ਸ਼ਬਦ-ਜੋੜ ਆ ਜਾਂਦੇ ਹਨ। ਜਿਵੇਂ ਕਿ ਉੱਪਰ ਇਸ਼ਾਰਾ ਕੀਤਾ ਗਿਆ ਹੈ ਕਿ ਆਧਾਰ ਬੇਸ਼ੱਕ ਸਭ ਤੋਂ ਪੁਰਾਣਾ ਨੁਸਖ਼ਾ ਹੀ ਬਣਾਇਆ ਗਿਆ ਹੈ, ਪਰ ਜਿੱਥੇ ਪਾਠ ਅਧੂਰਾ ਜਾਂ ਅਸਪਸ਼ਟ ਸੀ, ਉਹ ਕਿਸੇ ਦੂਸਰੇ ਖਰੜੇ ਤੋਂ ਲੈ ਕੇ ਪੂਰਾ ਕੀਤਾ ਗਿਆ ਹੈ। ਉਦਾਹਰਨ ਵਜੋਂ 'ਪੁਰਾਤਨ ਜਨਮ-ਸਾਖੀ' ਦੇ ਪਾਠ-ਨਿਰਧਾਰਣ ਲਈ ਜੋ ਤਰੱਦਦ ਭਾਈ ਸਾਹਿਬ ਜੀ ਨੇ ਕੀਤਾ ਹੈ, ਉਹ ਉਨ੍ਹਾਂ ਦੇ ਸ਼ਬਦਾਂ ਵਿਚ ਹੀ ਦੇਣਾ ਬਣਦਾ ਹੈ। "ਵਲੈਤ ਵਾਲੀ ਜਨਮ-ਸਾਖੀ ਦਾ ਫ਼ੋਟੋ ਨੁਸਖ਼ਾ, ਹਾਫਜਾਬਾਦੀ ਨੁਸਖੇ ਦਾ ਪੱਥਰ-ਛਾਪਾ ਜੋ ਮਿਸਟਰ ਮੈਕਾਲਿਫ ਵਾਲਾ ਕਰਕੇ ਵਧੇਰੇ ਪ੍ਰਸਿੱਧ ਹੈ ਤੇ ਸਿੰਘ ਸਭ ਲਾਹੌਰ ਦੇ ਪੱਥਰ ਛਾਪੇ ਦਾ ਨੁਸਖ਼ਾ, ਤੈਅ ਮੁਕਾਬਲਾ ਕਰ ਕੇ ਇਹ ਤਿਆਰ ਹੋਇਆ ਹੈ।[੮] ਇਹੋ ਤੁਲਨਾਤਮਿਕ

ਵਿਧੀ ਹੈ।

ਤੀਜਾ ਭਾਗ ਅੰਤਿਕਾਵਾਂ ਦਾ ਹੈ। ਸਾਰੇ ਸੰਪਾਦਿਤ ਗ੍ਰੰਥਾਂ ਵਿਚ ਅੰਤਿਕਾਵਾਂ ਹਨ। ਸਿੱਖਾਂ ਦੀ ਭਗਤ ਮਾਲਾ ਵਿਚ ਆਏ ਪ੍ਰਮੁੱਖ ਸਿੱਖਾਂ ਦੇ ਨਾਂ "ਨਾਮਾਵਲੀ" ਨਾਂ ਦੀ ਅੰਤਿਕਾ ਵਿਚ ਗੁਰਮੁਖੀ ਅੱਖਰ-ਕ੍ਰਮ ਅਨੁਸਾਰ ਦਿੱਤੇ ਗਏ ਹਨ ਅਤੇ ਪੁਰਾਤਨ ਜਨਮ-ਸਾਖੀ ਵਿਚ ਅੰਤਿਕਾਵਾਂ ਦੀ ਗਿਣਤੀ ਪੰਜ ਹੈ। ਭਾਈ ਸਾਹਿਬ ਜੀ ਦੁਆਰਾ ਹਰ ਸਫ਼ੇ ਦੇ ਹੇਠਾਂ ਦਿੱਤੇ ਗਏ ਫੁੱਟ-ਨੋਟ ਵੀ ਵਿਸ਼ੇਸ਼ ਧਿਆਨ ਦੀ ਮੰਗ ਕਰਦੇ ਹਨ। ਜਿੱਥੇ ਕਿਤੇ ਕਿਸੇ ਨੁਕਸ ਦੀ ਵਧੇਰੇ ਵਿਆਖਿਆ ਦੀ ਲੋੜ ਸੀ, ਉੱਥੇ ਫੁੱਟ-ਨੋਟ ਕਈ-ਕਈ ਸਫ਼ਿਆਂ ਵਿਚ ਫੈਲ ਗਏ ਹਨ।

ਸਾਰੰਸ਼ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਭਾਈ ਵੀਰ ਸਿੰਘ ਆਪਣੇ ਸਮੇਂ ਦੇ ਸਭ ਤੋਂ ਵੱਧ ਸਮਰੱਥਾਵਾਨ ਸੰਪਾਦਕ ਅਤੇ ਖੋਜਕਾਰ ਸਨ ਜਿਨ੍ਹਾਂ ਦੀ ਸੰਪਾਦਨ ਪ੍ਰਤਿਭਾ ਦਾ ਪ੍ਰਭਾਵ ਪਿਛਲੀਆਂ ਸੰਪਾਦਨਾਵਾਂ ਉੱਪਰ ਵੀ ਵੇਖਿਆ ਜਾ ਸਕਦਾ ਹੈ। ਉਦਾਹਰਨ ਗਿਆਨੀ ਕਿਰਪਾਲ ਸਿੰਘ ਦੁਆਰਾ ਸੰਪਾਦਿਤ ਗਿਆਨੀ ਗਿਆਨ ਸਿੰਘ ਦੇ ਗ੍ਰੰਥ 'ਸ੍ਰੀ ਗੁਰ ਪੰਥ ਪ੍ਰਕਾਸ਼' ਦੀ ਲਈ ਜਾ ਸਕਦੀ ਹੈ। ਜੁਲਾਈ ੧੯੭੭ ਈ. ਵਿਚ ਪ੍ਰਕਾਸ਼ਿਤ ਇਸ ਗ੍ਰੰਥ ਦਾ ਸੰਪਾਦਨ-ਮਾਡਲ ਭਾਈ ਵੀਰ ਸਿੰਘ ਦੁਆਰਾ ਭਾਈ ਸੰਤੋਖ ਸਿੰਘ ਵਾਲਾ 'ਸ੍ਰੀ ਗੁਰੂ ਪ੍ਰਤਾਪ ਸੂਰਜ ਗ੍ਰੰਥ' ਹੈ। ਉਸੇ ਤਰ੍ਹਾਂ ਭੂਮਿਕਾ ਨੂੰ ਪਹਿਲੀ ਜਿਲਦ ਵਿਚ ਰੱਖਿਆ ਗਿਆ ਹੈ ਅਤੇ ਜਿਨ੍ਹਾਂ ਵਿਸ਼ਿਆਂ ਬਾਰੇ ਚਰਚਾ ਕੀਤੀ ਗਈ ਹੈ, ਉਹ ਸਿਰਲੇਖ ਵੀ ਭਾਈ ਵੀਰ ਸਿੰਘ ਵਾਲੇ ਹੀ ਹਨ। ਅਰਥ ਵੀ ਉਂਜ ਹੀ ਲਏ ਹਨ ਅਤੇ ਪੈਰ-ਟਿੱਪਣੀਆਂ ਵਿਚ ਭੁੱਲਾਂ ਦੀ ਸੋਧ ਵੀ ਉਸੇ ਤਰ੍ਹਾਂ ਕੀਤੀ ਗਈ ਹੈ। ਇਕ ਹੋਰ ਬੜੀ ਦਿਲਚਸਪ ਗੱਲ ਵੀ ਭਾਈ ਸਾਹਿਬ ਜੀ ਦੀਆਂ ਸੰਪਾਦਨਾਵਾਂ ਬਾਰੇ ਦਿਸਦੀ ਹੈ ਕਿ ਦੋ ਗ੍ਰੰਥਾਂ ਦੇ ਮੂਲ ਨਾਂ ਉਹ ਨਹੀਂ ਜੋ ਆਮ ਪ੍ਰਚਲਿਤ ਹਨ। 'ਪ੍ਰਾਚੀਨ ਪੰਥ ਪ੍ਰਕਾਸ਼' ਅਤੇ 'ਪੁਰਾਤਨ ਜਨਮ-ਸਾਖੀ' ਅਜਿਹੇ ਹੀ ਨਾਂ ਹਨ। ਭਾਈ ਰਤਨ ਸਿੰਘ ਭੰਗੂ ਵਾਲੇ ਗ੍ਰੰਥ ਦਾ ਮੂਲ ਨਾਂ 'ਸ੍ਰੀ ਗੁਰ ਪੰਥ ਪ੍ਰਕਾਸ਼' ਹੈ, ਪਰ ਭਾਈ ਜੀ ਨੇ ਸੰਪਾਦਨਾ ਵੇਲੇ 'ਪ੍ਰਾਚੀਨ' ਸ਼ਬਦ ਆਪਣੇ ਕੋਲੋਂ ਪਾ ਕੇ 'ਪ੍ਰਾਚੀਨ ਪੰਥ ਪ੍ਰਕਾਸ਼' ਬਣਾ ਦਿੱਤਾ ਅਤੇ ਅੱਜ ਇਹ ਗ੍ਰੰਥ ਇਸੇ ਨਾਂ ਨਾਲ ਹੀ ਪ੍ਰਚਲਿਤ ਹੈ। ਇਸੇ ਤਰ੍ਹਾਂ ਪੁਰਾਤਨ ਜਨਮ-ਸਾਖੀ ਦਾ ਮੂਲ ਨਾਂ ਸਾਖੀ ਸ੍ਰੀ ਬਾਬੇ ਨਾਨਕ ਜੀ ਕੀ ਹੈ, ਪਰ ਭਾਈ ਸਾਹਿਬ ਜੀ ਨੇ ਸਾਰੀਆਂ ਜਨਮ-ਸਾਖੀਆਂ ਦੇ ਰਚਨਾ-ਕਾਲ ਦੀ ਪੜਤਾਲ ਕਰ ਕੇ ਇਸ ਨੂੰ ਸਭ ਨਾਲੋਂ ਵਧੇਰੇ ਪ੍ਰਾਚੀਨ ਜਾਣ ਕੇ ਇਸ ਦਾ ਨਾਂ 'ਪੁਰਾਤਨ ਜਨਮਸਾਖੀ' ਰੱਖ ਦਿੱਤਾ ਅਤੇ ਇਹੋ ਨਾਂ ਹੀ ਪ੍ਰਚਲਿਤ ਹੋ ਗਿਆ। ਭਾਈ ਜੀ ਤੋਂ ਪਿੱਛੋਂ ਇਨ੍ਹਾਂ ਗ੍ਰੰਥਾਂ ਨੂੰ ਕਈ ਵਿਦਵਾਨਾਂ ਨੇ ਵੀ ਸੰਪਾਦਿਤ ਕੀਤਾ ਹੈ, ਪਰ ਭਾਈ ਸਾਹਿਬ ਜੀ ਦਾ ਪ੍ਰਭਾਵ ਸਾਰਿਆਂ ਉੱਪਰ ਕਿਸੇ ਨਾ ਕਿਸੇ ਰੂਪ ਵਿਚ ਨਜ਼ਰੀਂ ਪੈ ਜਾਂਦਾ ਹੈ। ਇਹ ਸਾਰੇ ਗ੍ਰੰਥ ਆਪਣੇ ਗੁਣਾਂ ਕਰ ਕੇ ਮਹੱਤਵਪੂਰਨ ਤਾਂ ਸਨ ਹੀ, ਪਰ ਭਾਈ ਵੀਰ ਸਿੰਘ ਦੀ ਛੂਹ ਨੇ ਇਨ੍ਹਾਂ ਦੀ ਸਾਰਥਿਕਤਾ ਵਿਚ ਹੋਰ ਵੀ ਵਾਧਾ ਕਰ ਦਿੱਤਾ। 'ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ' ਮੌਜੂਦ ਤਾਂ ਪਹਿਲਾਂ ਹੀ ਸੀ, ਪਰ ਇਸ ਦੇ ਸੰਪਾਦਨ ਅਤੇ ਪ੍ਰਕਾਸ਼ਨ ਨਾਲ ਇਸ ਦੀ ਕਥਾ ਲੱਗਭਗ ਸਾਰੇ ਹੀ ਇਤਿਹਾਸਿਕ ਗੁਰਦੁਆਰਾ ਸਾਹਿਬਾਨ ਵਿਚ ਹੋਣ ਲੱਗ ਪਈ ਜੋ ਇਸ ਗ੍ਰੰਥ ਦੇ ਪ੍ਰਚਾਰ-ਪ੍ਰਸਾਰ ਦਾ ਵਸੀਲਾ ਵੀ ਬਣੀ। ਇਸੇ

ਤਰ੍ਹਾਂ 'ਪੁਰਾਤਨ ਜਨਮ-ਸਾਖੀ' ਪੰਜਾਬ ਦੀਆਂ ਯੂਨੀਵਰਸਿਟੀਆਂ ਵਿਚ ਐਮ. ਏ. (ਪੰਜਾਬੀ) ਦੇ ਸਿਲੇਬਸ ਵਿਚ ਬੜੇ ਚਿਰ ਤੋਂ ਚੱਲਦੀ ਆ ਰਹੀ ਹੈ ਅਤੇ ਵਿਦਿਆਰਥੀ ਏਸੇ ਜਨਮ ਸਾਖੀ ਦਾ ਨਾਂ ਹੀ ਵਧੇਰੇ ਜਾਣਦੇ ਹਨ। ਇੰਜ ਅਸੀਂ ਵੇਖਦੇ ਹਾਂ ਕਿ ਭਾਈ ਵੀਰ ਸਿੰਘ ਦੀ ਸੰਪਾਦਨ ਪ੍ਰਤਿਭਾ ਨੇ ਅਕਾਦਮਿਕ ਅਤੇ ਧਾਰਮਿਕ ਖੇਤਰਾਂ ਵਿਚ ਆਪਣਾ ਬਣਦਾ ਯੋਗਦਾਨ ਦਿੱਤਾ ਹੈ। ਭਾਵੇਂ ਭਾਈ ਸਾਹਿਬ ਜੀ ਨੇ ਇਹ ਸੰਪਾਦਨਾ-ਕਾਰਜ ਧਰਮ ਪ੍ਰਚਾਰ ਨੂੰ ਧਿਆਨ ਵਿਚ ਰੱਖ ਕੇ ਕੀਤਾ, ਪਰ ਸਹਿਜ ਸੁਭਾਅ ਇਹ ਪੰਜਾਬੀ ਸਾਹਿਤ ਦੀ ਨਿੱਗਰ ਸੇਵਾ ਵੀ ਬਣ ਨਿੱਬੜੀ। ਭਾਈ ਵੀਰ ਸਿੰਘ ਦੀ ਸੰਪਾਦਨ ਪ੍ਰਤਿਭਾ ਦਾ ਪ੍ਰਭਾਵ ਵਿਦਵਾਨਾਂ ਅਤੇ ਉਨ੍ਹਾਂ ਦੇ ਸੰਪਾਦਿਤ ਗ੍ਰੰਥਾਂ ਉੱਪਰ ਪਿਆ ਅਤੇ ਇਹ ਪ੍ਰਭਾਵ ਜਾਂ ਮਾਨਤਾ ਕਿਸੇ ਵੀ ਸੰਪਾਦਕ ਲਈ ਮਾਣ ਵਾਲੀ ਗੱਲ ਹੈ।

**ਹਵਾਲੇ ਅਤੇ ਟਿਪਣੀਆਂ**


੧. *ਸਿੱਖਾਂ ਦੀ ਭਗਤ ਮਾਲਾ,* ਖਾਲਸਾ ਸਮਾਚਾਰ, ਸ੍ਰੀ ਅੰਮ੍ਰਿਤਸਰ ਸਾਹਿਬ, ੧੧ ਮਾਰਚ, ੨੦੧੧, ਪੰਨਾ ਸ

੨. ਉਹੀ

੩. *ਪ੍ਰਾਚੀਨ ਪੰਥ ਪ੍ਰਕਾਸ਼,* ਖਾਲਸਾ ਸਮਾਚਾਰ, ਸ੍ਰੀ ਅੰਮ੍ਰਿਤਸਰ ਸਾਹਿਬ, ਪੰਜਵੀ ਵਾਰ, ਅਕਤੂਬਰ ੧੯੮੨ ਈ. ਪੰਨੇ ੧-੨

੪. *ਭਾਈ ਵੀਰ ਸਿੰਘ ਦੀ ਸਾਹਿਤਿਕ ਪ੍ਰਤਿਭਾ,* (ਸੰਪਾ. ਗੁਰਚਰਨ ਸਿੰਘ) ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ, ੧੯੮੯ ਵਿਚ ਪ੍ਰਕਾਸ਼ਿਤ ਲੇਖ ਭਾਈ ਵੀਰ ਸਿੰਘ ਵੱਲੋਂ ਪੰਥ ਪ੍ਰਕਾਸ਼ ਦੀ ਸੰਪਾਦਨਾ, ਪੰਨੇ ੧੮੮-੨੦੦

੫. *ਪੁਰਾਤਨ ਜਨਮਸਾਖੀ,* ਖਾਲਸਾ ਸਮਾਚਾਰ, ਸ੍ਰੀ ਅੰਮ੍ਰਿਤਸਰ ਸਾਹਿਬ, ਅਠਵੀਂ ਵਾਰ, ਅਕਤੂਬਰ ੧੯੮੦, ਪੰਨੇ ੧-੨.

੬. ਵਧੇਰੇ ਵਿਸਥਾਰ ਲਈ ਵੇਖੋ ਪ੍ਰਸਤੁਤ ਲੇਖਕ ਦਾ ਲੇਖ ਪੁਰਾਤਨ ਜਨਮ ਸਾਖੀ ਦੀ ਮੁਸਾਫਰੀ, *ਖੋਜ ਪਤ੍ਰਿਕਾ,* ਅੰਕ ੭੯, ਸਤੰਬਰ ੨੦੧੪ ਪੰਨੇ ੨੭੭-੨੮੦

੭. ਹੋਰ ਵੇਰਵੇ ਲਈ ਵੇਖੋ ਪੁਸਤਕ *ਪੰਜਾਬੀ ਖੋਜ ਦਾ ਇਤਿਹਾਸ* (ਡਾ. ਧਰਮ ਸਿੰਘ) ਪੰਜਾਬੀ ਅਕਾਡਮੀ, ਦਿੱਲੀ, ਤੀਜਾ ਸੰਸਕਰਣ ੨੦੧੭, ਪੰਨੇ ੨੩੭-੨੪੨

੮. ਕਿਰਪਾਲ ਸਿੰਘ ਗਿਆਨੀ (ਸਿੰਘ ਸਾਹਿਬ), *ਸ੍ਰੀ ਗੁਰ ਪੰਥ ਪ੍ਰਕਾਸ਼ ਦੀ ਪ੍ਰਸਤਾਵਨਾ,* ਪ੍ਰਕਾਸ਼ਕ, ਮਨਮੋਹਨ ਸਿੰਘ (ਬਰਾੜ), ਸ੍ਰੀ ਅੰਮ੍ਰਿਤਸਰ ਸਾਹਿਬ, ੧੯੭੭


## ਸ੍ਰੀ ਗੋਇੰਦਵਾਲ ਸਾਹਿਬ ਵਿਖੇ ਅੰਮ੍ਰਿਤ-ਸੰਚਾਰ

ਭਾਈ ਸਰਬਜੀਤ ਸਿੰਘ ਢੋਟੀਆਂ ਪ੍ਰਚਾਰਕ ਵੱਲੋਂ ਪੁੱਜੀ ਰਿਪੋਰਟ ਅਨੁਸਾਰ ਗੁਰਦੁਆਰਾ ਚੁਬਾਰਾ ਸਾਹਿਬ, ਸ੍ਰੀ ਗੋਇੰਦਵਾਲ ਸਾਹਿਬ ਵਿਖੇ ੬ ਸਤੰਬਰ, ੨੦੧੭ ਨੂੰ ਅੰਮ੍ਰਿਤ-ਸੰਚਾਰ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਵਿਚ ਕੁੱਲ ੫੮ ਪ੍ਰਾਣੀ ਅੰਮ੍ਰਿਤ ਛਕ ਕੇ ਗੁਰੂ ਵਾਲੇ ਬਣੇ। ਇਸ ਸਮਾਗਮ ਦੀ ਸਫਲਤਾ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਸ. ਗੁਰਬਚਨ ਸਿੰਘ ਕਰਮੂੰਵਾਲਾ ਅਤੇ ਅੰਤ੍ਰਿੰਗ ਮੈਂਬਰ ਸ. ਬਲਵਿੰਦਰ ਸਿੰਘ ਵੇਈਂ ਨੇ ਸਹਿਯੋਗ ਦਿੱਤਾ। ਇਸ ਅੰਮ੍ਰਿਤ-ਸੰਚਾਰ ਸਮਾਗਮ ਦੀ ਸਫਲਤਾ ਲਈ ੨੫ ਅਗਸਤ ਤੋਂ ੫ ਸਤੰਬਰ, ੨੦੧੭ ਤਕ ਇਲਾਕੇ ਦੇ ਵੱਖ-ਵੱਖ ਪਿੰਡਾਂ ਵਿਚ ਗੁਰਮਤਿ ਸਮਾਗਮ ਵੀ ਕਰਵਾਏ ਗਏ ਅਤੇ ਸੰਗਤਾਂ ਨੂੰ ਅੰਮ੍ਰਿਤ ਛਕਣ ਲਈ ਪ੍ਰੇਰਿਤ ਕੀਤਾ ਗਿਆ।

# ਪਟਨਾ ਸਾਹਿਬ ਅਤੇ ਆਲੇ-ਦੁਆਲੇ ਦੇ ਜ਼ਿਲ੍ਹਿਆਂ ਵਿਚ ਵੱਸਦੇ ਸਿੱਖ

*-ਸ. ਜਗਮੋਹਨ ਸਿੰਘ**

ਬਿਹਾਰ ਰਾਜ ਵਿਚ ਵੱਸਦੇ ਸਿੱਖ ਵੱਖ-ਵੱਖ ਪਿਛੋਕੜ ਨਾਲ ਸੰਬੰਧ ਰੱਖਦੇ ਸਨ। ਕੁਝ ਸਿੱਖ ਸ੍ਰੀ ਗੁਰੂ ਨਾਨਕ ਸਾਹਿਬ ਜੀ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਵੇਲੇ ਤੋਂ ਪੰਜਾਬ ਤੋਂ ਇਧਰ ਆਏ। ਇਨ੍ਹਾਂ ਵਿੱਚੋਂ ਕਈ ਤਰ੍ਹਾਂ ਦੇ ਵਪਾਰੀ ਅਤੇ ਪੇਸ਼ਾਵਰ ਵੀ ਸਨ। ਇੱਥੋਂ ਦੇ ਸਥਾਨਕ ਲੋਕਾਂ ਵਿੱਚੋਂ ਬਹੁਤਿਆਂ ਨੇ ਸਿੱਖੀ ਨੂੰ ਨਾਨਕ-ਪੰਥੀਆਂ ਦੇ ਰੂਪ ਵਿਚ ਅਪਣਾਇਆ। ਜਿੱਥੋਂ ਤਕ ਸਿੱਖੀ ਨਾਲ ਨੇੜ੍ਹਤਾ ਵਾਲੀ ਗੱਲ ਹੈ, ਪਿਛਲੇ ਡੇਢ ਸੌ ਸਾਲਾਂ ਵਿਚ ਇੱਥੋਂ ਬਹੁਤ ਸਾਰੇ ਨਾਨਕ-ਪੰਥੀ ਹੌਲੀ ਹੌਲੀ ਅਲੋਪ ਹੋ ਗਏ ਹਨ। ਉਦੋਂ ਤੋਂ ਹੀ ਬਿਹਾਰ ਵਿਚ ਸਿੱਖੀ ਦੀ ਹੋਂਦ ਘੱਟ ਦੀ ਜਾ ਰਹੀ ਹੈ ਅਤੇ ਔਖੇ ਦੌਰ ਵਿੱਚੋਂ ਗੁਜ਼ਰ ਰਹੀ ਹੈ। ਕੁਝ ਸਿੱਖਾਂ ਨੇ ਅੱਜ ਵੀ ਆਪਣੀ ਹੋਂਦ ਕਾਇਮ ਰੱਖੀ ਹੈ ਅਤੇ ਆਪਣੇ ਆਪ ਨੂੰ ਸਿੱਖੀ ਸਰੂਪ ਵਿਚ ਢਾਲ ਲਿਆ ਹੈ।

ਇੱਥੇ ਮੈਂ ਉਨ੍ਹਾਂ ਸਿੱਖਾਂ ਦੀ ਗੱਲ ਕਰ ਰਿਹਾ ਹਾਂ ਜੋ ਅਸਲ ਵਿਚ ਪਟਨਾ ਸਾਹਿਬ ਅਤੇ ਇਸ ਦੇ ਗੁਆਂਢੀ ਜ਼ਿਲ੍ਹਿਆਂ ਨਾਲ ਸੰਬੰਧ ਰੱਖਦੇ ਹਨ। ਇਨ੍ਹਾਂ ਦੇ ਬੜੇ ਵਿਲੱਖਣ ਉਦਾਹਰਨ ਮਿਲਦੇ ਹਨ। ਇਹ ਸਿੱਖ ਸਾਧਾਰਨ ਕਿਸਾਨ ਤੋਂ ਲੈ ਕੇ ਜ਼ਿਮੀਂਦਾਰ ਹਨ ਇਨ੍ਹਾਂ ਆਪਣੀ ਸਿੱਖੀ ਵਾਲੀ ਪਛਾਣ ਨੂੰ ਬੜੇ ਮਾਣ ਨਾਲ ਸਾਂਭਿਆ ਹੋਇਆ ਹੈ।

ਇਨ੍ਹਾਂ ਵਿੱਚੋਂ ਕਈ ਗ੍ਰੰਥੀ, ਕੀਰਤਨੀਏ, ਸੇਵਾਦਾਰ ਅਤੇ ਲਾਂਗਰੀ ਹਨ। ਇਹ ਤਖਤ ਸ੍ਰੀ ਹਰਿਮੰਦਰ ਜੀ ਅਤੇ ਪਟਨਾ ਸਾਹਿਬ ਦੇ ਹੋਰ ਗੁਰਦੁਆਰਾ ਸਾਹਿਬਾਨ ਵਿਚ ਸੇਵਾ ਕਰ ਰਹੇ ਹਨ। ਇਹੋ ਜਿਹੀਆਂ ਹੋਰ ਧਾਰਮਿਕ ਸੇਵਾਵਾਂ ਦੀ ਲੋੜ ਹੋਣ 'ਤੇ ਇਹ ਵੱਖ-ਵੱਖ ਗੁਰਦੁਆਰਾ ਸਾਹਿਬਾਨ ਵਿਚ ਵੀ ਸਾਨੂੰ ਦਿਸ ਪੈਂਦੇ ਹਨ, ਜਿਵੇਂ ਤਖਤ ਸ੍ਰੀ ਹਜ਼ੂਰ ਸਾਹਿਬ, ਝਾਂਸੀ, ਦਿੱਲੀ, ਕੋਟਾ, ਬਠਿੰਡਾ, ਮੋਗਾ, ਲੁਧਿਆਣਾ, ਪਾਕੁਰ, ਰਾਂਚੀ ਅਤੇ ਹੋਰ ਕਈ ਥਾਂਵਾਂ 'ਤੇ ਪਰਵਾਰ ਦਾ ਖ਼ਾਸ ਹਿੱਸਾ ਹੋਣ ਦੇ ਬਾਵਜੂਦ ਵੀ ਸ਼ਾਇਦ ਹੀ ਸਾਡੇ ਵਿੱਚੋਂ ਬਹੁਤੇ ਇਨ੍ਹਾਂ ਬਾਰੇ ਕੁਝ ਜਾਣਦੇ ਹੋਣ। ਇਨ੍ਹਾਂ ਬਾਰੇ ਵਧੇਰੇ ਜਾਣਕਾਰੀ, ਪਛਾਣ, ਸੱਭਿਆਚਾਰ ਅਤੇ ਮੁੱਢ ਬਾਰੇ ਜਾਣਨ ਲਈ ਜਿੰਨਾ ਹੀ ਮੈਂ ਇਨ੍ਹਾਂ ਥਾਂਵਾਂ ਦਾ ਦੌਰਾ ਕਰਦਾ ਹਾਂ, ਉਨੀਂ ਹੀ ਮੇਰੀ ਇਨ੍ਹਾਂ ਬਾਰੇ ਦਿਲਚਸਪੀ ਵਧਦੀ ਜਾਂਦੀ ਹੈ। ਨਿਰੰਤਰ ਸਫਰ ਦੇ ਦੌਰਾਨ ਮੈਂ ਪਟਨਾ ਸਾਹਿਬ ਅਤੇ ਹੋਰ ਕਈ ਪਿੰਡਾਂ ਅਤੇ ਛੋਟੇ

*ਇੰਚਾਰਜ (Hony) ਸਿੱਖ ਮਿਸ਼ਨ ਕਲਕੱਤਾ, ਧਰਮ ਪ੍ਰਚਾਰ ਕਮੇਟੀ।
#Gill Apartment, 13/3- Mall Road, Dum Dum, KolKata- 700080; M: +9198319-08912

ਕਸਬਿਆਂ ਵਿਚ ਜਾ ਕੇ ਜਾਣਕਾਰੀ ਪ੍ਰਾਪਤ ਕੀਤੀ।

ਇਧਰਲੇ ਪਾਸੇ ਲੰਮੇ ਅਰਸੇ ਤੋਂ ਵਸਦੇ ਸਿੱਖਾਂ ਦੇ ਸੰਪਰਕ ਵਿਚ ਆ ਕੇ ਇਹ ਲੋਕ ਲਗਾਤਾਰ ਸਿੱਖੀ ਦੀ ਧਾਰਾਵਾਹਿਕਤਾ ਨਾਲ ਜੁੜੇ ਹਨ। ਕਈਆਂ ਨੇ ਵੀਹਵੀਂ ਸਦੀ ਦੇ ਮੱਧ ਤੋਂ ਸਿੱਖੀ ਜੀਵਨ ਨੂੰ ਅਪਣਾਇਆ ਹੈ। ੧੯੩੫ ਈ. ਵਿਚ ਆਏ ਤਬਾਹਕੁੰਨ ਭੁਚਾਲ ਨਾਲ ਤਖਤ ਸ੍ਰੀ ਹਰਿਮੰਦਰ ਜੀ, ਪਟਨਾ ਸਾਹਿਬ ਦੀ ਇਮਾਰਤ ਨੂੰ ਵੱਡਾ ਨੁਕਸਾਨ ਪਹੁੰਚਿਆ ਸੀ। ਇਹ ਸਿੱਖ ਇਸ ਪਵਿੱਤਰ ਸਥਾਨ ਨਾਲ ਜੁੜ ਕੇ ਵੱਖ-ਵੱਖ ਸੇਵਾਵਾਂ ਕਰਨ ਲੱਗੇ। ਇਸ ਤੋਂ ਪਹਿਲਾਂ ਇਨ੍ਹਾਂ ਵਿਚ ਕੋਈ ਸਿੱਖ ਨਹੀਂ ਸਨ, ਪਰ ਹੋ ਸਕਦਾ ਹੈ ਕਿ ਨਾਨਕ-ਪੰਥੀ ਪਰੰਪਰਾ ਨੂੰ ਮੰਨਦੇ ਹੋਣ। ਇਸ ਝੁਕਾਅ ਕਾਰਨ ਹੀ ਸਿੱਖੀ ਵੱਲ ਪ੍ਰੇਰਿਤ ਹੋਏ ਹੋਣ। ਇਹ ਵੱਖ-ਵੱਖ ਮੁੱਢ ਨਾਲ ਸਬੰਧ ਰੱਖਦੇ ਸਨ, ਪਰ ਸਮੇਂ ਨਾਲ ਸੋਚ ਵਿਚ ਤਰੱਕੀ ਕਰ ਕੇ ਸਿੱਖ ਪੰਥ ਨਾਲ ਜੁੜ ਗਏ। ਇਹ ਸਿੱਖ ਭਾਈਚਾਰੇ ਦੇ ਬਰਾਬਰ ਦੇ ਭਾਈਵਾਲ ਬਣ ਗਏ। ਗੁਰੂ-ਘਰ ਦੇ ਗ੍ਰੰਥੀ ਅਤੇ ਸੇਵਾਦਾਰ ਬਣ ਕੇ ਫਖਰ ਮਹਿਸੂਸ ਕਰਨ ਲੱਗੇ।

ਇਹ ਆਮ ਤੌਰ ’ਤੇ ਕੇਵਟ, ਚੰਦਰਵੰਸ਼ੀ, ਕਹਾਰ, ਪਾਸਵਾਨ, ਮਛੂਆਰਾ ਜਾਂ ਨਿਸ਼ਾਦ ਰਾਜ, ਯਾਦਵ, ਤੇਲੀ, ਕੁਮਹਾਰ, ਰਵਿਦਾਸੀ, ਗਦੇਰੀ, ਕੁਰਮੀ, ਪਾਲ, ਮਾਝਾਕਾਰ ਜਾਂ ਮਾਲੀ ਜਾਤਾਂ ਅਤੇ ਕਈ ਬਾਣੀਏ ਜਾਤ ਨਾਲ ਸਬੰਧਿਤ ਸਨ। ਉੱਚੀਆਂ ਜਾਤਾਂ ਨਾਲ ਸੰਬੰਧ ਰੱਖਣ ਵਾਲੇ, ਜਿਵੇਂ ਭੂਮੀਹਾਰ, ਰਾਜਪੂਤ ਜਾਂ ਬ੍ਰਾਹਮਣ ਵੀ ਗੁਰਦੁਆਰਾ ਸਾਹਿਬ ਦੀ ਸੇਵਾ ਵਿਚ ਲੱਗ ਗਏ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ‘ਲਾਡਲੀ ਫੌਜ’ ਦੇ ਹਿੱਸੇਦਾਰ ਬਣ ਕੇ ਕਈ ਨਿਹੰਗ ਸਿੰਘਾਂ ਵਾਲੇ ਬਾਣੇ ਪਾਉਣ ਲੱਗੇ। ਸਤਿਕਾਰਯੋਗ ਜਥੇਦਾਰ ਮਾਨ ਸਿੰਘ ਵਰਗਿਆਂ ਨੇ ਤਖਤ ਸਾਹਿਬ ਦੇ ਜਥੇਦਾਰ ਵਜੋਂ ਸੇਵਾ ਨਿਭਾਈ। ਆਪਣੀਆਂ ਸਥਾਨਕ ਜੜ੍ਹਾਂ ਤੋਂ ਉੱਠ ਕੇ ਸਿੱਖੀ ਦੀ ਮੁੱਖ ਧਾਰਾ ਵਿਚ ਸ਼ਾਮਲ ਹੋਏ। ਗਿਆਨੀ ਫੌਜਾ ਸਿੰਘ ਨੇ ਇਨ੍ਹਾਂ ਥਾਂਵਾਂ ਦੀ ਸਿੱਖੀ ਬਾਰੇ ਸਤੰਬਰ ੧੯੬੯ ਈ. ਵਿਚ ਪ੍ਰਕਾਸ਼ਿਤ ‘ਗੁਰਮਤਿ ਪ੍ਰਕਾਸ਼’ ਵਿਚ ਇਕ ਲੇਖ ਲਿਖਿਆ ਸੀ। ਉਨ੍ਹਾਂ ਦੇ ਲੇਖ ਵਿਚ ਪੰਡਤ ਗਿਆਨੀ ਕੇਹਰ ਸਿੰਘ ਦੀ ੧੯ ਅਗਸਤ, ੧੯੬੮ ’ਚ ਲਿਖੀ ਚਿੱਠੀ ਵੀ ਪ੍ਰਕਾਸ਼ਿਤ ਹੋਈ। ਉਨ੍ਹਾਂ ਨੇ ਸਿੱਖੀ ਰਿਹਾਇਸ਼ ਵਾਲੇ ਕੁਝ ਪਿੰਡਾਂ, ਜਿਵੇਂ: ਰਾਨੀਪੁਰ ਖਿੜਕੀ, ਲਕਸ਼ੀਪੁਰ ਅਤੇ ਮੁਜ਼ਫਰਪੁਰ ਜ਼ਿਲ੍ਹੇ ਨਾਲ ਜੁੜਦੇ ਦੋ ਪਿੰਡਾਂ ਦਾ ਵੀ ਜ਼ਿਕਰ ਕੀਤਾ ਹੈ।

**ਪ੍ਰੇਰਨਾ ਦੇ ਸਰੋਤ:** ਗੁਰੂ ਸਾਹਿਬਾਨ ਤੋਂ ਹੀ ਸਥਾਨਕ ਲੋਕਾਂ ਅੰਦਰ ਲਗਾਤਾਰ ਪ੍ਰੇਰਨਾ ਦਾ ਪ੍ਰਵਾਹ ਚੱਲਦਾ ਸੀ। ਪਟਨਾ ਸਾਹਿਬ ਦੇ ਮਹੰਤਾਂ, ਗ੍ਰੰਥੀਆਂ ਅਤੇ ਅਣਗਿਣਤ ਉਦਾਸੀਆਂ ਡੇਰਿਆਂ ਰਾਹੀਂ ਲੋਕਾਂ ਉੱਪਰ ਗਹਿਰਾ ਪ੍ਰਭਾਵ ਪਿਆ। ਵੀਹਵੀਂ ਸਦੀ ਵਿਚ ਜ਼ਿਲ੍ਹਾ ਗੁਜਰਾਤ ਦੇ ਮੰਡੀ ਬਹਾਉਦੀਨ, ਪੱਛਮੀ ਪੰਜਾਬ (ਜੋ ਹੁਣ ਪਾਕਿਸਤਾਨ ਵਿਚ ਹੈ) ਦੇ ਬਾਬਾ ਨਿਸ਼ਚਲ ਸਿੰਘ ਮਗਰੋਂ ਯਮੁਨਾਨਗਰ ਵਿਚ ਵੱਸ ਗਏ ਅਤੇ

ਗੁਰਦੁਆਰਾ ਦਮਦਮਾ ਸਾਹਿਬ ਸੁਲਤਾਨਪੁਰ ਲੋਧੀ, ਕਪੂਰਥਲਾ ਦੇ ਸੰਤ ਕਰਤਾਰ ਸਿੰਘ ਪਟਨਾ ਸਾਹਿਬ ਵਿਖੇ ੧੯੩੪ ਈ. ਵਿਚ ਆਏ ਭੁਚਾਲ ਮਗਰੋਂ ਕਾਰ-ਸੇਵਾ ਅਰੰਭ ਕਰਨ ਅਤੇ ਇਮਾਰਤ ਦੁਬਾਰਾ ਬਣਾਉਣ ਲਈ ਆਏ। ਤਖਤ ਸਾਹਿਬ ਦੀ ਮੁੜ ਉਸਾਰੀ ਲਈ ਕਈ ਸਿੱਖ ਸੰਸਥਾਵਾਂ ਜਿਵੇਂ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ, ਕਈ ਸਿੱਖ ਮਹਾਰਾਜੇ ਅਤੇ ਸਿੱਖ ਸ਼ਖ਼ਸੀਅਤਾਂ ਅੱਗੇ ਆਈਆਂ। ਇਨ੍ਹਾਂ ਸਿੱਖਾਂ ਬਾਰੇ ਡੂੰਘੀ ਖੋਜ ਤੋਂ ਪਤਾ ਚਲਦਾ ਹੈ ਕਿ ਤਖਤ ਸ੍ਰੀ ਹਰਿਮੰਦਰ ਜੀ, ਪਟਨਾ ਸਾਹਿਬ ਦੇ ਮੈਨੇਜਰ ਗਿਆਨੀ ਗੁਰਬਚਨ ਸਿੰਘ ਨੇ ਲੋਕਾਂ ਵਿਚ ਸਿੱਖੀ ਸਿਧਾਂਤਾਂ ਨੂੰ ਪ੍ਰਚਾਰਨ ਵਿਚ ਅਹਿਮ ਯੋਗਦਾਨ ਪਾਇਆ। ਇਨ੍ਹਾਂ ਦੇ ਕਾਰਨ ਹੀ ਸਮਾਜਿਕ ਰੁਤਬੇ ਅਨੁਸਾਰ ਜ਼ਿਮੀਂਦਾਰੀ ਤੋਂ ਲੈ ਕੇ ਕਈ ਹੋਰ ਜਾਤਾਂ ਦੇ ਲੋਕਾਂ ਨੇ ਸਿੱਖੀ ਨੂੰ ਅਪਣਾਇਆ। ਰਾਘਵੇਂਦਰਧਾਰੀ ਸਿੰਘ ਨੇ ਵੀ ਸਿੱਖੀ ਅਪਣਾਈ ਅਤੇ ਉਨ੍ਹਾਂ ਦੇ ਪ੍ਰਭਾਵ ਹੇਠ ਬਹੁਤ ਲੋਕਾਂ ਨੇ ਸਿੱਖ ਧਰਮ ਨੂੰ ਅਪਣਾਇਆ। ਇਹ ਪਟਨਾ ਸਾਹਿਬ ਅਤੇ ਨਾਲ ਲੱਗਦੇ ਜ਼ਿਲ੍ਹਿਆਂ ਤੋਂ ਤਕਰੀਬਨ ਹਰੇਕ ਪਿਛੋਕੜ ਤੋਂ ਸਨ। ਸਾਰਿਆਂ ਨੇ ਸਿੱਖ ਧਰਮ ਨੂੰ ਸ਼ਰਧਾ ਨਾਲ ਅਪਣਾਇਆ, ਜਿਸ ਦਾ ਅਸਰ ਸਥਾਨਕ ਲੋਕਾਂ 'ਤੇ ਵੀ ਪਿਆ ਅਤੇ ਉਨ੍ਹਾਂ ਵਿਚ ਨਵੀਂ ਸੋਚ ਦਾ ਆਗਾਜ਼ ਹੋਇਆ। ਇਹ ਸਿੱਖ ਹਮੇਸ਼ਾ ਆਪਣੀ ਸਿੱਖੀ ਪਰੰਪਰਾ ਮੁਤਾਬਕ ਤਿਆਰ-ਬਰ-ਤਿਆਰ ਰਹਿੰਦੇ ਅਤੇ ਆਧੁਨਿਕ ਹਥਿਆਰ ਵੀ ਰੱਖਦੇ। ਸ. ਕ੍ਰਿਸ਼ਨ ਨੰਦਨ ਸਿੰਘ ਤਕਰੀਬਨ ਤਿੰਨ ਵਾਰ ਵਿਧਾਨ ਸਭਾ ਦੇ ਮੈਂਬਰ ਵੀ ਰਹੇ ਅਤੇ ਜਿਸ ਨੂੰ ਕ੍ਰਿਸ਼ਨਾ ਸਰਦਾਰ ਵੀ ਕਹਿੰਦੇ ਸਨ। ਸ. ਗਿਰਜੇਸ਼ ਸਿੰਘ ਅਰਵਲ ਜ਼ਿਲ੍ਹੇ ਦੇ ਸੋਨ-ਭੱਦਰ ਪਿੰਡ ਦੇ (ਅਕਾਲ ਚਲਾਣੇ ਤਕ ਮੁਖੀਆ ਰਹੇ) ਵਰਗੇ ਲੋਕ ਵੀ ਸਨ। ਕਈਆਂ ਨੇ ਆਪਣੀ ਨਿੱਜੀ ਲੜਾਈ ਲਈ ਰਘੂਵੀਰ ਸੈਨਾ ਵਰਗੀ ਕੋਈ ਜਥੇਬੰਦੀ ਬਣਾਉਣ ਵਿਚ ਪਹਿਲ-ਕਦਮੀ ਵੀ ਕੀਤੀ। ਸ. ਰਾਘਵੇਂਦਰਧਾਰੀ ਸਿੰਘ ਦਾ ਸਾਰੇ ਖੇਤਰ ਉੱਤੇ ਪ੍ਰਭਾਵ ਸੀ। ਹਰ ਸਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਗੁਰਪੁਰਬ ਅਤੇ ਨਗਰ ਕੀਰਤਨ ਸਮੇਂ ਉਹ ਸਹੀ ਤਰਤੀਬ ਬਣਾਉਣ ਵਿਚ ਖਾਸ ਧਿਆਨ ਦਿੰਦੇ ਸਨ, ਤਾਂਕਿ ਕੋਈ ਬਾਹਰਲਾ ਅਨਸਰ ਇਸ ਮੌਕੇ 'ਤੇ ਕੋਈ ਸਮੱਸਿਆ ਨਾ ਪੈਦਾ ਕਰ ਸਕੇ।

ਇੱਥੇ ਸਾਨੂੰ ਗਿਆਨੀ ਗੁਰਬਚਨ ਸਿੰਘ ਬਾਰੇ ਹੋਰ ਵਿਸਥਾਰ ਨਾਲ ਗੱਲ ਕਰਨੀ ਚਾਹੀਦੀ ਹੈ। ੧੯੩੧ ਈ. ਵਿਚ ਤਖਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਨਾਜ਼ੁਕ ਹਾਲਾਤ ਸਮੇਂ ਉਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ ਦੇ ਪ੍ਰਚਾਰਕ ਵਜੋਂ ਇੱਥੇ ਆਏ। ਉਨ੍ਹਾਂ ਦੀ ਨਿਗਰਾਨੀ ਹੇਠ ਉਸ ਸਮੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ 'ਬਿਹਾਰ ਸਿੱਖ ਮਿਸ਼ਨ' ਬਣਾਇਆ ਗਿਆ। ੧੯੬੯ ਈ. ਤਕ ਉਹ ਕਈ ਵਾਰ ਵੱਖ-ਵੱਖ ਸੇਵਾਵਾਂ ਨਿਭਾਉਣ ਵਾਸਤੇ ਪਟਨਾ ਸਾਹਿਬ ਆਉਂਦੇ ਰਹੇ। ਉਨ੍ਹਾਂ ਨੇ ਆਪਣੀ ਸਵੈ-ਜੀਵਨੀ ਵਿਚ ਸਿੱਖੀ ਦੇ ਪ੍ਰਚਾਰ ਤੇ

ਹਾਲਾਤਾਂ ਬਾਰੇ ਕਈ ਦਿਲਚਸਪ ਗੱਲਾਂ ਲਿਖੀਆਂ ਹਨ। ਤਖਤ ਸਾਹਿਬ ਦੀ ਸੰਪਤੀ ਦੀ ਸੁਰੱਖਿਆ ਲਈ ਉਨ੍ਹਾਂ ਦਾ ਅਹਿਮ ਯੋਗਦਾਨ ਪਾਇਆ ਅਤੇ ਸਿੱਖ ਇਤਿਹਾਸਿਕ ਥਾਂਵਾਂ ਨੂੰ ਕਰਜ਼ਾ-ਮੁਕਤ ਕਰਵਾ ਕੇ ਸਥਿਰਤਾ ਵੱਲ ਲਿਆਂਦਾ। ਗਿਆਨੀ ਜੀ ਪੰਥ ਰਤਨ ਮਾਸਟਰ ਤਾਰਾ ਸਿੰਘ ਜੀ ਦੇ ਨੇੜਲੇ ਭਰੋਸੇਯੋਗ ਸਹਿਯੋਗੀ ਸਨ।

ਮੈਨੂੰ ਗਿਆਨੀ ਜੀ ਦੀ ਵਧੇਰੇ ਜਾਣਕਾਰੀ ਉਨ੍ਹਾਂ ਤੋਂ ਪ੍ਰਭਾਵਿਤ ਬਜ਼ੁਰਗ ਸਿੱਖਾਂ ਅਤੇ ਕੁਝ ਆਮ ਲੋਕਾਂ ਤੋਂ ਜਿਨ੍ਹਾਂ ਨੇ ਗਿਆਨੀ ਜੀ ਦੇ ਕੌਮੀ ਜਜ਼ਬੇ ਦੀਆਂ ਗੱਲਾਂ ਸੁਣੀਆਂ ਸਨ, ਕੋਲੋਂ ਮਿਲੀਆਂ। ਗਿਆਨੀ ਜੀ ਨੇ ਇਹ ਸੇਵਾ ਨਿਸ਼ਕਾਮ ਸੇਵਾਦਾਰ ਵਜੋਂ ਬਿਨਾ ਕਿਸੇ ਗਰਜ ਦੇ ਨਿਭਾਈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ੩੦੦ ਸਾਲਾ ਪ੍ਰਕਾਸ਼ ਪੁਰਬ ਤੋਂ ਪਹਿਲਾਂ ਤਖਤ ਸਾਹਿਬ ਦੇ ਮੈਨੇਜਰ ਵਜੋਂ ਸੇਵਾ ਸ਼ੁਰੂ ਕੀਤੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਸੇਵਾ-ਮੁਕਤ ਹੋਣ ਸਮੇਂ ਉਨ੍ਹਾਂ ਨੇ ਪਹਿਲੇ ਮੈਨੇਜਰ ਸ. ਗੁਰਦਿਆਲ ਸਿੰਘ ਦੀ ਥਾਂ ੬ ਦਸੰਬਰ, ੧੯੬੫ ਈ. ਵਿਚ ਲਈ ਸੀ। ਉਨ੍ਹਾਂ ਨੇ ਤਖਤ ਸਾਹਿਬ ਦੇ ਆਲੇ-ਦੁਆਲੇ ਦੀਆਂ ਇਮਾਰਤਾਂ ਦੀ ਸੇਵਾ, ਗੁਰੂ ਕਾ ਬਾਗ ਦੀ ਨਵੀਂ ਇਮਾਰਤ, ਲੜਕੀਆਂ ਦੇ ਸਕੂਲ ਅਤੇ ਗੁਰੂ ਤੇਗ ਬਹਾਦਰ ਅਕੈਡਮੀ ਦੀ ਸੇਵਾ ਦਾ ਕਾਰਜ ਸੰਭਾਲਿਆ। ਇਸ ਮੌਕੇ 'ਤੇ ਬਹੁਤ ਸਾਰਾ ਗੁਰਮਤਿ ਸਾਹਿਤ ਪ੍ਰਕਾਸ਼ਿਤ ਹੋਇਆ। ਉਹ ਤਖਤ ਸ੍ਰੀ ਪਟਨਾ ਸਾਹਿਬ ਤੋਂ ਸੇਵਾ-ਮੁਕਤ ਹੋ ਕੇ ਪੰਜਾਬ ਚਲੇ ਗਏ ਸੀ। ਹੁਣ ਉਨ੍ਹਾਂ ਦਾ ਪਰਵਾਰ ਸ੍ਰੀ ਅੰਮ੍ਰਿਤਸਰ ਸਾਹਿਬ ਰਹਿ ਰਿਹਾ ਹੈ। ਮੈਨੂੰ ਇਹ ਜਾਣਕਾਰੀ ਉਨ੍ਹਾਂ ਦੇ ਪੁੱਤਰ ਸ. ਨਰਿੰਦਰ ਸਿੰਘ ਤੋਂ ਮਿਲੀ, ਜਿਨ੍ਹਾਂ ਦਾ ਹਵਾਲਾ ਉਨ੍ਹਾਂ ਦੀ ਛੋਟੀ ਭੈਣ ਦੇ ਲੜਕਿਆਂ ਸ. ਤਜਿੰਦਰ ਸਿੰਘ ਅਤੇ ਸ. ਕੁਲਦੀਪ ਸਿੰਘ ਤੋਂ ਮਿਲਿਆ। ਇਸ ਜਾਣਕਾਰੀ ਦੀ ਤਾਈਦ ਸ. ਤ੍ਰਿਲੋਕ ਸਿੰਘ ਨੇ ਕੀਤੀ; ਜਿਨ੍ਹਾਂ ਦੇ ਪਿਤਾ ਜੀ ਅਤੇ ਹੋਰ ਸਿੰਘ ਉਨ੍ਹਾਂ ਦੇ ਸਹਿਯੋਗੀ ਰਹੇ ਸਨ। ਗਿਆਨੀ ਗੁਰਬਚਨ ਸਿੰਘ, ਕੈਪਟਨ ਭਾਗ ਸਿੰਘ ('ਸਿੱਖ ਰੀਵਿਊ' ਦੇ ਸੰਸਥਾਪਕ) ਅਤੇ ਕੁਝ ਹੋਰ ਗੁਰਸਿੱਖਾਂ ਨਾਲ ੧੯੭੧ ਈ. ਵਿਚ ਬੰਗਲਾਦੇਸ਼ ਦੀ ਅਜ਼ਾਦੀ ਵੇਲੇ ਹੋਰੇ ਇਤਿਹਾਸਿਕ ਗੁਰਦੁਆਰਾ ਸਾਹਿਬਾਨ (ਬੰਗਲਾਦੇਸ਼) ਦੀ ਵੱਡੀ ਤਬਾਹੀ ਦਾ ਸਰਵੇਖਣ ਕਰਨ ਇਕੱਠੇ ਟੀਮ ਵਜੋਂ ਗਏ ਸੀ।

ਲੁਧਿਆਣਾ ਜ਼ਿਲ੍ਹਾ ਦੇ ਲਾਲਤੋਂ ਕਲਾਂ ਤੋਂ ਸਾਬਕਾ ਫੌਜੀ ਬਾਬਾ ਅਜਾਇਬ ਸਿੰਘ ਨੇ ਵੀ ਲਗਾਤਾਰ ਸੱਠ ਸਾਲਾਂ ਤਕ ਸਲਾਹੁਣਯੋਗ ਸੇਵਾ ਕੀਤੀ। ੧੯੫੭ ਈ. ਤੋਂ ਉਨ੍ਹਾਂ ਨੇ ਆਪਣੇ ਪਿਛੋਕੜ ਨਾਲ ਕੋਈ ਸਬੰਧ ਨਹੀਂ ਰੱਖਿਆ। ਉਨ੍ਹਾਂ ਦੀ ਅਗਵਾਈ ਹੇਠ ਰਾਜਗਿਰੀ ਵਿਖੇ ਇਤਿਹਾਸਿਕ ਗੁਰਦੁਆਰਾ ਨਾਨਕ ਕੁੰਡ ਜਾਂ ਸ਼ੀਤਲ ਕੁੰਡ ਦੀ ਇਮਾਰਤ ਬਣੀ ਅਤੇ ਉਹ ਅੰਤਮ ਸਮੇਂ ਤਕ ਇੱਥੇ ਹੀ ਰਹੇ। ਬ੍ਰਹਮ-ਕੁੰਡ ਦੇ ਮੁੱਖ ਸਥਾਨ 'ਤੇ ਨਿਸ਼ਾਨ ਸਾਹਿਬ ਵੀ ਸਥਾਪਿਤ ਕੀਤਾ ਗਿਆ। ਬਿਹਾਰ ਸ਼ਰੀਫ ਕਸਬੇ ਦੇ ਭਰਾਂਉਪਰ ਵਿਚ ਗ਼ੈਰ-ਕਾਨੂੰਨੀ ਤਰੀਕੇ ਨਾਲ ਵੱਸੇ ਵਸਨੀਕਾਂ ਤੋਂ ਉਨ੍ਹਾਂ ਨੇ

ਗੁਰਦੁਆਰਾ ਸਾਹਿਬ ਨੂੰ ਮੁੜ ਕਬਜ਼ਾ ਦਿਵਾਇਆ। ਪਟਨਾ ਸ਼ਹਿਰ ਬਣਨ ਤੋਂ ਪਹਿਲਾਂ ਇਹ ਬਿਹਾਰ ਸ਼ਰੀਫ ਸ਼ਹਿਰ ਬਿਹਾਰ ਦੀ ਰਾਜਧਾਨੀ ਸੀ।

ਇਸ (ਬਿਹਾਰ ਸ਼ਰੀਫ ਗੁਰਦੁਆਰਾ ਸਾਹਿਬ ਦੀ ਥਾਂ ਵਾਸਤੇ) ਨਜਾਇਜ਼ ਕਬਜ਼ੇ ਹਟਾਉਣ ਦੀ ਮੁਹਿੰਮ ਦੌਰਾਨ ਇਕ ਸਥਾਨਕ ਸਿੱਖ ਸ਼ਿਵਦਿਆਲ ਸਿੰਘ ਜੋਕਿ ਕੋਇਰੀ ਪਿਛੋਕੜ ਤੋਂ ਸਨ, ਸ਼ਹੀਦ ਹੋ ਗਏ। ਪਚਾਨਵੇਂ ਸਾਲਾਂ ਤੋਂ ਵੀ ਵੱਧ ਉਮਰ ਦੇ ਬਾਬਾ ਅਜਾਇਬ ਸਿੰਘ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ੩੫੦ਵੇਂ ਪ੍ਰਕਾਸ਼ ਪੁਰਬ ਤੋਂ ਪਹਿਲਾਂ ਹੀ ੧੧ ਨਵੰਬਰ, ੨੦੧੬ ਈ. ਨੂੰ ਅਕਾਲ ਚਲਾਣਾ ਕਰ ਗਏ। ਮੇਰੇ ਨਾਲ ਮੁਲਾਕਾਤ ਦੌਰਾਨ ਉਨ੍ਹਾਂ ਨੇ ਆਪਣੀ ਖਾਹਿਸ਼ ਜ਼ਾਹਿਰ ਕੀਤੀ ਸੀ ਕਿ ਉਹ ਬਿਹਾਰ ਦੇ ਗੁਰਦੁਆਰਾ ਸਾਹਿਬ ਅਤੇ ਡੇਰਿਆਂ ਨੂੰ ਗੈਰ-ਕਾਨੂੰਨੀ ਤਰੀਕੇ ਨਾਲ ਵੱਸੇ ਲੋਕਾਂ ਤੋਂ ਮੁਕਤ ਕਰਵਾਉਣਾ ਚਾਹੁੰਦੇ ਸਨ। ਉਨ੍ਹਾਂ ਨੇ ਗੁਰਦੁਆਰਾ ਨਾਨਕ ਕੁੰਡ ਤਖਤ ਸਾਹਿਬ ਦੀ ਕਮੇਟੀ ਦੇ ਹਵਾਲੇ ਕਰ ਦਿੱਤਾ। ਡਾ. ਪ੍ਰਤਾਪ ਸਿੰਘ, ਨਿਹੰਗ ਮੁਖੀ ਬਾਬਾ ਸੰਤਾ ਸਿੰਘ, ਸ. ਜੋਗਿੰਦਰ ਸਿੰਘ 'ਜੋਗੀ' ਅਤੇ ਹੋਰਾਂ ਨੇ ਵੀ ਇਨ੍ਹਾਂ ਸਥਾਨਕ ਸਿੱਖਾਂ ਨੂੰ ਤਖਤ ਕਮੇਟੀ ਨਾਲ ਜੋੜਨ ਅਤੇ ਕਈ ਸੇਵਾਵਾਂ ਨਾਲ ਜੋੜਨ ਦੀ ਕੋਸ਼ਿਸ਼ ਕੀਤੀ। ਇੰਜ ਲਗਦਾ ਹੈ ਇਨ੍ਹਾਂ ਸਾਰਿਆਂ ਨੇ ਇੱਥੋਂ ਦੀ ਸਮਾਜਿਕ ਬਣਤਰ ਨੂੰ ਕਾਫੀ ਨੇੜਿਉਂ ਤੱਕਿਆ। ਇਨ੍ਹਾਂ ਮਹਾਨ ਸਿੱਖਾਂ ਦੀ ਅਮੋਲਕ ਸੇਵਾ ਦੇ ਬਾਰੇ ਸਮੁੱਚੇ ਸਿੱਖ ਜਗਤ ਨੂੰ ਵਧੇਰੇ ਜਾਣਕਾਰੀ ਦੀ ਲੋੜ ਹੈ।

**ਵਸੇਬੇ ਬਾਰੇ ਸੰਖੇਪ ਵਿਚਾਰ:** ਪਵਿੱਤਰ ਤਖਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਵਿਖੇ ਵੱਖ-ਵੱਖ ਸੇਵਾਵਾਂ ਵਿਚ ਰੁੱਝੇ ਅਜਿਹੇ ਭਰਾਵਾਂ ਤੋਂ ਮੈਂ ਆਪਣੀ ਹਰੇਕ ਫੇਰੀ ਵਿਚ ਜਾਣਕਾਰੀ ਲੈਂਦਾ ਰਿਹਾ ਹਾਂ। ਹੋਰ ਵਿਸਥਾਰ ਨਾਲ ਜਾਣਨ ਦੀ ਲਾਲਸਾ ਮੈਨੂੰ ਕਈ ਪਿੰਡਾਂ ਵਿਚ ਲੈ ਗਈ। ਇਹ ਇਲਾਕੇ ਪਟਨਾ ਸਾਹਿਬ ਅਤੇ ਇਸ ਦੇ ਸੌ ਕਿਲੋਮੀਟਰ ਦੇ ਘੇਰੇ ਵਿਚ ਸਨ। ਇਨ੍ਹਾਂ ਪਿੰਡਾਂ ਵਿਚ ਇਨ੍ਹਾਂ ਸੇਵਾਦਾਰਾਂ ਦੇ ਵਧੇਰੇ ਕਰਕੇ ਬਜ਼ੁਰਗ, ਮਾਂ-ਬਾਪ, ਇਸਤਰੀਆਂ ਅਤੇ ਬੱਚੇ ਰਹਿੰਦੇ ਹਨ। ਆਮ ਮਰਦ ਘਰਾਂ ਤੋਂ ਦੂਰ ਕਈ ਤਰ੍ਹਾਂ ਦੇ ਕੰਮਾਂ-ਕਾਰਾਂ ਵਿਚ ਰੁੱਝੇ ਹੁੰਦੇ ਹਨ। ਉਹ ਸਿਰਫ ਕੁਝ ਸਮੇਂ ਲਈ ਹੀ ਆਉਂਦੇ ਹਨ। ਫਿਰ ਆਪਣੇ ਕੰਮਾਂ 'ਤੇ ਚਲੇ ਜਾਂਦੇ ਹਨ। ਇੱਥੇ ਪਤਾ ਚੱਲਦਾ ਹੈ ਕਿ ਇਹ ਭਰਾ ਮੁੱਖ ਸ੍ਰੋਤ ਤੋਂ ਕਿੰਨੀ ਦੂਰ ਹਨ। ਫਿਰ ਵੀ ਇਹ ਲੋਕ ਧਾਰਮਿਕ, ਸੱਭਿਆਚਾਰਕ, ਵਿਰਾਸਤ ਅਤੇ ਇਤਿਹਾਸ ਨਾਲ ਜੁੜ ਕੇ ਇਕ ਪੁਲ਼ ਉਸਾਰਦੇ ਹਨ। ਉਹ ਹਰ ਪੱਖੋਂ ਸਿੱਖੀ ਦੇ ਨੇੜੇ ਆਉਣ ਦਾ ਯਤਨ ਕਰਦੇ ਹਨ। ਮੈਂ ਕਦੇਂ ਸੋਚਿਆ ਨਹੀਂ ਸੀ ਕਿ ਇਨ੍ਹਾਂ ਥਾਂਵਾਂ ਦਾ ਸਫਰ ਇੰਨਾ ਅਨੰਦ-ਦਾਇਕ ਹੋਵੇਗਾ। ਕਈ ਦਿਲਚਸਪ ਗੱਲਾਂ ਬਾਰੇ ਚਰਚਾ ਜ਼ਰੂਰੀ ਹੈ। ਇਹ ਗੱਲ ਪਾਠਕਾਂ ਦੇ ਨੋਟ ਕਰਨ ਲਈ ਹੈ ਕਿ ਸਿਰਫ ਇਤਿਹਾਸਿਕ ਜਾਣਕਾਰੀ ਵਜੋਂ ਪਿਛੋਕੜ ਦੀ ਜਾਣਕਾਰੀ ਦਿੱਤੀ ਗਈ ਹੈ। ਹੁਣ ਇਹ ਸਾਰੇ ਖਾਲਸਾ ਪੰਥ ਦੇ ਹਿੱਸੇ ਹਨ ਅਤੇ ਪਿਛੋਕੜ ਵਾਲੀ ਗੱਲ ਬਹੁਤ ਹੱਦ ਤਕ

ਖਤਮ ਹੋ ਗਈ ਹੈ।

**ਨਾਲੰਦਾ ਜ਼ਿਲ੍ਹਾ:-** ਪਹਿਲਾਂ ਅਸੀਂ ਨਾਲੰਦਾ ਜ਼ਿਲ੍ਹੇ ਦੇ ਸਿੱਖਾਂ ਦੀ ਗੱਲ ਕਰਦੇ ਹਾਂ। ਇਹ ਵੱਖ-ਵੱਖ ਪਿਛੋਕੜ ਵਾਲੀਆਂ ਜਾਤਾਂ ਨਾਲ ਸੰਬੰਧ ਰੱਖਦੇ ਹਨ। ਰਾਜਗਿਰੀ (ਜ਼ਿਲ੍ਹਾ ਨਾਲੰਦਾ) ਦੇ ਉੱਤਰ-ਪੂਰਬ ਵਾਲੇ ਪਾਸੇ ਤੋਂ ਤਕਰੀਬਨ ਦੋ ਕਿਲੋਮੀਟਰ ਦੀ ਦੂਰੀ 'ਤੇ ਰਾਮਹਰੀ ਪਿੰਡ ਵਿਚ ਕੁਝ ਸਿੱਖ ਪਰਵਾਰ (ਕੇਵਟ ਜਾਂ ਨਿਸ਼ਾਦ ਰਾਜ ਪਿਛੋਕੜ ਵਾਲੇ) ਰਹਿੰਦੇ ਸਨ। ਇੱਥੇ ਗੁਰੂ ਨਾਨਕ ਮਿਸ਼ਨਰੀ ਕੇਂਦਰ ਦਾ ਦਫ਼ਤਰ ਹੈ, ਪਰੰਤੂ ਹੁਣ ਇੱਥੇ ਕੋਈ ਕੰਮ-ਕਾਰ ਨਹੀਂ ਹੁੰਦਾ। ਤਖਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਸਾਬਕਾ ਜਨਰਲ ਸਕੱਤਰ, ਸਵਰਗਵਾਸੀ ਜੋਗਿੰਦਰ ਸਿੰਘ ਜੋਗੀ ਨੇ ਇੱਥੋਂ ਦੇ ਸਥਾਨਕ ਸਿੱਖ ਸ. ਤਿਰਲੋਕ ਸਿੰਘ ਅਤੇ ਹੋਰ ਸਿੱਖਾਂ ਦੀ ਮਦਦ ਨਾਲ ਸ਼ੁਰੂ ਕੀਤਾ ਸੀ। ਰਾਜਗਿਰੀ ਤੋਂ ਬਿਹਾਰ ਸ਼ਰੀਫ ਤੋਂ ਹੁੰਦੇ ਹੋਏ ਨੈਸ਼ਨਲ ਹਾਈਵੇ- ੩੧ ਤੋਂ ੪੩ ਕਿਲੋਮੀਟਰ ਦੂਰ ਅਰੌਤ ਮੋੜ (ਕ੍ਰਾਸਿੰਗ) ਆਉਂਦਾ ਹੈ। ਫਿਰ ਅਸੀਂ ਅਰੌਤ ਪਿੰਡ ਵੱਲ ਖੱਬੇ ਮੁੜੇ, ਇੱਥੇ ਵੀਹ ਸਿੱਖ ਪਰਵਾਰ ਰਹਿੰਦੇ ਹਨ। ਇਨ੍ਹਾਂ 'ਚੋਂ ਜ਼ਿਆਦਾਤਰ ਕਿਰਤ ਲਈ ਝਾਂਸੀ ਵੱਲ ਚਲੇ ਗਏ ਜਾਂ ਫਿਰ ਦੇਸ਼ ਦੇ ਹੋਰ ਥਾਂਵਾਂ ਦੇ ਗੁਰਦੁਆਰਾ ਸਾਹਿਬਾਨ ਦੀਆਂ ਸੇਵਾਵਾਂ ਵਿਚ ਜੁੜੇ ਹੋਣ ਕਰਕੇ ਕੇਵਲ ਇਸਤਰੀਆਂ ਜਾਂ ਬੱਚਿਆਂ ਨਾਲ ਹੀ, ਮੁਲਾਕਾਤ ਹੋ ਸਕੀ। ਸੱਤਰ ਸਾਲ ਪਹਿਲਾਂ ਇਨ੍ਹਾਂ ਦੇ ਵਡੇਰੇ ਤਖਤ ਸਾਹਿਬ ਵਿਖੇ ਵੱਖੋ-ਵੱਖ ਮਿਸਤਰੀਆਂ ਅਤੇ ਮਜ਼ਦੂਰਾਂ ਵਜੋਂ ਕੰਮ ਕਰਦੇ ਸਨ। ਉਨ੍ਹਾਂ 'ਤੇ ਬਾਬਾ ਭਾਗ ਸਿੰਘ ਦਾ ਬੜਾ ਪ੍ਰਭਾਵ ਸੀ।

ਇਨ੍ਹਾਂ ਸਥਾਨਕ ਸਿੱਖਾਂ ਵਿਚ ਭਾਈ ਜਗਦੀਸ਼ ਸਿੰਘ ਗ੍ਰੰਥੀ (ਕੇਵਟ ਪਿਛੋਕੜ) ਅਤੇ ਨਾਈ ਪਿਛੋਕੜ ਤੋਂ ਸ. ਰਾਮਦਿਓ ਸਿੰਘ ਸਨ। ਸ. ਜਗਦੀਸ਼ ਸਿੰਘ ਅਤੇ ਉਨ੍ਹਾਂ ਦੇ ਭਰਾਵਾਂ ਨੂੰ ਸੰਤ ਨਿਸ਼ਚਲ ਸਿੰਘ ਤੋਂ ਪ੍ਰੇਰਨਾ ਮਿਲੀ। ਉਹ ਭਲਵਾਨ ਵੀ ਸਨ। ਉਨ੍ਹਾਂ ਨੇ ਕੇਵਟ ਭਾਈਚਾਰੇ ਦੇ ਲੋਕਾਂ ਨੂੰ ਸਿੱਖੀ ਅਪਣਾਉਣ ਲਈ ਪ੍ਰੇਰਿਆ। ਅਰੌਤ ਦੇ ਨੇੜੇ ਸਾਰਥਾ ਪਿੰਡ ਵਿਖੇ ਇਕ ਪੁਰਾਣਾ ਨਾਨਕ ਸ਼ਾਹੀ ਡੇਰਾ ਹੈ। ਬਨਗਾਛਾ ਪਿੰਡ ਵਿਚ ਕੁਝ ਸਿੱਖ ਪਰਵਾਰ ਰਹਿੰਦੇ ਹਨ। ਚੰਡੀ ਮੋੜ ਕ੍ਰਾਸਿੰਗ ਨੇੜੇ ਮੱਲ ਬਿਘਾ ਪਿੰਡ 'ਚੋਂ ਹੁੰਦੀ ਹੋਈ ਮੱਲ ਬਿਘਾ ਹਾਲਟ ਰੇਲਵੇ ਲਾਇਨ ਲੰਘਦੀ ਹੈ। ਇੱਥੇ ਸਭ ਤੋਂ ਜ਼ਿਆਦਾ ਸਿੱਖ ਵੱਸਦੇ ਹਨ। ੩੦੦ ਕੇਵਟ ਪਿਛੋਕੜ ਵਾਲੇ ਪਰਵਾਰਾਂ 'ਚੋਂ ੭੦ ਸਿੱਖ ਪਰਵਾਰ ਹਨ ਅਤੇ ਜ਼ਿਆਦਾਤਰ ਸ੍ਰੀ ਹਜ਼ੂਰ ਸਾਹਿਬ ਵਿਖੇ ਵੱਸੇ ਹਨ। ਇਨ੍ਹਾਂ ਵਿੱਚੋਂ ਸ. ਹੀਰਾ ਸਿੰਘ ਮਸ਼ਹੂਰ ਜਥੇਦਾਰ ਸਨ। ਸਿਰਫ ਸ. ਰਾਜੂ ਸਿੰਘ ਹੀ ਉੱਥੇ ਸੀ, ਉਹ ਛੁੱਟੀ ਤੇ ਆਏ ਸਨ ਅਤੇ ਖੇਤੀ ਦਾ ਕੰਮ ਕਰ ਰਹੇ ਸਨ। ਜਦੋਂ ਵੀ ਉਨ੍ਹਾਂ ਨੂੰ ਛੁੱਟੀਆਂ ਮਿਲਦੀਆਂ ਹਨ ਉਹ ਵੇਹਲੇ ਨਾ ਬਹਿ ਕੇ ਆਪਣੇ ਆਪ ਨੂੰ ਖੇਤੀ ਅਤੇ ਇਸ ਨਾਲ ਜੁੜੇ ਹੋਏ ਹੋਰ ਕੰਮਾਂ ਨਾਲ ਜੋੜੀ ਰੱਖਦੇ ਹਨ। ਨਾਲੰਦਾ ਤੋਂ ਬਿਹਾਰ-ਸ਼ਰੀਫ ਆਉਂਦੇ ਹੋਏ, ਰਸਤੇ ਵਿਚ ਇਸਲਾਮਪੁਰ ਬਲਾਕ ਹੇਠ ਪੈਂਦੇ ਸੂਰੀ ਪਿੰਡ ਵਿਚ ਅਸੀਂ

ਕੁਸ਼ਵਾਹਾ ਮੂਲ ਨਾਲ ਸੰਬੰਧਿਤ ਪਰਵਾਰ ਵੇਖੇ। ਇਨ੍ਹਾਂ ਵਿਚ ਸ਼ਹੀਦ ਸ਼ਿਵਦਿਆਲ ਸਿੰਘ ਦੇ ਪੋਤੇ ਸ. ਰੋਸ਼ਨ ਸਿੰਘ ਵੀ ਹਨ। ਧਰਮਪੁਰ ਬੀਘਾਪੁਰ ਵਿਖੇ ਕੇਵਟ ਪਿਛੋਕੜ ਨਾਲ ਸੰਬੰਧਿਤ ਪੰਦਰ੍ਹਾਂ ਪਰਵਾਰ ਵੀ ਲੱਭੇ।

ਚੰਡੀ ਪੁਲਿਸ ਸਟੇਸ਼ਨ ਅਧੀਨ ਆਉਂਦੇ ਬਿਸਨਪੁਰ ਪਿੰਡ ਵਿਚ ਸ. ਚੰਦਨ ਸਿੰਘ (ਚੰਦਰਵੰਸ਼ੀ ਪਿਛੋਕੜ ਵਰਗੇ) ਕੁਝ ਸਿੱਖ ਪਰਵਾਰ ਵੱਸਦੇ ਹਨ। ਗੋਕਲਪੁਰ ਪਿੰਡ ਦਾ ਇਕ ਕਹਾਰ ਜਾਂ ਚੰਦਰਵੰਸ਼ੀ ਪਰਵਾਰ ਸਿੱਖ ਬਣ ਗਿਆ। ਸ਼ਿਲਾਓ ਪੁਲਿਸ ਸਟੇਸ਼ਨ 'ਚ ਪੈਂਦੇ ਵਿਕਸ਼ਾ ਕੋਲ ਵਿਖੇ ਕੁਝ ਕੁਮਹਾਰ ਪਰਵਾਰ ੨੫ ਗਦੇਹੀ ਜਾਂ ਪਾਲ (ਉੱਨ ਕੱਢਣ ਵਾਲੇ) ਅਤੇ ਮਹਾਤੋਂ (ਕੋਇਰੀ) ਪਿਛੋਕੜ ਵਾਲੇ ਵੀ ਸਿੱਖ ਬਣੇ। ਇਨ੍ਹਾਂ ਵਿੱਚੋਂ ਸ. ਸੁੱਖਾ ਸਿੰਘ ਸੇਵਾਦਾਰ ਹੈ ਅਤੇ ਸ. ਪਰਸਰਾਮ ਸਿੰਘ ਗ੍ਰੰਥੀ ਹੈ ਅਤੇ ਬਾਕੀ ਬਹੁਤੇ ਗੁਰਦੁਆਰਾ ਸਾਹਿਬ ਦੀ ਸੇਵਾ ਵਿਚ ਰੁੱਝੇ ਹਨ। ਹਸਨੀ ਪਿੰਡ ਵਿਚ ਸਿਰਫ ਇਕ ਪਰਵਾਰ ਸਿੱਖ ਹੈ। ਇਸਲਾਮਪੁਰ ਬਲਾਕ ਵਿਚ ਪੈਂਦੇ ਚੋਰਮਾ ਪਿੰਡ ਵਿਚ ਕੁਮਹਾਰਾਂ ਦੇ ੭-੮ ਪਰਵਾਰ ਸਿੰਘ ਸਜ ਗਏ ਹਨ। ਲੋਧੀਪੁਰ ਵਿਖੇ ਪਾਲ (ਗਡੇਰੀ) ਸਮਾਜ ਦੇ ੨੦-੨੫ ਪਰਵਾਰ ਬਿਹਾਰ ਸ਼ਰੀਫ ਖੇਤਰ ਦੇ ਰਵਿਦਾਸੀਆ ਸਮਾਜ ਦੇ ੨੦-੨੫ ਪਰਵਾਰ ਅਤੇ ਕੁਝ ਕੁਮਹਾਰ ਅਤੇ ਮਹਾਤੋ ਮੂਲ ਦੇ ਪਰਵਾਰ ਵੀ ਸਿੱਖ ਹਨ। ਨਾਲੰਦਾ ਅਤੇ ਕਾਮਦਰਾਗੰਜ ਵਿਚਕਾਰ ਦੇ ਸਿੱਖ ਪਰਵਾਰ (ਕੇਵਟ) ਮਿਲੇ ਹਨ।

ਰਾਜਗੀਰ ਤੋਂ ਇਲਾਵਾ ਕੇਵਟ ਮੂਲ ਦੇ ਸਿੱਖ ਕਈ ਵੱਖੋ-ਵੱਖ ਪਿੰਡਾਂ ਵਿਚ ਰਹਿੰਦੇ ਹਨ, ਜਿਵੇਂ: ਤਿਲਈਆ, ਅਰੋਪਾ-ਗੌੜ (ਲਿਚਰਬਾਰਾ ਤਹਿਸੀਲ) ਮਹੱਦੀਪੁਰਾ (ਸਰਮੀਰਾ ਪੁਲਿਸ ਥਾਣਾ) ਗਿਰਿਆਕ (ਗਿਰਿਆਕ ਪੁਲਿਸ ਥਾਣਾ) ਰਾਜਗੀਰ ਦੇ ਨੇੜੇ ਅਤੇ ਗੋਰਮਾ ਬਸਤੀ (ਗਿਰਿਆਕ ਪੁਲਿਸ ਥਾਣਾ) ਦੇ ਨੇੜੇ। ਕਰਾਏ ਪਰਸੂਰਾਜ ਵਿਖੇ ਕੋਇਰੀ ਮੂਲ ਦੇ ਦੋ ਪਰਵਾਰ ਰਹਿੰਦੇ ਹਨ। ਥੱਰ-ਥੱਰੀ ਗੁੰਜਪੁਰ (ਥੱਰ-ਥੱਰੀ ਪੀ. ਐਸ) ਵਿਖੇ ਦਸ ਕੁਮਹਾਰ ਪਿਛੋਕੜ ਵਾਲੇ ਪਰਵਾਰ ਸਿੱਖ ਹਨ। ਚੰਦਰਵੰਸ਼ੀ ਪਿਛੋਕੜ ਦੇ ੬-੭ ਪਰਵਾਰ ਵੰਨਗਾਛਾ ਵਿਖੇ ਪਾਏ ਗਏ।

ਸ. ਗੋਕੁਲ ਸਿੰਘ (ਪਿੰਡ ਗੋਕੁਲਪੁਰ), ਗਿਆਨੀ ਅਮਰਜੀਤ ਸਿੰਘ ਤੇ ਸ. ਸ਼ਮਸ਼ੇਰ ਸਿੰਘ (ਪਿੰਡ ਤੇਲਮਾ) ਜੋ ਕੁਰਮੀ ਪਿਛੋਕੜ ਨਾਲ ਜੁੜੇ ਹਨ ਅਤੇ ਕੁਝ ਹੋਰ ਨਾਲੰਦਾ ਜ਼ਿਲ੍ਹੇ ਦੇ ਸਿੰਧਵਾਰਾ ਪਿੰਡ ਤੋਂ ਹਨ, ਉੱਥੇ ਸਿੱਖ ਹਨ। ਨਾਲੰਦਾ ਦੇ ਨੇੜੇ ਪਿੰਡ ਜਾਫਰ ਤੋਂ ਕੁਮਹਾਰ ਪਿਛੋਕੜ ਨਾਲ ਜੁੜੇ ਰਾਜਗੀਰ ਗੁਰਦੁਆਰਾ ਸਾਹਿਬ ਦੇ ਸ. ਮਨਜੀਤ ਸਿੰਘ ਤੇ ਸ. ਛੋਟੂ ਸਿੰਘ ਹਨ। ਬਾਬਾ ਅਜਾਇਬ ਸਿੰਘ ਨਾਲਤੋਂ ਦੀ ਨਿਗਰਾਨੀ ਹੇਠ ਇਹ ਇਤਿਹਾਸਿਕ ਰਾਜਗੀਰ, ਗੁਰਦੁਆਰਾ ਸਾਹਿਬ ਦੀ ਸੇਵਾ ਬੜੀ ਲਗਨ ਨਾਲ ਕਰਦੇ ਹਨ। ਇਸੇ ਜ਼ਿਲ੍ਹੇ ਦੇ ਪਿੰਡ ਹਿਲਮਾ ਦੇ ਬਿੰਦ ਜਾਤ ਦੇ ਸ. ਰਾਮ ਰਤਨ ਸਿੰਘ ਅਕੇਲਾ 'ਖਾਲਸਾ ਪੱਤਰਕਾ' ਦੇ ਸੰਪਾਦਕ ਹਨ। ***ਚਲਦਾ . . .***

# ਹਿੰਦੁਸਤਾਨ ਦੀ ਅਜ਼ਾਦੀ ਦੇ ਇਤਿਹਾਸ ਵਿਚ ਭੁੱਲੀ ਵਿਸਰੀ ਅਸਾਵੀਂ ਜੰਗ: ਮੁੱਦਕੀ ਦੀ ਲੜਾਈ

*-ਸ. ਹਰਭਜਨ ਸਿੰਘ**

ਦੇਸ਼-ਵਾਸੀ ੧੮੫੭ ਈ. ਦੇ ਵਿਦਰੋਹ ਨੂੰ ਭਾਰਤ ਦੀ ਅਜ਼ਾਦੀ ਖਾਤਰ ਲੜੀ ਗਈ ਪਹਿਲੀ ਜੰਗ ਸਮਝਦੇ ਹਨ ਅਤੇ ਇਹੋ ਹੀ ਭਾਰਤ ਸਰਕਾਰ ਦਰਸਾਅ ਰਹੀ ਹੈ। ਇਹ ਜੰਗ ਅੰਗਰੇਜ਼ਾਂ ਦੀ ਗ਼ੁਲਾਮੀ ਤੋਂ ਦੇਸ਼ ਨੂੰ ਅਜ਼ਾਦ ਕਰਵਾਉਣ ਲਈ ਉਨ੍ਹਾਂ ਦੀ ਫ਼ੌਜ ਦੇ ਹਿੰਦੁਸਤਾਨੀ ਸਿਪਾਹੀਆਂ ਵੱਲੋਂ ਅਰੰਭਿਆ ਗਿਆ ਵਿਦਰੋਹ ਸੀ ਜਿਸ ਵਿਚ ਕਈ ਰਜਵਾੜੇ ਵੀ ਸ਼ਾਮਲ ਸਨ। ਪਰ ਇਹ ਸਿਰਫ਼ ਦੇਸ਼ ਦੇ ਉੱਤਰੀ ਤੇ ਮੱਧ ਭਾਰਤ ਤਕ ਹੀ ਸੀਮਤ ਰਿਹਾ ਸੀ। ਮੌਜੂਦਾ ਸਮੇਂ ਦੇਸ਼-ਵਾਸੀਆਂ ਦੀ ਧਾਰਨਾ ਬਣੀ ਹੋਈ ਹੈ ਕਿ ਜੇਕਰ ਪੰਜਾਬ ਨੇ ਵਿਦਰੋਹੀਆਂ ਦਾ ਸਾਥ ਦਿੱਤਾ ਹੁੰਦਾ ਤਾਂ ਇਹ ਵਿਦਰੋਹ ਫੇਲ੍ਹ ਨਾ ਹੁੰਦਾ ਅਤੇ ਦੇਸ਼ ਨੂੰ ਅਜ਼ਾਦੀ ਮਿਲ ਜਾਂਦੀ। ਦੇਸ਼-ਵਾਸੀਆਂ ਦੀ ਮਾਨਸਿਕਤਾ ਇਸ ਗੱਲ ਉੱਤੇ ਇਸ ਲਈ ਟਿਕੀ ਹੋਈ ਹੈ, ਕਿਉਂਕਿ ਇਤਿਹਾਸਕਾਰ ਅੰਗਰੇਜ਼ਾਂ ਵੱਲੋਂ ਪੰਜਾਬ ਨੂੰ ਬਦਨਾਮ ਕਰਨ ਲਈ ਫੈਲਾਏ ਗਏ ਭਰਮ ਉੱਪਰ ਵਿਸ਼ਵਾਸ ਕਰੀ ਜਾ ਰਹੇ ਹਨ। ਇਸ ਵਿਦਰੋਹ ਸਮੇਂ ਪੰਜਾਬ ਦੇ ਚੀਫ਼ ਕਮਿਸ਼ਨਰ ਜੋਹਨ ਲਾਰੰਸ ਵੱਲੋਂ ਜੋ ਕੋਈ ੧੦੦ ਰਜਮੈਂਟਾਂ ਵਿਦਰੋਹ ਨੂੰ ਦਬਾਉਣ ਲਈ ਪੰਜਾਬ ਤੋਂ ਦਿੱਲੀ ਭੇਜੀਆਂ ਗਈਆਂ ਸਨ, ਉਨ੍ਹਾਂ ਨੂੰ ਜਾਣ-ਬੁੱਝ ਕੇ ਸਿੱਖ ਰਜਮੈਂਟਾਂ ਦਾ ਨਾਂ ਦਿੱਤਾ ਗਿਆ ਸੀ, ਜਦਕਿ ਅਸਲ ਵਿਚ ਉਨ੍ਹਾਂ ਵਿਚ ਇੱਕ ਵੀ ਸਿੱਖ ਨਹੀਂ ਸੀ। ਇਨ੍ਹਾਂ ਵਿਚ ਮੁਸਲਮਾਨ, ਗੋਰਖੇ ਤੇ ਹਿੰਦੁਸਤਾਨੀ ਸਿਪਾਹੀ ਸਨ, ਪਰ ਸਤਲੁਜ ਪਾਰ ਰਿਆਸਤਾਂ ਦੇ ਸਿੱਖ ਸਿਪਾਹੀ ਜ਼ਰੂਰ ਅੰਗਰੇਜ਼ਾਂ ਦਾ ਸਾਥ ਦੇ ਰਹੇ ਸਨ ਜੋ ਇਹ ਇਲਾਕਾ ਉਸ ਸਮੇਂ ਪੰਜਾਬ ਦਾ ਹਿੱਸਾ ਨਹੀਂ ਸੀ। ਨਾਲ ਹੀ ਵੱਡੀ ਗਿਣਤੀ ਵਿਚ ਉਨ੍ਹਾਂ ਲੋਕਾਂ ਨੂੰ ਜੋ ਬਤੌਰ ਮਜ਼ਦੂਰ ਕੰਮ ਕਰਦੇ ਆ ਰਹੇ ਸਨ, ਪਦ-ਉੱਨਤ ਕਰਦੇ ਹੋਏ ਪਾਇਨੀਅਰ ਅਤੇ ਸੈਪਰ ਭਰਤੀ ਕੀਤਾ ਗਿਆ ਸੀ।

ਇਸ ਇਤਿਹਾਸਿਕ ਤੱਥ ਨੂੰ ਮੰਨਦੇ ਹੋਏ ਜੋਹਨ ਲਾਰੰਸ ਨੇ ਆਪਣੀ ਸਰਕਾਰ ਨੂੰ ਆਪਣੇ ਪੱਤਰ ਮਿਤੀ ੧੭ ਸਤੰਬਰ, ੧੮੫੭ ਰਾਹੀਂ ਲਿਖਿਆ ਸੀ ਕਿ ਸਾਡੀ ਹਰ ਕੋਸ਼ਿਸ਼ ਦੇ ਬਾਵਜੂਦ ਸਿੱਖ ਵਿਦਰੋਹੀਆਂ ਖਿਲਾਫ਼ ਲੜਨ ਲਈ ਫ਼ੌਜ ਵਿਚ ਭਰਤੀ ਨਹੀਂ ਸੀ ਹੋ ਰਹੇ ਜਿਸ ਦਾ ਸਾਨੂੰ ਅਫਸੋਸ ਹੈ: It is much to be regretted that Sikhs could not be prevailed upon to secede from the cause of fighting for British India (Joginder Singh, '1857 Myth and Reality', p. 239) ਜੇਕਰ ਇਤਿਹਾਸਕਾਰਾਂ ਅਤੇ ਖ਼ਾਸ ਕਰਕੇ ਭਾਰਤ

*ਜੀ-੪੩੦, ਬੀ.ਆਰ.ਐਸ. ਨਗਰ, ਲੁਧਿਆਣਾ। ਮੋ: +੯੧੯੮੭੨੮-੧੦੮੨੦

ਸਰਕਾਰ ਨੇ ਇਤਿਹਾਸ ਦੇ ਝਰੋਖੇ ਵਿਚ ਜਾ ਕੇ ਗੁਪਤ ਦਸਤਾਵੇਜ਼ਾਂ ਤੇ ਉਸ ਸਮੇਂ ਦੇ ਸਾਂਭੇ ਪਏ ਰੀਕਾਰਡ ਨੂੰ ਫੋਲਿਆ ਹੁੰਦਾ ਤਾਂ ਪੰਜਾਬ ਉੱਪਰ ਇਹ ਦਾਗ ਨਾ ਲੱਗਦਾ ਅਤੇ ਨਾਲ ਹੀ ਪੰਜਾਬੀਆਂ ਦੀ ਆਨ ਸ਼ਾਨ ਵਿਚ ਵਾਧਾ ਹੁੰਦਾ। ਪੰਜਾਬੀ ਤਾਂ ਇਸ ਵਿਦਰੋਹ ਤੋਂ ਕੋਈ ਇਕ ਦਹਾਕਾ ਪਹਿਲਾਂ ਸੰਨ ੧੮੪੫ ਤੋਂ ਹਿੰਦੁਸਤਾਨੀਆਂ ਨੂੰ ਅੰਗਰੇਜ਼ਾਂ ਦੀ ਗੁਲਾਮੀ ਤੋਂ ਨਿਜ਼ਾਤ ਦਿਵਾਉਣ ਲਈ ਉਨ੍ਹਾਂ ਨਾਲ ਦੋ ਜੰਗਾਂ ਲੜ ਚੁੱਕੇ ਸਨ, ਜਿਸ ਦਾ ਆਗਾਜ਼ ਮੁੱਦਕੀ ਦੀ ਲੜਾਈ (੧੮ ਦਸੰਬਰ, ੧੮੪੫) ਤੋਂ ਸ਼ੁਰੂ ਹੋ ਗਿਆ ਸੀ। ਇਹ ਲੜਾਈ ਇੰਨੀ ਘਾਤਕ ਸੀ ਕਿ ਅੰਗਰੇਜ਼ਾਂ ਦੇ ਤਿੰਨ ਉੱਚ ਅਫ਼ਸਰ (ਦੋ ਮੇਜਰ ਜਨਰਲ ਅਤੇ ਇਕ ਬ੍ਰਿਗੇਡੀਅਰ) ਮਾਰੇ ਗਏ ਸਨ।

ਅਗਰ ਇਨ੍ਹਾਂ ਜੰਗਾਂ ਦੇ ਇਤਿਹਾਸਿਕ ਪਿਛੋਕੜ ਵੱਲ ਜਾਈਏ ਤਾਂ ਇਹ ਦੋਸ਼ ਹਿੰਦੁਸਤਾਨੀਆਂ ਉੱਪਰ ਲੱਗਦਾ ਹੈ ਕਿ ਉਨ੍ਹਾਂ ਨੇ ਇਨ੍ਹਾਂ ਜੰਗਾਂ ਸਮੇਂ ਪੰਜਾਬੀਆਂ ਦਾ ਸਾਥ ਨਹੀਂ ਸੀ ਦਿੱਤਾ, ਕਿਉਂਕਿ ਉਹ ਅੰਗਰੇਜ਼ਾਂ ਦੇ ਭਰਮ-ਭੁਲੇਖਿਆਂ ਵਿਚ ਆ ਗਏ ਸਨ। ਅੰਗਰੇਜ਼ ਤਾਂ ਆਪਣੇ ਸਿਪਾਹੀਆਂ ਨੂੰ ਤਨਖਾਹ ਤੋਂ ਇਲਾਵਾ ਬਾਹਰਲੇ ਮੁਲਕ (Foreign Country War Allowance) ਨਾਲ ਲੜਾਈ ਵਾਲਾ ਭੱਤਾ ਵੀ ਦੇ ਰਹੇ ਸਨ। ਇਨ੍ਹਾਂ ਪੂਰਬੀਏ ਹਿੰਦੁਸਤਾਨੀ ਸਿਪਾਹੀਆਂ ਨੇ ਲਾਹੌਰ ਸਰਕਾਰ ਵੱਲੋਂ ਕੀਤੀ ਗਈ ਅਪੀਲ ਨੂੰ ਦਰ-ਕਿਨਾਰ ਕਰਦੇ ਹੋਏ ਆਪਣੇ ਹੀ ਮੁਲਕ ਦੇ ਇਕ ਅਜ਼ਾਦ ਅਤੇ ਖੁਦਮੁਖਤਿਆਰ ਸੂਬੇ ਪੰਜਾਬ ਨਾਲ ਲੜਨਾ ਪ੍ਰਵਾਨ ਕਰ ਲਿਆ ਸੀ। ਇਹ ਸਿਪਾਹੀ ਅੰਗਰੇਜ਼ਾਂ ਦੀ ਫ਼ੌਜੀ ਤਾਕਤ ਦਾ ਮੁੱਖ (੭੫%) ਹਿੱਸਾ ਸਨ। ਨਾਲ ਹੀ ਹਿੰਦੁਸਤਾਨ ਦੇ ਬਹੁਤ ਸਾਰੇ ਪੂਰਬੀਏ ਅੰਗਰੇਜ਼ਾਂ ਤੋਂ ਕਿਤੇ ਵੱਧ ਤਨਖਾਹਾਂ ਲੈਂਦੇ ਹੋਏ ਪੰਜਾਬ ਦੀ ਫ਼ੌਜ ਵਿਚ ਨੌਕਰੀ ਕਰ ਰਹੇ ਸਨ ਅਤੇ ਉਨ੍ਹਾਂ ਦਾ ਹੀ ਇਕ ਭਰਾ ਇਸ ਅਜ਼ਾਦ ਸੂਬੇ ਪੰਜਾਬ ਦੀ ਫ਼ੌਜ ਦਾ ਕਮਾਂਡਰ-ਇਨ-ਚੀਫ (ਤੇਜ ਸਿੰਘ) ਸੀ। ਇਨ੍ਹਾਂ ਪੂਰਬੀਆਂ ਨੂੰ ਯਾਦ ਸੀ ਕਿ ਕਿਵੇਂ ਮੁੱਦਕੀ ਦੀ ਲੜਾਈ ਤੋਂ ਪਹਿਲਾਂ ਲਾਹੌਰ ਦਰਬਾਰ ਵੱਲੋਂ ਗੁਪਤ ਤੌਰ 'ਤੇ ਭੇਜੇ ਗਏ ਧਾਰਮਿਕ ਨੁਮਾਇੰਦੇ (ਹਿੰਦੂ ਅਤੇ ਮੁਸਲਮਾਨ) ਅੰਗਰੇਜ਼ਾਂ ਦੀਆਂ ਲੁਧਿਆਣਾ, ਫਿਰੋਜ਼ਪੁਰ, ਕਰਨਾਲ, ਮੇਰਠ ਆਦਿ ਛਾਉਣੀਆਂ ਵਿਚ ਪਹੁੰਚ ਕੇ ਭਾਰਤ-ਵਾਸੀਆਂ ਨੂੰ ਹਿੰਦੁਸਤਾਨ ਦੀ ਅਜ਼ਾਦੀ ਦੀ ਖਾਤਰ ਇਨ੍ਹਾਂ ਐਂਗਲੋ-ਸਿੱਖ ਜੰਗਾਂ ਸਮੇਂ ਅੰਗਰੇਜ਼ਾਂ ਦਾ ਸਾਥ ਨਾ ਦੇਣ ਦੀਆਂ ਅਪੀਲਾਂ ਕਰਦੇ ਰਹੇ ਸਨ। ਲਾਹੌਰ ਦਰਬਾਰ ਦੇ ਪੂਰਬੀਏ ਅਫ਼ਸਰਾਂ ਨੇ ਤਾਂ ਪੰਜਾਬ ਦੀ ਫ਼ੌਜ ਨੂੰ (ਜਿਸ ਵਿਚ ਜ਼ਿਆਦਾ ਸਿੱਖ ਹੋਣ ਕਾਰਨ, ਸਿੱਖ ਫ਼ੌਜ ਕਿਹਾ ਜਾਂਦਾ ਸੀ) ਭਰੋਸਾ ਦਿਵਾਇਆ ਹੋਇਆ ਸੀ ਕਿ ਅੰਗਰੇਜ਼ਾਂ ਦੇ ਇਹ ਹਿੰਦੁਸਤਾਨੀ ਪੂਰਬੀਏ ਸਿਪਾਹੀ ਲੜਾਈਆਂ ਸਮੇਂ ਅੰਗਰੇਜ਼ਾਂ ਦਾ ਸਾਥ ਨਹੀਂ ਦੇਣਗੇ। (ਜਾਰਜ ਬਰੂਸ *ਸਿਕਸ ਬੈਟਲ ਫਾਰ ਇੰਡੀਆ ਦੀ ਐਂਗਲੋ-ਸਿੱਖ ਵਾਰਜ਼,* ਸਫਾ ੯੦)

ਅਗਰ ਹੋਰ ਇਤਿਹਾਸ ਵੱਲ ਨਜ਼ਰ ਮਾਰੀਏ ਤਾਂ ਅੰਗਰੇਜ਼ ਆਪਣੇ ਹੀ ਇਕ ਭਰੋਸੇਮੰਦ ਰਹੇ ਦੋਸਤ ਪੰਜਾਬ ਨਾਲ ਗੱਦਾਰੀ ਕਰਨ ਉੱਪਰ ਤੁਲੇ ਹੋਏ ਸਨ, ਜਿਨ੍ਹਾਂ ਨੇ ਅਫ਼ਗਾਨਿਸਤਾਨ 'ਚ ਹੋ ਰਹੇ ਉਨ੍ਹਾਂ ਦੇ ਕਤਲ-ਏ-ਆਮ ਸਮੇਂ (ਸੰਨ ੧੮੪੨ ਨੂੰ

ਮਹਾਰਾਜਾ ਸ਼ੇਰ ਸਿੰਘ ਦੇ ਸਮੇਂ) ਉਨ੍ਹਾਂ ਨੂੰ ਬਚਾਇਆ ਸੀ। ਇਸ ਪਹਿਲੇ ਯੁੱਧ ਤੋਂ ਪਹਿਲਾਂ (੧੮੪੫-੪੬) ਅੰਗਰੇਜ਼ਾਂ ਵੱਲੋਂ ਪੰਜਾਬ ਉੱਪਰ ਹਮਲੇ ਦੀਆਂ ਤਿਆਰੀਆਂ ਨਾਲ ਦਰਸਾਉਂਦੀਆਂ ਖ਼ਬਰਾਂ ਹਿੰਦੁਸਤਾਨ ਦੀਆਂ ਅਖ਼ਬਾਰਾਂ ਵਿਚ ਛਪ ਰਹੀਆਂ ਸਨ ਅਤੇ ਲਾਹੌਰ ਵੀ ਪਹੁੰਚ ਰਹੀਆਂ ਸਨ। ਇਕ ਅਜ਼ਾਦ ਮੁਲਕ ਕਿਵੇਂ ਚੁੱਪ ਰਹਿ ਸਕਦਾ ਸੀ ਅਤੇ ਅੰਗਰੇਜ਼ਾਂ ਦੀਆਂ ਵਧੀਕੀਆਂ ਉੱਪਰ ਹੈਰਾਨ ਵੀ ਹੋ ਰਿਹਾ ਸੀ। ਇਸੇ ਨੂੰ ਮੁੱਖ ਰੱਖਦੇ ਹੋਏ ਖਾਲਸਾ ਪੰਚਾਇਤ ਵੱਲੋਂ ਜੋ ਫ਼ੌਜ ਦੀ ਨੁਮਾਇੰਦਗੀ ਕਰ ਰਹੀ ਸੀ, ਦੋਸਤੀ ਉੱਪਰ ਯਕੀਨ ਰੱਖਦੇ ਹੋਏ ਇਹ ਪ੍ਰਸਤਾਵ ਲੁਧਿਆਣੇ ਅੰਗਰੇਜ਼ਾਂ ਵੱਲ ਭੇਜਿਆ ਸੀ: "ਅਸੀਂ ਜੰਗ ਨਹੀਂ ਚਾਹੁੰਦੇ, ਸੁਲਾਹ ਰੱਖਣੀ ਚਾਹੁੰਦੇ ਹਾਂ, ਪਰ ਜੇਕਰ ਅੰਗਰੇਜ਼ਾਂ ਦੀ ਫ਼ੌਜ ਪੂਰਬ ਵੱਲੋਂ ਆਪਣੀਆਂ ਲੁਧਿਆਣੇ ਅਤੇ ਫਿਰੋਜ਼ਪੁਰ ਸਥਿਤ ਛਾਉਣੀਆਂ ਵੱਲ ਵਧੇਗੀ, ਤਾਂ ਹੀ ਖਾਲਸਾ ਫ਼ੌਜ ਸਤਲੁਜ ਵੱਲ ਵਧੇਗੀ, ਨਹੀਂ ਤਾਂ ਨਹੀਂ।" (ਹਵਾਲਾ: *ਕਰੀਅਰ ਆਫ਼ ਮੇਜਰ ਜਾਰਜ ਬ੍ਰਾਡਫੁਟ*, ਸਫਾ ੭੦) ਪਰ ਅੰਗਰੇਜ਼, ਜਿਨ੍ਹਾਂ ਨੇ ਕਈ ਸਾਲਾਂ ਤੋਂ ਲੰਡਨ ਸਥਿਤ ਡੀਉਕ ਆਫ਼ ਵਾਲਿੰਗਟਨ ਨਾਲ ਤਾਲ-ਮੇਲ ਕਰਦੇ ਹੋਏ ਪੰਜਾਬ ਉੱਪਰ ਹਮਲਾ ਕਰਨ ਦਾ ਪਲਾਨ ਉਲੀਕਿਆ ਹੋਇਆ ਸੀ, ਕਿਵੇਂ ਰੁਕਣ ਵਾਲੇ ਸਨ। ਉਨ੍ਹਾਂ ਨੂੰ ਤਾਂ ਲਾਹੌਰ ਦਰਬਾਰ ਦੇ ਅਹਿਮ ਦਰਬਾਰੀਆਂ ਦੀ ਹਿਮਾਇਤ ਵੀ ਹਾਸਲ ਸੀ, ਜੋ (ਗੈਰ-ਪੰਜਾਬੀ ਹੁੰਦੇ ਹੋਏ) ਆਪਣੀ ਹੀ ਸਰਕਾਰ ਨਾਲ ਗੱਦਾਰੀ ਕਰਦੇ ਹੋਏ, ਅੰਗਰੇਜ਼ਾਂ ਦੇ ਹਿਮਾਇਤੀ ਬਣੇ ਬੈਠੇ ਸਨ ਅਤੇ ਇਸੇ ਗੱਦਾਰੀ ਹੇਠ ਫ਼ੌਜ ਨੂੰ ਦਿੱਲੀ ਮਾਰਨ ਅਤੇ ਲੁੱਟਣ ਲਈ ਉਤਸ਼ਾਹਿਤ ਕਰ ਰਹੇ ਸਨ। ਪਰ ਸਿੱਖ ਫ਼ੌਜ ਦੋਸਤੀ ਉੱਪਰ ਯਕੀਨ ਰੱਖਦੀ ਹੋਈ ਇਨ੍ਹਾਂ ਦਰਬਾਰੀਆਂ (ਭਾਈ ਰਾਮ ਸਿੰਘ, ਤੇਜ ਸਿੰਘ, ਲਾਲ ਸਿੰਘ, ਦੀਨਾ ਨਾਥ ਤੇ ਇਨ੍ਹਾਂ ਦਾ ਲੀਡਰ ਡੋਗਰਾ ਗੁਲਾਬ ਸਿੰਘ) ਦੀਆਂ ਦਲੀਲਾਂ ਨੂੰ ਨਜ਼ਰਅੰਦਾਜ਼ ਕਰਦੀ ਆ ਰਹੀ ਸੀ। ਇਸ ਦੀ ਪੁਸ਼ਟੀ ਕਰਦਾ ਹੋਇਆ ਅੰਗਰੇਜ਼ਾਂ ਦਾ ਸਫ਼ੀਰ ਕਨਿੰਘਮ ਜੋ ਮੌਕੇ ਦਾ ਗਵਾਹ ਸੀ ਆਪਣੀ ਕਿਤਾਬ ਵਿਚ ਲਿਖਦਾ ਹੈ ਕਿ ਜੇਕਰ ਅੰਗਰੇਜ਼ਾਂ ਨੇ ਹਮਲੇ ਦੀਆਂ ਤਿਆਰੀਆਂ ਨਾ ਕੀਤੀਆਂ ਹੁੰਦੀਆਂ ਤਾਂ ਖਾਲਸਾ ਪੰਚਾਇਤ ਕਦੇ ਵੀ ਸਤਲੁਜ ਵੱਲ ਸਿੱਖ ਫ਼ੌਜ ਦੇ ਵਧਣ ਦੀ ਹਾਮੀ ਨਾ ਭਰਦੀ ਜਿਸ ਲਈ ਲਾਲ ਸਿੰਘ ਅਤੇ ਤੇਜ ਸਿੰਘ ਜਿਹੇ (ਅੰਗਰੇਜ਼ਾਂ ਦੇ ਖਰੀਦੇ ਹੋਏ) ਗੈਰ-ਪੰਜਾਬੀ ਗੱਦਾਰ ਲੀਡਰ ਆਪਣੀਆਂ ਲਗਾਤਾਰ ਕੋਸ਼ਿਸ਼ਾਂ ਰਾਹੀਂ ਸਿੱਖ ਫ਼ੌਜਾਂ ਨੂੰ ਜੰਗ ਵੱਲ ਧਕੇਲਣ ਲਈ ਉਤਸ਼ਾਹਿਤ ਕਰਦੇ ਆ ਰਹੇ ਸਨ (*ਹਿਸਟਰੀ ਆਫ਼ ਦੀ ਸਿੱਖਜ਼*, ਸਫਾ ੨੯੩)

ਉਧਰ ਗਵਰਨਰ ਜਨਰਲ ਨੇ ਆਪਣੀਆਂ ਫ਼ੌਜਾਂ ਨੂੰ ਕਮਾਂਡਰ-ਇਨ-ਚੀਫ ਹੀਉ ਗਫ਼ ਦੀ ਅਗਵਾਈ ਹੇਠ ੧੧ ਦਸੰਬਰ, ੧੮੪੫ ਈ. ਨੂੰ ਅੰਬਾਲਾ, ਮੇਰਠ ਤੇ ਬਾਕੀਆਂ ਛਾਉਣੀਆਂ ਤੋਂ ਸਤਲੁਜ ਵੱਲ ਵਧਣ ਦਾ ਹੁਕਮ ਜਾਰੀ ਕਰ ਦਿੱਤਾ ਅਤੇ ਫਿਰ ਇਹ ਜਾਣਦੇ ਹੋਏ ਵੀ ਕਿ ੧੨ ਦਸੰਬਰ ਤਕ ਸਿੱਖ ਫ਼ੌਜਾਂ ਵੱਲੋਂ ਦਰਿਆ ਸਤਲੁਜ ਪਾਰ ਕਰਨ ਜਾਂ ਸਤਲੁਜ ਵੱਲ ਵਧਣ ਦੀ ਕੋਈ ਹਲਚਲ ਨਹੀਂ ਹੋਈ, ੧੩ ਦਸੰਬਰ ਨੂੰ ਝੂਠ ਦੀ ਬੁਨਿਆਦ ਉੱਪਰ ਇਕ-ਤਰਫਾ ਜੰਗ ਦਾ ਐਲਾਨ ਕਰ ਦਿੱਤਾ ਅਤੇ ਨਾਲ

ਹੀ ਸਿੱਖਾਂ ਦੇ ਸਤਲੁਜ ਪਾਰ ਪੂਰਬ ਵੱਲ ੨੫ ਪ੍ਰਗਨਿਆਂ ਨੂੰ ਜਬਤ ਕਰਨ ਦਾ ਨੋਟੀਫਿਕੇਸ਼ਨ (ਗੰਡਾ ਸਿੰਘ, *ਪ੍ਰਾਈਵੇਟ ਕੋਰਸਪਾਉਡੈਂਸ ਰੀਲੇਟਿੰਗ ਟੂ ਐਂਗਲੋ-ਸਿੱਖ ਵਾਰਜ਼, ਇਨਟ੍ਰੋਡਕਸ਼ਨ*, ਸਫਾ ੮੩) ਇਹ ਖ਼ਬਰਾਂ ਸਿੱਖਾਂ ਨੂੰ ਵੀ ਮਿਲ ਰਹੀਆਂ ਸਨ ਕਿ ਅੰਗਰੇਜ਼ ਫ਼ੌਜ ਹਮਲੇ ਲਈ ਕੂਚ ਕਰ ਚੁੱਕੀ ਹੈ। ਸਿੱਖ ਫ਼ੌਜ, ਦੀਵਾਨ ਅਯੁੱਧਿਆ ਪ੍ਰਸਾਦ ਮੁਤਾਬਕ ਇਸ ਸਮੇਂ ਸਤਲੁਜ ਦਰਿਆ ਦੇ ਪੱਛਮ ਵੱਲ ਆਪਣੇ ਇਲਾਕੇ ਪਿੰਡ ਨਥੀਆਂਵਾਲਾ ਵਿਚ ਪੜਾਅ ਕਰੀ ਬੈਠੀ ਸੀ। ਇਸ ਲਈ ਸਿੱਖ ਫ਼ੌਜ ਨੂੰ ਹੁਣ ਸਤਲੁਜ ਦਰਿਆ ਪਾਰ ਕਰ ਕੇ ਆਪਣੇ ਹੀ ਪਾਰ ਦੇ ਇਲਾਕਿਆਂ ਦੀ ਹਿਫ਼ਾਜ਼ਤ ਲਈ ਅੰਗਰੇਜ਼ਾਂ ਦਾ ਹਮਲਾ ਰੋਕਣ ਲਈ ਮੋਰਚਾਬੰਦੀ ਕਰਨਾ ਜ਼ਰੂਰੀ ਹੋ ਗਿਆ ਸੀ। ਦੀਵਾਨ ਦੀ ਲਿਖਤ ਮੁਤਾਬਕ ਰੈਗੂਲਰ ਸਿੱਖ ਫ਼ੌਜ ਦੇ ਪਹਿਲੇ ੪ ਬ੍ਰਿਗੇਡ ਆਪਣੇ ਤੋਪਖਾਨੇ ਸਮੇਤ ਨਗਰਘਾਟ ਦੇ ਪੱਤਣ ਰਾਹੀਂ ੧੪-੧੫ ਦਸੰਬਰ ਨੂੰ ਦਰਿਆ ਪਾਰ ਕਰ ਕੇ ਫਿਰੋਜ਼ਪੁਰ ਪਾਸ ਆਪਣੇ ਪਾਰ ਦੇ ਇਲਾਕੇ 'ਚ ਪੈਂਦੇ ਪਿੰਡ ਅਟਾਰੀ ਪਹੁੰਚ ਗਏ। ਇਸੇ ਤਰ੍ਹਾਂ ੩ ਹੋਰ ਬ੍ਰਿਗੇਡਾਂ ਨੇ ੧੫-੧੬ ਦਸੰਬਰ ਨੂੰ ਦਰਿਆ ਪਾਰ ਕਰ ਲਿਆ ਸੀ, ਪਰ ਉਹ ਆਪਣੇ ਕਮਾਂਡਰ ਤੇਜ ਸਿੰਘ ਦੀ ਉਡੀਕ ਵਿਚ ਦਰਿਆ ਉੱਪਰ ਪੈਂਦੇ ਪਿੰਡ ਗੰਡਾ ਸਿੰਘ ਵਾਲਾ ਪਾਸ ਰੁਕੇ ਰਹੇ। (ਹਵਾਲਾ: *ਵਾਕਿਆਏ-ਜੰਗ-ਏ-ਸਿੱਖਾਂ*, ਸਫਾ ੨੫-੨੬)

ਇਕ ਹੋਰ ਅਠਵਾਂ ਮੇਵਾ ਸਿੰਘ ਬ੍ਰਿਗੇਡ ਵੀ ਲਾਹੌਰ ਤੋਂ ਇਸ ਜੰਗ ਵਿਚ ਕੁੱਦਣ ਲਈ ੧੬ ਦਸੰਬਰ ਨੂੰ (ਸਤਲੁਜ ਲਈ) ਰਵਾਨਾ ਹੋ ਗਿਆ, ਜਿਸ ਨੂੰ ਤੇਜ ਸਿੰਘ ਸਾਜ਼ਿਸ਼ ਹੇਠ ਲਾਹੌਰ ਹੀ ਰੋਕੀ ਬੈਠਾ ਸੀ। ਤੇਜ ਸਿੰਘ ਆਪ ਵੀ ਆਨੇ-ਬਹਾਨੇ ਲਾਹੌਰ ਹੀ ਰੁਕਿਆ ਰਿਹਾ, ਪਰ ਇਹ ਜਾਣ ਕੇ ਕਿ ਕਿਤੇ ਮੇਵਾ ਸਿੰਘ ਦਾ ਬ੍ਰਿਗੇਡ ਸਿੱਖ ਫ਼ੌਜ ਨੂੰ ਉਸ ਦੇ ਖਿਲਾਫ਼ ਭੜਕਾ ਨਾ ਦੇਵੇ, ਖੁਦ ਵੀ ੧੭ ਦਸੰਬਰ ਨੂੰ ਗੰਡਾ ਸਿੰਘ ਵਾਲਾ ਪਾਸ ਪੜਾਅ ਕਰ ਰਹੇ ਤਿੰਨ ਬ੍ਰਿਗੇਡਾਂ ਪਾਸ ਜਾ ਪਹੁੰਚਿਆ। ਇੱਥੇ ਫਿਰੋਜ਼ਪੁਰ ਫ਼ਰੰਟ ਉੱਪਰ ਹੁਣ ਸਿੱਖ ਫ਼ੌਜਾਂ ਦੇ ੮ ਬ੍ਰਿਗੇਡ (ਕੋਈ ੩੦੦੦੦ ਰੈਗੂਲਰ ਫ਼ੌਜ) ਅਤੇ ਇਸ ਤੋਂ ਵੱਖਰੀ ਇਰੈਗੂਲਰ ਫ਼ੌਜ ਅੰਗਰੇਜ਼ਾਂ ਨੂੰ ਤਬਾਹ ਕਰਨ ਲਈ ਤਿਆਰ ਖੜੀ ਸੀ।

ਸਿੱਖ ਫ਼ੌਜ ਦੇ ਕਮਾਂਡਰ ਤੇਜ ਸਿੰਘ ਤੇ ਲਾਲ ਸਿੰਘ ਜੋ ਅੰਗਰੇਜ਼ਾਂ ਨਾਲ ਰਲ ਚੁੱਕੇ ਸਨ, ਅੰਗਰੇਜ਼ਾਂ ਦੀ ਨਹੀਂ ਆਪਣੀ ਹੀ ਫ਼ੌਜ ਦੀ ਤਬਾਹੀ ਚਾਹੁੰਦੇ ਹਨ। ਇਸ ਲਈ ਉਨ੍ਹਾਂ ਨੇ ਅੰਗਰੇਜ਼ਾਂ ਦੇ ਸਫ਼ਾਰਤੀ ਅਧਿਕਾਰੀਆਂ (ਕੈਪਟਨ ਨਿਕੋਲਸਨ ਅਤੇ ਮੇਜਰ ਬ੍ਰਾਡਫੁਟ) ਦੇ ਦਿਸ਼ਾ-ਨਿਰਦੇਸ਼ਾਂ ਉੱਪਰ ਚੱਲਦਿਆਂ ਆਪਣੀ ਫ਼ੌਜ ਨੂੰ ਇਕ ਜਗ੍ਹਾ ਰਹਿਣ ਦੀ ਬਜਾਏ ਖਿਲਾਰਣ ਦਾ ਪਲਾਨ ਉਲੀਕਿਆ। ੧੭ ਦਸੰਬਰ ਦੀ ਰਾਤ, ਲਾਲ ਸਿੰਘ ਪਹਿਲੇ ਪਾਰ ਹੋਏ ੪ ਬ੍ਰਿਗੇਡਾਂ ਵਿੱਚੋਂ ਆਪਣੇ ਨਾਲ ੩ ਬ੍ਰਿਗੇਡ ਲੈ ਕੇ ਸਵੇਰ ਤਕ ਫੇਰੂ ਸ਼ਹਿਰ ਪਹੁੰਚ ਗਿਆ ਕਿ ਅੱਗੇ ਵੱਧ ਕੇ ਗਵਰਨਰ ਜਨਰਲ ਨਾਲ ਆ ਰਹੀ ਫ਼ੌਜ ਦਾ ਰਾਹ ਰੋਕਿਆ ਜਾਵੇ। ਫ਼ੌਜ ਤਾਂ ਇਕ ਜਗ੍ਹਾ ਰਹਿ ਕੇ ਅੰਗਰੇਜ਼ਾਂ ਦਾ ਮੁਕਾਬਲਾ ਕਰਨਾ ਚਾਹੁੰਦੀ ਸੀ, ਪਰ ਜਿਵੇਂ ਪੰਡਤ ਦੇਵੀ ਪ੍ਰਸਾਦ ਨੇ ਲਿਖਿਆ ਹੈ, ਹੁਕਮ ਤਾਂ ਫ਼ੌਜ ਨੂੰ ਆਪਣੇ ਕਮਾਂਡਰਾਂ ਦਾ ਮੰਨਣਾ ਪੈਂਦਾ ਸੀ, ਜਿਧਰ ਉਹ ਹੁਕਮ ਕਰਦੇ ਉਨ੍ਹਾਂ ਨਾਲ

ਫ਼ੌਜ ਤੁਰ ਪੈਂਦੀ ਸੀ। ਫੇਰੂ ਸ਼ਹਿਰ ਤੋਂ ਸਵੇਰੇ ੧੮ ਦਸੰਬਰ ਨੂੰ ਲਾਲ ਸਿੰਘ ਆਪਣੇ ਨਾਲ ਬਹੁਤ ਘੱਟ ਪੈਦਲ ਫ਼ੌਜ (ਕਨਿੰਘਮ ਮੁਤਾਬਕ ੨੫੦੦ ਅਤੇ ਜਾਰਜ ਬਰੂਸ ਮੁਤਾਬਕ ੨੦੦੦) ਅਤੇ ੨੨ ਹਲਕੀਆਂ ਤੋਪਾਂ ਲੈ ਕੇ ਆਪਣੀ ਘੋੜ-ਸਵਾਰ ਇਰੈਗੂਲਰ ਫ਼ੌਜ (ਕੋਈ ੮,੦੦੦ ਤੋਂ ੧੦,੦੦੦) ਸਮੇਤ ਅੰਗਰੇਜ਼ਾਂ ਦੀ ਮੁੱਦਕੀ ਵੱਲ ਪਹੁੰਚ ਰਹੀ ਫ਼ੌਜ ਦੀ ਸੂਹ ਲੈਣ ਦਾ ਬਹਾਨਾ ਬਣਾ ਕੇ ਨਿਕਲ ਪਿਆ ਤਾਂ ਕਿ ਇਹ ਸਾਰੀ ਰੈਗੂਲਰ ਫ਼ੌਜ ਤਬਾਹ ਹੋ ਜਾਵੇ ਅਤੇ ਪਿੱਛੇ ਆ ਰਹੀ ਅੰਗਰੇਜ਼ਾਂ ਦੀ ਸਾਰੀ ਫ਼ੌਜ ਇਕੱਠੀ ਹੋ ਜਾਵੇ। ਜਦ ਇਸ ਫ਼ੌਜ ਨੂੰ ਮੁੱਦਕੀ (ਜੋ ਸਿੱਖਾਂ ਦਾ ਇਲਾਕਾ ਸੀ) ਅੰਗਰੇਜ਼ਾਂ ਦੇ ਡਟੇ ਹੋਣ ਦਾ ਪਤਾ ਲੱਗਾ ਤਾਂ ਉਨ੍ਹਾਂ ਲਾਲ ਸਿੰਘ ਉੱਪਰ ਹਮਲੇ ਲਈ ਜ਼ੋਰ ਪਾਇਆ। ਇਸ ਸਮੇਂ ਰੈਗੂਲਰ ਫ਼ੌਜ ਦੇ ਬ੍ਰਿਗੇਡ ਕਮਾਂਡਰ ਮਹਿਤਾਬ ਸਿੰਘ ਮਜੀਠੀਆ ਤੇ ਰਾਮ ਸਿੰਘ ਛਾਪੇਵਾਲਾ ਅਤੇ ਇਰੈਗੂਲਰ ਫ਼ੌਜ ਦੇ ਕਮਾਂਡਰ ਜਨਰਲ ਬੁੱਧ ਸਿੰਘ ਤੇ ਚਤਰ ਸਿੰਘ ਕਾਲਿਆਂਵਾਲਾ ਫ਼ੌਜ ਦੀ ਮਦਦ ਲਈ ਆ ਪਹੁੰਚੇ ਅਤੇ ਉਨ੍ਹਾਂ ਨੇ ਮੋਰਚਾ ਸੰਭਾਲ ਲਿਆ, ੨੦੦੦ ਪੈਦਲ ਫ਼ੌਜ ਵਿਚਕਾਰ ਅਤੇ ਇਰੈਗੂਲਰ ਘੋੜ ਸਵਾਰ ਫ਼ੌਜ ਆਸੇ ਪਾਸੇ। ਇਨ੍ਹਾਂ ਸਰਦਾਰਾਂ ਦੇ ਪਹੁੰਚਣ ਕਾਰਨ ਲਾਲ ਸਿੰਘ ਹੁਣ ਹਮਲਾ ਕਰਨ ਦਾ ਹੁਕਮ ਨਹੀਂ ਸੀ ਦੇ ਰਿਹਾ, ਕਿਉਂਕਿ ਉਹ ਤਾਂ ਆਪਣੀ ਹੀ ਫ਼ੌਜ ਮਰਵਾਉਣ ਲਈ ਆਇਆ ਸੀ। ਪਰ ਆਖਰਕਾਰ ਉਸ ਨੂੰ ਹਮਲੇ ਦਾ ਹੁਕਮ ਦੇਣਾ ਪਿਆ ਅਤੇ ਉਹ ਖੁਦ ਲੜਾਈ ਸ਼ੁਰੂ ਹੁੰਦੇ ਸਾਰ ਹੀ ਆਪਣੀ ੫,੦੦੦ ਘੋੜ-ਸਵਾਰ ਫ਼ੌਜ ਸਮੇਤ ਉੱਥੋਂ ਖਿਸਕ ਗਿਆ ਜੋ ਪੀਅਰਸਨ ਹੈਸਕਥ ਮੁਤਾਬਕ ਅੰਗਰੇਜ਼ਾਂ ਦੇ ਤੈਅਸ਼ੁਦਾ ਪਲਾਨ ਮੁਤਾਬਕ ਹੀ ਉਸ ਵੱਲੋਂ ਕੀਤੀ ਗਈ ਕਾਰਵਾਈ ਸੀ (*ਹੀਰੋ ਆਫ਼ ਦਿੱਹਲੀ*, ਸਫਾ ੭੯)

ਦੁਨੀਆ ਦੇ ਇਤਿਹਾਸ ਵਿਚ ਇਹ ਇਕ ਅਸਾਵੀਂ ਲੜਾਈ ਸੀ, ੨੦੦੦ ਪੈਦਲ (੨ ਜਾਂ ੩ ਬਟਾਲੀਅਨਾਂ) ਸਿੱਖ ਫ਼ੌਜ ਦੇ ਮੁਕਾਬਲੇ ਅੰਗਰੇਜ਼ਾਂ ਦੀ ੧੨੦੦੦ ਪੈਦਲ ਫ਼ੌਜ (੧੨ ਬਟਾਲੀਅਨਾਂ) ੩੯੫੦ ਯੂਰਪੀਅਨ ਅਤੇ ੮੫੦੦ ਹਿੰਦੁਸਤਾਨੀ ਸਿਪਾਹੀ। ਸਿੱਖਾਂ ਦੀਆਂ ੨੨ ਹਲਕੀਆਂ ਤੋਪਾਂ ਦੇ ਮੁਕਾਬਲੇ ਅੰਗਰੇਜ਼ਾਂ ਦੀਆਂ ੪੨ ਤੋਪਾਂ (੩੦ ਹਲਕੀਆਂ ਅਤੇ ੧੨ ਭਾਰੀਆਂ ਤੋਪਾਂ)। ਅੰਗਰੇਜ਼ਾਂ ਦਾ ਕਮਾਂਡਰ-ਇਨ-ਚੀਫ਼ ਜਨਰਲ ਗਫ਼, ਗਵਰਨਰ ਜਨਰਲ ਹਾਰਡਿੰਗ ਸਮੇਤ ਆਪਣੀਆਂ ਫ਼ੌਜਾਂ ਦੀ ਕਮਾਂਡ 'ਤੇ ਸਨ, ਪਰ ਸਿੱਖਾਂ ਦਾ ਕਮਾਂਡਰ ਲਾਲ ਸਿੰਘ ਭੱਜ ਗਿਆ ਸੀ। ਜਾਰਜ ਬਰੂਸ ਆਪਣੀ ਕਿਤਾਬ *ਸਿਕਸ ਬੈਟਲ ਫ਼ਾਰ ਇੰਡੀਆ ਦੀ ਐਂਗਲੋ-ਸਿੱਖ ਵਾਰਜ਼* ਦੇ ਪੰਨਾ ੧੧੭ ਉੱਪਰ ਲਿਖਦਾ ਹੈ "The British were having five to one infantry superiority over to Sikhs." ਅੰਗਰੇਜ਼ਾਂ ਦਾ ਸਫ਼ਾਰਤੀ ਅਧਿਕਾਰੀ ਮੌਕੇ ਦਾ ਗਵਾਹ ਕੈਪਟਨ ਨਿਕੋਲਸਨ ਇਸ ਮੁੱਦਕੀ ਦੀ ਲੜਾਈ ਸਮੇਂ ਸਿੱਖ ਫ਼ੌਜਾਂ ਦੀ ਕੁੱਲ ਗਿਣਤੀ (ਰੈਗੂਲਰ ਅਤੇ ਘੋੜ-ਸਵਾਰ) ਬਾਰੇ ਲਿਖਦਾ ਹੈ ਕਿ ਇਹ ੩੫੦੦ ਤੋਂ ਵੱਧ ਨਹੀਂ ਸੀ। ਇਸੇ ਤਰ੍ਹਾਂ ਕਰਨਲ ਮਾਲੇਸਨ ਲਿਖਦਾ ਹੈ ਕਿ ਸਿੱਖਾਂ ਦੀ ੨੦੦੦ ਤੋਂ ਵੀ ਘੱਟ ਪੈਦਲ ਫ਼ੌਜ ਦਾ ਮੁਕਾਬਲਾ ਅੰਗਰੇਜ਼ਾਂ ਦੀ ੧੧੦੦੦ ਪੈਦਲ ਫ਼ੌਜ ਨਾਲ

ਸੀ, ਜੋ ਕਿਵੇਂ ਸੰਭਵ ਸੀ? ਪਰ ਫਿਰ ਵੀ ਸਿੱਖ ਉੱਚ ਹੌਸਲੇ ਤੇ ਅਨੁਸ਼ਾਸਨ ਦਾ ਮੁਜਾਹਿਰਾ ਕਰਦੇ ਹੋਏ ਡਟੇ ਰਹੇ। ਉਹ ਇੱਕ-ਇੱਕ ਇੰਚ ਜ਼ਮੀਨ ਦੀ ਖਾਤਰ ਲੜਦੇ ਹੋਏ ਪਿੱਛੇ ਹਟਦੇ ਗਏ, ਪਰ ਜਦ ਵੀ ਮੌਕਾ ਮਿਲਦਾ ਦੁਸ਼ਮਣ ਉੱਪਰ ਟੁੱਟ ਪੈਂਦੇ ਸਨ। (ਹਵਾਲਾ: *ਦੀ ਡੀਸੀਸਿਵ ਬੈਟਲ ਆਫ਼ ਇੰਡੀਆ*, ਸਫਾ ੩੫੬-੩੫੭) ਲੜਾਈ ਸਮੇਂ ਹਾਜ਼ਰ ਪਰੂਸ਼ੀਆ ਦੇ ਸਹਿਜ਼ਾਦੇ ਦਾ ਨਿੱਜੀ ਡਾਕਟਰ ਹੌਫਮੈਇਸਟਰ ਲਿਖਦਾ ਹੈ ਕਿ ਗਿਣਤੀ ਵਿਚ ਬਹੁਤ ਘੱਟ ਹੁੰਦੇ ਹੋਏ ਵੀ ਪੈਦਲ ਸਿੱਖ ਫ਼ੌਜ ਨੇ ਤਿੰਨ ਵਾਰੀ ਅੱਗੇ ਵਧਦੇ ਹੋਏ ਅੰਗਰੇਜ਼ਾਂ ਨੂੰ ਖਦੇੜਨ ਦੀ ਕੋਸ਼ਿਸ਼ ਕੀਤੀ ਸੀ। ਅੰਗਰੇਜ਼ ਰਾਤ ੧੨ ਵਜੇ ਲੜਾਈ ਖਤਮ ਹੋਣ ਤੋਂ ਬਾਅਦ ਮੀਲਾਂ ਤਕ ਰੇਤਲੇ ਮੈਦਾਨਾਂ ਵਿਚ ਵਰਦੀਆਂ ਸਮੇਤ ਭੁੱਖੇ-ਪਿਆਸੇ ਲੇਟੇ ਹੋਏ ਸਾਰੀ ਰਾਤ ਸੌਂ ਨਾ ਸਕੇ ਕਿ ਸਿੱਖ ਕਿਤੇ ਰਾਤ ਫਿਰ ਹਮਲਾ ਨਾ ਕਰ ਦੇਣ। ਉਨ੍ਹਾਂ ਨੇ (ਸਿੱਖਾਂ ਦੀਆਂ) ਤੋਪਾਂ ਦੀ ਅਜਿਹੀ ਭਿਆਨਕ ਮਾਰ ਅਜੇ ਤਕ ਦੁਨੀਆ ਵਿਚ ਲੜਦਿਆਂ ਕਿਤੇ ਵੀ ਨਹੀਂ ਸੀ ਵੇਖੀ। ਜਨਰਲ ਗਫ਼ ਦੀ ਫ਼ੌਜੀ ਸਮਝ ਤੇ ਸੂਝ-ਬੂਝ ਜਵਾਬ ਦੇ ਰਹੀ ਸੀ ਕਿ ਉਨ੍ਹਾਂ ਦੇ ਇੰਨੇ ਜ਼ਿਆਦਾ ਉੱਚ ਅਧਿਕਾਰੀ ਕਿਵੇਂ ਮਾਰੇ ਗਏ। ਜਾਰਜ ਬਰੂਸ ਲਿਖਦਾ ਹੈ ਕਿ ਸਿੱਖ ਤੋਪਾਂ ਦੀ ਭਿਆਨਕ ਮਾਰ ਕਾਰਨ ਅੰਗਰੇਜ਼ਾਂ ਦਾ ਹਮਲਾ ਪਛਾੜ ਦਿੱਤਾ ਗਿਆ ਸੀ। ਅੰਗਰੇਜ਼ ਮਨਚਲੇ ਅਫ਼ਸਰ ਤਾਂ ਕਹਿ ਰਹੇ ਸਨ ਕਿ ਸਿੱਖਾਂ ਨਾਲ ਲੜਨ ਲਈ ਇੰਨੀ ਜ਼ਿਆਦਾ ਫ਼ੌਜ ਦੀ ਜ਼ਰੂਰਤ ਨਹੀਂ ਸੀ, ਪਰ ਇਸ ਲੜਾਈ ਸਮੇਂ ਉਨ੍ਹਾਂ ਦੀ ਆਸ ਦੇ ਉਲਟ ਭਾਣਾ ਵਾਪਰ ਰਿਹਾ ਸੀ ਜੋ ਕਿ ਉਨ੍ਹਾਂ ਦੀ ਪੈਦਲ ਤੇ ਘੋੜ-ਸਵਾਰ ਕੁੱਲ ੧੮,੫੦੦ ਫ਼ੌਜ ਸਿੱਖਾਂ ਦੀ ਕੋਈ ੩,੫੦੦ ਫ਼ੌਜ ਨਾਲ ਲੜਨ ਤੋਂ ਅਸਮਰੱਥ ਹੋ ਰਹੀ ਸੀ। ਇਸ ਤਰ੍ਹਾਂ ਸਿੱਖਾਂ ਨੇ ਬਿਨਾਂ ਜਰਨੈਲਾਂ ਦੇ ਲੜਦਿਆਂ, ਦੇਸ਼ ਦੀ ਅਜ਼ਾਦੀ ਦੀ ਇਸ ਪਹਿਲੀ ਜੰਗ ਵਿਚ ਆਪਣੀ ਬਹਾਦਰੀ ਤੇ ਫ਼ੌਜੀ ਤਾਕਤ ਦੇ ਐਸੇ ਜੌਹਰ ਵਿਖਾਏ ਕਿ ਯੂਰਪੀਅਨ ਇਹ ਵੇਖ ਕੇ ਹੈਰਾਨ ਰਹਿ ਗਏ ਸਨ।

ਅੰਗਰੇਜ਼ਾਂ ਦੇ ਪੂਰਬੀਏ ਸਿਪਾਹੀ ਇਸ ਪਹਿਲੀ ਅਜ਼ਾਦੀ ਦੀ ਲੜਾਈ ਵਿਚ ਸਿੱਖਾਂ ਦੀ ਦੇਸ਼-ਭਗਤੀ, ਬਹਾਦਰੀ ਅਤੇ ਫ਼ੌਜੀ ਤਾਕਤ ਤੋਂ ਫਿਰ ਵੀ ਪ੍ਰਭਾਵਿਤ ਨਾ ਹੋਏ ਅਤੇ ਅੰਗਰੇਜ਼ਾਂ ਦੇ ਹੀ ਵਫ਼ਾਦਾਰ ਬਣੇ ਰਹੇ ਜੋ ਇਹ ਸਿਲਸਿਲਾ ਅੰਗਰੇਜ਼ਾਂ ਤੇ ਸਿੱਖਾਂ ਦੀ ਦੂਸਰੀ ਜੰਗ (੧੮੪੮-੪੯ ਈ.) ਤਕ ਚੱਲਦਾ ਰਿਹਾ। ਉਲਟਾ ਪੰਜਾਬ ਉੱਪਰ ਕਬਜ਼ੇ ਤੋਂ ਬਾਅਦ ਜੋ ਕੋਈ ੪੦,੦੦੦ ਹਿੰਦੁਸਤਾਨੀ ਸਿਪਾਹੀ ਅੰਗਰੇਜ਼ਾਂ ਨੇ ਪੰਜਾਬ ਅੰਦਰ ਤਾਇਨਾਤ ਕਰ ਰੱਖੇ ਸਨ, ਪੰਜਾਬੀਆਂ ਨੂੰ ਚਿੜਾ ਰਹੇ ਸਨ ਕਿ ਉਨ੍ਹਾਂ ਨੇ ਸਿੱਖਾਂ ਨੂੰ ਹਰਾਇਆ ਹੈ, ਅੰਗਰੇਜ਼ਾਂ ਨੇ ਨਹੀਂ। ਅੰਗਰੇਜ਼ ਫ਼ੌਜ ਦੇ ਨਵੇਂ ਬਣੇ ਕਮਾਂਡਰ-ਇਨ-ਚੀਫ਼ ਜਨਰਲ ਚਾਰਲਸ ਨੈਪੀਅਰ ਨੇ ਗਵਰਨਰ ਜਨਰਲ ਦੀ ਸਲਾਹ ਹੇਠ ਸੰਨ ੧੮੪੯ ਈ. ਨੂੰ ਕਮਾਂਡ ਸੰਭਾਲਣ ਸਮੇਂ ਇਨ੍ਹਾਂ ਹਿੰਦੁਸਤਾਨੀ ਸਿਪਾਹੀਆਂ ਦੀਆਂ ਭਵਿੱਖ ਵਿਚ ਉੱਠਣ ਵਾਲੀਆਂ ਬਾਗੀ ਸੁਰਾਂ ਪਹਿਚਾਣਦੇ ਹੋਏ ਉਨ੍ਹਾਂ ਦੀਆਂ ੭੪ ਰਜਮੈਂਟਾਂ ਅੰਦਰ ਪਾੜੋ ਤੇ ਰਾਜ ਕਰੋ ਨੀਤੀ ਤਹਿਤ ੮੦ ਤੋਂ ੧੦੦ (ਖਾਲਸਾ) ਸਿੱਖ ਹਰੇਕ ਰਜਮੈਂਟ ਵਿੱਚ ਭਰਤੀ ਕਰ ਲਏ ਸਨ। ੧੮੫੬-੫੭ ਈ. ਦੇ ਵਿਦਰੋਹ

ਸਮੇਂ ਇਨ੍ਹਾਂ 'ਚ ੪੩ ਰਜਮੈਂਟਾਂ ਪੰਜਾਬ ਤੋਂ ਬਾਹਰ ਅਤੇ ੩੧ ਪੰਜਾਬ ਅੰਦਰ ਤਾਇਨਾਤ ਸਨ, ਪਰ ਅੰਗਰੇਜ਼ਾਂ ਅਤੇ ਹਿੰਦੁਸਤਾਨੀਆਂ ਦੀਆਂ ਰਾਵਾਂ ਦੇ ਉਲਟ ਇਨ੍ਹਾਂ ਸਿੱਖ ਸਿਪਾਹੀਆਂ ਨੇ ਇਸ ਵਿਦਰੋਹ ਸਮੇਂ ਅੰਗਰੇਜ਼ਾਂ ਦਾ ਨਹੀਂ ਬਲਕਿ ਆਪਣੇ ਹਿੰਦੁਸਤਾਨੀ ਭਰਾਵਾਂ ਦਾ ਸਿਰਫ਼ ਸਾਥ ਹੀ ਨਹੀਂ ਸੀ ਦਿੱਤਾ, ਬਲਕਿ ਉਨ੍ਹਾਂ ਨੂੰ ਅੰਗਰੇਜ਼ਾਂ ਖ਼ਿਲਾਫ਼ ਬਗਾਵਤ ਕਰਨ ਲਈ ਉਤਸ਼ਾਹਿਤ ਵੀ ਕੀਤਾ ਸੀ। ਵਿਦਰੋਹ ਸਮੇਂ ਦਿੱਲੀ ਅੰਗਰੇਜ਼ਾਂ ਨਾਲ ਲੜਦਿਆਂ ਇਨ੍ਹਾਂ ਪੰਜਾਬ ਦੇ ਸਿੱਖ ਸਿਪਾਹੀਆਂ ਨੇ ਬਹਾਦਰ ਸ਼ਾਹ ਜ਼ਫ਼ਰ ਦੀ ਸਹਿਮਤੀ ਹੇਠ ਇਕ ਵੱਖਰਾ ਸਿੱਖ ਬ੍ਰਿਗੇਡ (੩,੦੦੦ ਪੈਦਲ) ਵੀ ਸਥਾਪਿਤ ਕਰ ਲਿਆ ਸੀ ਜੋ ਕਠਿਨ ਮੋਰਚਿਆਂ ਉੱਪਰ ਲੜਦਿਆਂ ਅੰਗਰੇਜ਼ਾਂ ਨੂੰ ਖਦੇੜਦਾ ਰਿਹਾ ਸੀ। (ਜੋਗਿੰਦਰ ਸਿੰਘ, '੧੮੫੭ *ਮਿੱਥ ਐਂਡ ਰੀਐਲਟੀ*', ਸਫਾ ੧੮੧) ਪੰਜਾਬ ਅੰਦਰ ਅੰਗਰੇਜ਼ਾਂ ਦੀਆਂ ਲੱਖ ਕੋਸ਼ਿਸ਼ਾਂ ਦੇ ਬਾਵਜੂਦ ਸਿੱਖ ਅੰਗਰੇਜ਼ਾਂ ਵੱਲੋਂ ਨਵੀਆਂ ਖੜੀਆਂ ਕੀਤੀਆਂ ਜਾ ਰਹੀਆਂ ਕੋਈ ੧੦੦ ਸਿੱਖ ਰਜਮੈਂਟਾਂ ਵਿਚ ਭਰਤੀ ਨਹੀਂ ਸੀ ਹੋਏ, ਜੋ ਗ਼ਦਰ ਸਮੇਂ ਵਿਦਰੋਹੀਆਂ ਨੂੰ ਖ਼ਤਮ ਕਰਨ ਲਈ ਜੋਹਨ ਲਾਰੰਸ ਚੀਫ ਕਮਿਸ਼ਨਰ ਪੰਜਾਬ ਦਿੱਲੀ ਭੇਜ ਰਿਹਾ ਸੀ, ਪਰ ਇਹ ਨਵੀਆਂ ਸਿੱਖ ਰਜਮੈਂਟਾਂ ਦੇ ਸਿਪਾਹੀ ਸਿੱਖ ਨਹੀਂ ਸਨ, ਬਲਕਿ ਮੁਲਤਾਨ, ਬਲੋਚਿਸਤਾਨ ਤੇ ਅਫ਼ਗਾਨਿਸਤਾਨ ਨਾਲ ਲਗਦੇ ਸਰਹੱਦੀ ਇਲਾਕੇ ਦੇ ਬਹੁਤੇ ਮੁਸਲਮਾਨ ਤੇ ਕੁਝ ਹਿੰਦੂ ਸਨ, ਜਿਨ੍ਹਾਂ ਨੂੰ ਗਵਰਨਰ ਜਨਰਲ ਡਲਹੋਜੀ ਸਾਜ਼ਿਸ਼ ਹੇਠ ਸਿੱਖ ਦਰਸਾਅ ਰਿਹਾ ਸੀ। ਪੰਜਾਬ ਅੰਦਰ ਤਾਂ ਅੰਗਰੇਜ਼ਾਂ ਨੇ ਪੰਜਾਬੀਆਂ ਖ਼ਾਸ ਕਰਕੇ ਸਿੱਖਾਂ ਦੇ ਸਭ ਤਰ੍ਹਾਂ ਦੇ ਹਥਿਆਰ ਜਬਤ ਕਰ ਲਏ ਸਨ, ਇੱਥੋਂ ਤਕ ਕਿ ਉਨ੍ਹਾਂ ਦੀ ਗਾਤਰੇ ਵਾਲੀ ਛੋਟੀ ਕਿਰਪਾਨ ਪਹਿਨਣ ਉੱਪਰ ਵੀ ਪਾਬੰਦੀ ਸੀ। ਪਰ ਪੰਜਾਬੀ ਦਿਲੋਂ ਅੰਗਰੇਜ਼ਾਂ ਨਾਲ ਨਫ਼ਰਤ ਰੱਖਦੇ ਸਨ, ਜਿਸ ਕਾਰਨ ਕਈ ਥਾਵਾਂ 'ਤੇ ਉਨ੍ਹਾਂ ਵੱਲੋਂ ਪੂਰਬੀ ਵਿਦਰੋਹੀਆਂ ਦੀ ਮਦਦ ਕਰਨ ਦੇ ਦੋਸ਼ਾਂ ਹੇਠ ਉਹ ਫਾਂਸੀ ਉੱਪਰ ਲਟਕਾਏ ਗਏ ਸਨ। ਸਮੇਂ ਨਾਲ ਵਿਦਰੋਹ ਦੀਆਂ ਘਟਨਾਵਾਂ ਪੰਜਾਬ ਅੰਦਰ ਵੀ ਉੱਠਣ ਲੱਗ ਪਈਆਂ ਸਨ, ਜਿਸ ਕਾਰਨ ਜੋਹਨ ਲਾਰੰਸ ਨੂੰ ਦਿੱਲੀ ਹੋਰ ਮਦਦ ਭੇਜਣ ਤੋਂ ਨਾਂਹ ਕਰਦੇ ਹੋਏ ਇਹ ਕਹਿਣਾ ਪਿਆ ਸੀ, "Unable to send further help, Punjab on the verge of being lost unless Delhi is conquered ਅਤੇ ਇਹੋ ਹੀ ਪਾਰਲੀਮੈਂਟ ਰੀਪੋਰਟ ਦਰਸਾਅ ਰਹੀ ਸੀ: Universal revolt in Punjab would have broken out if Delhi had not soon fallen into our hands." (Joginder Singh, *'1857 Myth and Reality'*, p. 138-140)

ਦੇਰ ਰਾਤ ਤਕ ਚਲੀ ਮੁੱਦਕੀ ਦੀ ਇਸ ਅਜ਼ਾਦੀ ਦੀ ਪਹਿਲੀ ਲੜਾਈ ਵਿਚ ਜਿੱਥੇ ਅੰਗਰੇਜ਼ਾਂ ਦੇ ੧੬ ਉੱਚ ਅਧਿਕਾਰੀਆਂ ਸਮੇਤ ਕੁੱਲ ੨੧੬ ਆਦਮੀ ਮਾਰੇ ਗਏ ਉੱਥੇ ਸਿੱਖਾਂ ਦਾ ਵੀ ਬਹੁਤ ਭਾਰੀ ਜਾਨੀ ਨੁਕਸਾਨ ਹੋਇਆ। ਜ਼ਖ਼ਮੀਆਂ ਵਿਚ ਅੰਗਰੇਜ਼ਾਂ ਦੇ ੪੮ ਉੱਚ ਅਧਿਕਾਰੀ ਅਤੇ ੬੦੯ ਸਿਪਾਹੀ ਸ਼ਾਮਲ ਸਨ। ਮੁੱਦਕੀ ਅਤੇ ਆਸ-ਪਾਸ ਦੇ ਪਿੰਡ ਖਾਲੀ ਹੋ ਚੁੱਕੇ ਸਨ, ਇਸ ਲਈ ਸਿੱਖ ਫ਼ੌਜੀਆਂ ਦੀਆਂ

ਲਾਸ਼ਾਂ ਉੱਥੇ ਹੀ ਰੁਲਦੀਆਂ ਰਹੀਆਂ ਸਨ। ਅੰਗਰੇਜ਼ਾਂ ਨੇ ਤਾਂ ਆਪਣੇ ਜ਼ਖ਼ਮੀ ਸਾਂਭਦੇ ਹੋਏ ਆਪਣੇ ਮੁਰਦਿਆਂ ਦੀਆਂ ਅੰਤਮ ਰਸਮਾਂ ਕਰ ਦਿੱਤੀਆਂ ਸਨ, ਪਰ ਦੇਸ਼-ਭਗਤੀ ਖਾਤਰ ਸ਼ਹੀਦ ਹੋਏ ਪੰਜਾਬੀਆਂ ਦੀ ਕਿਸੇ ਸਾਰ ਨਾ ਲਈ। ਅੰਗਰੇਜ਼ ਸਿਵਲ ਅਧਿਕਾਰੀ ਰੋਬਰਟ ਕੱਸਟ, ਗਵਰਨਰ ਜਨਰਲ ਦੇ ਕਾਫਲੇ ਨਾਲ ਵਾਪਸ ਪਰਤਦਾ ਹੋਇਆ ੨੭ ਮਾਰਚ, ੧੮੪੬ ਈ. ਨੂੰ ਜਦ ਫੀਰੋਜਸ਼ਾਹ ਤੇ ਮੁੱਦਕੀ ਪਾਸੋਂ ਲੰਘਿਆ ਤਾਂ ਇਨ੍ਹਾਂ ਗਲ-ਸੜ ਰਹੀਆਂ ਲਾਸ਼ਾਂ ਦੇ ਦਰਦਨਾਕ ਦ੍ਰਿਸ਼ ਨੂੰ ਵੇਖਦਾ ਹੋਇਆ ਤੜਫ ਉੱਠਿਆ ਸੀ। (ਰੋਬਰਟ ਕੱਸਟ, *ਦੀ ਹਿਸਟਰੀ ਆਫ਼ ਕੋਨਕੁਐਸਟ ਆਫ਼ ਦੀ ਪੰਜਾਬ*, ਸਫਾ ੪੭-੪੮) ਕਈ ਮਹੀਨਿਆਂ ਬਾਅਦ ਜਦ ਮੁੱਦਕੀ ਦੇ ਲੋਕ ਘਰਾਂ ਨੂੰ ਪਰਤੇ ਤਾਂ ਬਿਰਧ ਬਾਬਾ ਮਸਤਾਨ ਸਿੰਘ ਜੈਲਦਾਰ ਪਿੰਡ ਮੁੱਦਕੀ ਦੀ ਗਵਾਹੀ ਅਨੁਸਾਰ ਜੋ ਕੋਈ ੪੦੦ ਸਿੱਖ ਫ਼ੌਜੀ ਮਾਰੇ ਗਏ ਸਨ, ਦੇ ਕਰੰਗਾਂ ਨੂੰ ਦੋ ਵੱਡੇ-ਵੱਡੇ ਸਿਵਿਆਂ ਵਿਚ ਇਕੱਠੇ ਕਰ ਕੇ ਸਸਕਾਰ ਕੀਤਾ ਗਿਆ ਸੀ। (ਹਵਾਲਾ: ਕਰਮ ਸਿੰਘ, 'ਹਿਸਟੋਰੀਅਨ, *ਇਤਿਹਾਸਕ ਖੋਜ*', ਭਾਗ ਦੂਜਾ, ਸਫਾ ੩੮-੩੯)। ਸ. ਅਮਰਪਾਲ ਸਿੰਘ ਆਪਣੀ ਕਿਤਾਬ ਵਿਚ ਮਾਰੇ ਗਏ ਜਾਂ ਸਖਤ ਜ਼ਖ਼ਮੀ ਸਿੱਖ ਫ਼ੌਜੀਆਂ ਦੀ ਗਿਣਤੀ ੩੦੦ ਦੇ ਕਰੀਬ ਲਿਖਦੇ ਹਨ। ਉਨ੍ਹਾਂ ਮੁਤਾਬਿਕ ਮਰ ਰਹੇ ਜ਼ਖ਼ਮੀਆਂ ਨੇ ਅੰਗਰੇਜ਼ਾਂ ਤੋਂ ਮਦਦ ਦੀ ਭੀਖ ਨਾ ਮੰਗੀ ਅਤੇ ਗ੍ਰਿਫਤਾਰੀ ਦੀ ਜਗ੍ਹਾ ਲੜਾਈ ਦੇ ਮੈਦਾਨ ਵਿਚ ਹੀ ਮੌਤ ਨੂੰ ਗਲੇ ਲਾਉਣਾ ਆਪਣੀ ਸ਼ਾਨ ਸਮਝਿਆ ਸੀ। (*'ਦੀ ਫਸਟ ਐਂਗਲੋ-ਸਿੱਖ ਵਾਰ'*, ਸਫਾ ੫੪)

ਸਰੋਤ ਪੁਸਤਕਾਂ:


੧. *ਸਿਕਸ ਬੈਟਲ ਫਾਰ ਇੰਡੀਆ*, ਦੀ ਐਂਗਲੋ-ਸਿੱਖ ਵਾਰਜ਼: ਜਾਰਜ ਬਰੂਸ

੨. *ਕਰੀਅਰ ਆਫ਼ ਮੇਜਰ ਜੋਰਜ ਬ੍ਰਾਡਫੁਟ,*: ਡਬਲਯੂ ਬ੍ਰਾਡਫੁਟ

੩. *ਦੀ ਪੰਜਾਬ ਪਾਇਨੀਅਰ ਫ੍ਰੀਡਮ ਫਾਈਟਰਜ਼,*: ਐਮ.ਐਲ. ਆਹਲੂਵਾਲੀਆ ਤੇ ਕ੍ਰਿਪਾਲ ਸਿੰਘ

੪. *ਜੰਗ ਹਿੰਦ ਪੰਜਾਬ ਦਾ,*: ਹਰਭਜਨ ਸਿੰਘ (ਚੀਮਾ)

੫. *ਏ ਹਿਸਟਰੀ ਆਫ਼ ਦੀ ਸਿੱਖਜ਼, :* ਜੇ.ਡੀ. ਕਨਿੰਘਮ

੬. *ਪ੍ਰਾਈਵੇਟ ਕੋਰਸਪਾਉਂਡੈਂਸ ਰੀਲੇਟਿੰਗ ਟੂ ਐਂਗਲੋ-ਸਿੱਖ ਵਾਰਜ਼, :* ਡਾ. ਗੰਡਾ ਸਿੰਘ

੭. *ਵਾਕਿਆਏ-ਜੰਗ-ਏ-ਸਿੱਖਾਂ, :* ਦੀਵਾਨ ਅਯੁੱਧਿਆ ਪ੍ਰਸਾਦ

੮. *ਦੀ ਹੀਰੋ ਆਫ਼ ਦਿੱਹਲੀ,*: ਪੀਅਰਸਨ ਹੈਸਕਥ

੯. *ਦੀ ਫਸਟ ਐਂਡ ਸੈਕੰਡ ਸਿੱਖ ਵਾਰਜ਼,*: ਕਰਨਲ ਆਰ.ਜੀ. ਬਰਟਨ

੧੦. *ਗੁਲਸ਼ਨ-ਏ-ਪੰਜਾਬ, :* ਪੰਡਤ ਦੇਵੀ ਪ੍ਰਸਾਦ

੧੧. *ਦੀ ਡੀਸੀਸਿਵ ਬੈਟਲ ਆਫ਼ ਇੰਡੀਆ,* ਕਰਨਲ ਜੀ.ਬੀ. ਮਾਲੇਸਨ

੧੨. *ਦੀ ਪੰਜਾਬ ਇਨ ਪੀਸ ਐਂਡ ਵਾਰਜ਼, :* ਐਸ.ਐਸ. ਥੋਰਬਰਨ

੧੩. *੧੮੫੭ ਮਿੱਥ ਐਂਡ ਰੀਐਲਟੀ, :* ਸ. ਜੋਗਿੰਦਰ ਸਿੰਘ

੧੪. *ਦੀ ਹਿਸਟਰੀ ਆਫ਼ ਦੀ ਕੋਨਕੁਐਸਟ ਆਫ਼ ਦੀ ਪੰਜਾਬ:* ਰੋਬਰਟ ਕੱਸਟ

੧੫. *ਇਤਿਹਾਸਕ ਖੋਜ ਭਾਗ ਦੂਜਾ:* ਸ. ਕਰਮ ਸਿੰਘ ਹਿਸਟੋਰੀਅਨ

੧੬. *ਦੀ ਫਸਟ ਐਂਗਲੋ-ਸਿੱਖ ਵਾਰ* : ਸ. ਅਮਰਪਾਲ ਸਿੰਘ


■

# ਦਾਸਤਾਨ-ਏ-ਦਸਤਾਰ

*-ਸ. ਅਮਨਦੀਪ ਸਿੰਘ**

ਭਾਵੇਂ ਕਿ ਨਿਸ਼ਚਿਤ ਤੌਰ 'ਤੇ ਇਹ ਕਹਿਣਾ ਤਾਂ ਔਖਾ ਹੈ ਕਿ ਦਸਤਾਰ ਦੀ ਸ਼ੁਰੂਆਤ ਕਦੋਂ ਅਤੇ ਕਿਵੇਂ ਹੋਈ ਪ੍ਰੰਤੂ ਪ੍ਰਾਪਤ ਖੋਜ ਸਾਧਨਾਂ ਤੋਂ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਦਸਤਾਰ ਕਿਸੇ ਨਾ ਕਿਸੇ ਰੂਪ ਵਿਚ ਈਸਾ ਮਸੀਹ ਤੋਂ ਹਜ਼ਾਰਾਂ ਸਾਲ ਪਹਿਲਾਂ ਬੱਝਣੀ ਸ਼ੁਰੂ ਹੋ ਚੁੱਕੀ ਸੀ। ਡਾ. ਗੌਤਮ ਚੈਟਰਜੀ ਦੀ ਖੋਜ ਅਨੁਸਾਰ ਪੱਗੜੀ (ਦਸਤਾਰ) ਦੁਨੀਆ ਨੂੰ ਭਾਰਤ ਦੀ ਦੇਣ ਹੈ ਤੇ ਇਸ ਦੇ ਸਭ ਤੋਂ ਪੁਰਾਣੇ ਪ੍ਰਮਾਣ ਭਰਹੂਤ, ਭਜਾ, ਬੋਧ-ਗਯਾ, ਸਾਂਚੀ, ਮਥੁਰਾ ਅਤੇ ਮਹਾਂਬਲੀਪੁਰਮ ਸਥਾਨਾਂ ਦੇ ਪੱਥਰ ਚਿੱਤਰਾਂ ਅਤੇ ਮੂਰਤੀਆਂ ਤੋਂ ਪੁਰਾਤੱਤਵ ਵਿਭਾਗ ਨੇ ਖੋਜੇ ਹਨ। ਬਸਤਰ ਇਤਿਹਾਸ ਦੇ ਮਹਾਨ ਖੋਜੀ ਡਾ. ਜੀ.ਐੱਸ. ਗੁਰੀਆ ਅਨੁਸਾਰ: "ਹਿੰਦੁਸਤਾਨੀ ਇਸਤਰੀਆਂ ਵੀ ਮਰਦਾਂ ਵਾਂਗ ਸਿਰ 'ਤੇ ਪੱਗੜੀ ਬੰਨਦੀਆਂ ਸਨ, ਭਾਵੇਂ ਕਿ ਉਨ੍ਹਾਂ ਦਾ ਪੱਗੜੀ ਸਟਾਈਲ ਵੱਖਰਾ ਹੁੰਦਾ ਸੀ।" ਬਾਣਭੱਟ ਦੀ ਕ੍ਰਿਤ 'ਕਦੰਬਰੀ' ਵਿਚ ਵੀ ਦਸਤਾਰ ਦਾ ਉੱਲੇਖ ਹੈ।

ਦਸਤਾਰ ਫ਼ਾਰਸੀ ਦਾ ਲਫਜ਼ ਹੈ, ਜਿਸ ਦਾ ਭਾਵ ਹੈ "ਹੱਥਾਂ ਨਾਲ ਸਵਾਰ ਕੇ ਬੰਨਿਆ ਹੋਇਆ ਬਸਤਰ।" ਦਸਤਾਰ ਲਈ ਬਹੁਤ ਸਾਰੇ ਨਾਂ ਵੱਖ-ਵੱਖ ਜ਼ੁਬਾਨਾਂ ਅਤੇ ਧਰਮਾਂ ਵੱਲੋਂ ਰੱਖੇ ਮਿਲਦੇ ਹਨ ਜਿਵੇਂ ਇਮਾਮਾ, ਪੱਗ, ਸਾਫਾ, ਚਮਲਾ, ਚੀਰਾ, ਦੁਲਬੰਦ, ਉਸ਼ਣੀਕ, ਟਰਬਨ, ਤੁਰਬਾਂ ਆਦਿ। ਪੱਗ ਨੂੰ ਪੰਜਾਬੀ ਵਿਚ ਸਾਫ਼ਾ, ਪੱਗੜੀ ਜਾਂ ਦਸਤਾਰ ਆਖਿਆ ਜਾਂਦਾ ਹੈ। ਫ਼ਾਰਸੀ ਵਿਚ ਦੁਲਬੰਦ ਤੁਰਕੀ ਭਾਸ਼ਾ ਵਿਚ 'ਤਾਰਬਸ਼' ਆਖਿਆ ਜਾਂਦਾ ਹੈ। ਅਸਲ ਵਿਚ ਪੰਜਾਬੀ ਦਾ ਸ਼ਬਦ ਦਸਤਾਰ ਦੁਲਬੰਦ ਤੋਂ ਅਤੇ ਦੁਲਬੰਦ ਸ਼ਬਦ ਤਾਰਬੁਸ਼ ਤੋਂ ਪੈਦਾ ਹੋਇਆ ਹੈ। ਇਸ ਨੂੰ ਅੰਗਰੇਜ਼ੀ ਵਿਚ 'ਟਰਬਨ' ਫਰਾਂਸੀਸੀ ਵਿਚ 'ਟਬੰਦ' ਜਰਮਨ, ਸਪੇਨ, ਪੁਰਤਗੇਜੀ, ਇਤਾਲਵੀ ਵਿਚ 'ਟਰਬਾਂਦੇ' ਰੁਮਾਨੀ ਵਿਚ 'ਤੂਲੀਪਾਨ' ਈਰਾਨੀ ਵਿਚ 'ਸੁਰਬੰਦ' ਅਤੇ ਮਲਾਈ ਵਿਚ 'ਸਰਬਨ' ਆਖਿਆ ਜਾਂਦਾ ਹੈ। ਸੋ ਦਸਤਾਰ ਨੂੰ ਵੱਖ-ਵੱਖ ਦੇਸ਼ਾਂ ਵਿਚ ਵੱਖ-ਵੱਖ ਨਾਵਾਂ ਨਾਲ ਜਾਣਿਆ ਜਾਂਦਾ ਹੈ।

ਸਿੱਖ ਧਰਮ ਤੋਂ ਬਿਨਾਂ ਹੋਰ ਬਹੁਤ ਸਾਰੇ ਧਰਮਾਂ ਵਿਚ ਦਸਤਾਰ ਸਜਾਉਣ ਦਾ ਰਿਵਾਜ ਹੈ। ਧਾਰਮਿਕ ਅਤੇ ਸਮਾਜਿਕ ਪੱਖ ਤੋਂ ਮਹੱਤਵਪੂਰਨ ਵੀ ਮੰਨੀ ਜਾਂਦੀ ਹੈ ਸੰਸਾਰ ਦੇ ਮੁੱਖ ਧਰਮਾਂ ਵਿਚ ਪ੍ਰਭੂ ਦਰਬਾਰ ਵਿਚ ਹਾਜ਼ਰੀ ਸਮੇਂ ਸਿਰ ਉੱਪਰ ਦਸਤਾਰ ਸਜਾਉਣਾ ਜ਼ਰੂਰੀ ਸਮਝਿਆ ਗਿਆ ਹੈ। ਬਾਕੀ ਧਰਮਾਂ ਨਾਲੋਂ ਸਭ ਤੋਂ ਪਹਿਲਾਂ ਇਸਲਾਮ ਧਰਮ ਦਾ ਜ਼ਿਕਰ ਕਰਨਾ ਜ਼ਰੂਰੀ ਹੈ। ਇਸਲਾਮ ਧਰਮ ਵਿਚ ਨਮਾਜ਼

**ਮਕਾਨ ਨੰ-੬੭, ਪਿੰਡ ਉਪਲੀ, ਮਾਹਲ ਪੱਤੀ, ਤਹਿ ਤੇ ਜ਼ਿਲ੍ਹਾ ਬਰਨਾਲਾ। ਮੋ: +੯੧੯੧੪੬੭-੧੫੭੯੧*

ਅਦਾ ਕਰਨ ਸਮੇਂ ਸਿਰ 'ਤੇ ਬਸਤਰ ਹੋਣਾ ਜ਼ਰੂਰੀ ਹੈ। ਹਜ਼ਰਤ ਮੁਹੰਮਦ ਸਾਹਿਬ ਆਪ ਖ਼ੁਦ ਪੱਗ ਬੰਨਦੇ ਹੀ ਨਹੀਂ ਸਨ, ਸਗੋਂ ਪੱਗਾਂ ਦਾ ਵਪਾਰ ਵੀ ਕਰਦੇ ਸਨ। ਅਰਬ ਦੇਸ਼ਾਂ ਦੇ ਮੁਸਲਮਾਨ ਦਸਤਾਰ ਨੂੰ ਤਾਜ ਕਹਿੰਦੇ ਹਨ। ਕਈ ਮੁਸਲਮਾਨ ਜਦੋਂ ਆਪਣੇ ਬਾਦਸ਼ਾਹਾਂ ਨੂੰ ਦਫ਼ਨ ਕਰਦੇ ਸਨ ਤਾਂ ਉਨ੍ਹਾਂ ਦੀਆਂ ਕਬਰਾਂ ਵਿਚ ਪੱਗਾਂ ਵੀ ਰੱਖੀਆਂ ਜਾਂਦੀਆਂ ਸਨ। ਪਾਕਿਸਤਾਨ ਦੇ ਮੁਸਲਮਾਨ ਨੇਤਾ ਅੱਜ ਵੀ ਪੱਗ ਬੰਨਦੇ ਹਨ। ਜਦੋਂ ਮੁਸਲਮਾਨ ਹੱਜ 'ਤੇ ਜਾਂਦੇ ਹਨ ਤਾਂ ਪੱਗ ਬੰਨ੍ਹ ਕੇ ਜਾਣਾ ਉਹ ਚੰਗਾ ਸਮਝਦੇ ਹਨ। "ਇਨਸਾਈਕਲੋਪੀਡੀਆ ਆਫ ਇਸਲਾਮ" ਸਫਾ ੯੪ ਅਨੁਸਾਰ ਤੁਰਕੀ ਸੀਰੀਆ, ਮਿਸਰ ਆਦਿ ਦੇਸ਼ਾਂ ਵਿਚ ਪੱਗ ਦਾ ਬਹੁਤ ਸਤਿਕਾਰ ਸੀ। ਵਿਸ਼ਵ ਬੁੱਕ 'ਇਨਸਾਈਕਲੋਪੀਡੀਆ' ਭਾਗ ੧੪ ਦੇ ਅਨੁਸਾਰ:- "ਇੱਕ ਤੁਰਕੀ ਦਾ ਸੁਲਤਾਨ ਪੱਗ ਉੱਪਰ ਸਾਰਸ ਦੇ ਤਿੰਨ ਖੰਭ ਲਾਉਂਦਾ ਸੀ ਅਤੇ ਕੀਮਤੀ ਹੀਰੇ ਸਜਾਉਂਦਾ ਸੀ। ਉਸ ਦੇ ਸ਼ਾਹੀ ਵਜ਼ੀਰ ਦੋ ਖੰਭ ਜਦਕਿ ਸਧਾਰਨ ਸਰਕਾਰੀ ਅਫ਼ਸਰ ਸਿਰਫ਼ ਇੱਕ ਖੰਭ ਲਗਾਉਂਦੇ ਸਨ।"

ਈਸਾਈ ਧਰਮ ਦੀ ਧਾਰਮਿਕ ਪੁਸਤਕ 'ਬਾਈਬਲ' ਵਿਚ ਪੱਗ ਬੰਨ੍ਹਣ ਦਾ ਜ਼ਿਕਰ ਅਨੇਕਾਂ ਵਾਰ ਆਉਂਦਾ ਹੈ, ਜਿਸ ਤੋਂ ਜ਼ਾਹਿਰ ਹੈ ਕਿ ਈਸਾ ਮਸੀਹ ਤੋਂ ੧੩੦੦ ਸਾਲ ਪਹਿਲਾਂ ਤੋਂ ਯਹੂਦੀ ਤੇ ਇਸਰਾਇਲੀ ਲੋਕ ਪੱਗਾਂ ਸਜਾਉਂਦੇ ਸਨ ਅਤੇ ਅਜਿਹਾ ਪਰਮਾਤਮਾ ਦੇ ਹੁਕਮ ਅਨੁਸਾਰ ਹੀ ਸੀ। ਦਸਤਾਰ ਯਹੂਦੀ ਪਾਦਰੀਆਂ ਦੀ ਯੂਨੀਫਾਰਮ ਦਾ ਇੱਕ ਅਹਿਮ ਹਿੱਸਾ ਸੀ, ਜਿਸ ਦਾ ਜ਼ਿਕਰ ਯਹੂਦੀਆਂ ਅਤੇ ਈਸਾਈਆਂ ਦੀ ਧਰਮ ਪੁਸਤਕ ਬਾਈਬਲ ਵਿਚ ਮਿਲਦਾ ਹੈ ਕਿ ਮਨੁੱਖ ਨੂੰ ਮਲਮਲ ਦੀ ਦਸਤਾਰ ਸਜਾ ਕੇ ਦਰਬਾਰ ਵਿਚ ਜਾਣਾ ਚਾਹੀਦਾ ਹੈ। ਬਾਈਬਲ ਦੀ ਪੋਥੀ ਕੂਚ ਦੇ ੨੮ ਨੰਬਰ ਪੰਨੇ 'ਤੇ ਅੰਕਿਤ ਹੈ:- ਤੂੰ ਆਪਣੇ ਭਰਾ ਲਈ ਪੂਰੋਹਿਤਾਈ ਦੇ ਕੱਪੜੇ ਬਣਾ, ਜੋ ਵੇਖਣ ਵਿਚ ਗੌਰਵਸ਼ਾਲੀ ਅਤੇ ਸੁੰਦਰ ਹੋਣ ਉਹ ਕੱਪੜੇ ਇਹ ਹਨ:- ਛਾਤੀ ਤੇ ਬੰਨ੍ਹਣ ਵਾਲਾ ਪਟਕਾ, ਇੱਕ ਟਿਊਨਿਕ, ਇੱਕ ਕੱਢਿਆ ਹੋਇਆ ਕੁੜਤਾ, ਇੱਕ ਪਗੜੀ ਅਤੇ ਇੱਕ ਲੱਕ ਦੁਆਲੇ ਬੰਨਣ ਵਾਲੀ ਪੇਟੀ . . .। ਈਸਾਈ ਧਰਮ ਵਿਚ ਵੱਖ-ਵੱਖ ਸਮੇਂ, ਰਾਜਗੱਦੀ ਸਮੇਂ ਅਤੇ ਹੋਰ ਅਜਿਹੀਆਂ ਰਸਮਾਂ ਸਮੇਂ ਪੱਗ ਬੰਨਣੀ ਲਾਜ਼ਮੀ ਸੀ। ਬਾਈਬਲ ਵਿਚ ਜ਼ਿਕਰ ਹੈ ਕਿ ਬੇਬੀਲੋਨੀਆਂ ਦੇ ਜੁਆਨਾਂ ਦੀਆਂ ਦਾੜੀਆਂ ਅਤੇ ਪੱਗਾਂ ਨਾਲ ਸਜੀਆਂ ਸ਼ਖ਼ਸੀਅਤਾਂ ਦੇ ਕੰਧ-ਚਿੱਤਰ ਜਦ ਦੂਰ ਬੈਠੀਆਂ ਇਸਤਰੀਆਂ ਨੇ ਦੇਖੇ ਤਾਂ ਉਹ ਮੰਤਰ-ਮੁਗਧ ਹੋ ਗਈਆਂ।

ਹਿੰਦੂ ਧਰਮ ਵਿਚ ਧਾਰਮਿਕ ਰਸਮਾਂ ਸਮੇਂ ਸਿਰ ਉੱਪਰ ਦਸਤਾਰ ਦਾ ਹੋਣਾ ਜ਼ਰੂਰੀ ਸੀ, ਜਿਵੇਂ ਕਿ ਪਿਤਾ ਦੇ ਮਰਨ ਤੋਂ ਬਾਅਦ ਘਰ ਦੇ ਵੱਡੇ ਪੁੱਤਰ ਨੂੰ ਪੱਗ ਬੰਨ੍ਹਣ ਦੀ ਰਸਮ ਕੀਤੀ ਜਾਂਦੀ ਸੀ। ਜਦੋਂ ਵੀ ਕਿਸੇ ਹਿੰਦੂ ਪਰਵਾਰ ਵਿਚ ਵਿਆਹ ਹੁੰਦਾ ਤਾਂ ਲਾੜੇ ਦੇ ਸਿਰ 'ਤੇ ਪੱਗ ਜ਼ਰੂਰ ਸਜਾਈ ਜਾਂਦੀ ਸੀ। ਇਸ ਸ਼ੁਭ ਅਵਸਰ 'ਤੇ ਹੋਰ ਪ੍ਰਮੁੱਖ ਰਿਸ਼ਤੇਦਾਰ ਵੀ ਪੱਗ ਬੰਨ੍ਹਣੀ ਜ਼ਰੂਰੀ ਸਮਝਦੇ ਸਨ। ਰਿਗਵੇਦ ਦੇ ਜ਼ਮਾਨੇ ਵਿਚ ਵੀ ਯੱਗ ਪੂਜਾ ਸਮੇਂ ਵੱਖ-ਵੱਖ ਰੰਗਾਂ ਦੇ ਸਿਰ-ਪਹਿਰਾਵੇ ਦਾ ਜ਼ਿਕਰ ਮਿਲਦਾ ਹੈ ਜਿਸ

ਨੂੰ ਸੰਸਕ੍ਰਿਤ ਭਾਸ਼ਾ ਵਿਚ ਸਿਰੋਸ਼ਤਾਰਾ ਕਹਿੰਦੇ ਹਨ।

ਸਿੱਖ ਧਰਮ ਵਿਚ ਦਸਤਾਰ ਦੇ ਸਤਿਕਾਰ ਦੀ ਕਹਾਣੀ ਸਿੱਖ ਧਰਮ ਜਿੰਨੀ ਹੀ ਪੁਰਾਣੀ ਹੈ। ਸਿੱਖ ਧਰਮ ਦੇ ਸੰਸਥਾਪਕ ਸ੍ਰੀ ਗੁਰੂ ਨਾਨਕ ਸਾਹਿਬ ਜੀ ਨੂੰ ਜਦੋਂ ਪਾਂਧੇ ਪਾਸ ਪੜ੍ਹਨ ਲਈ ਭੇਜਿਆ ਤਾਂ ਉਸ ਸਮੇਂ ਵੀ ਗੁਰੂ ਸਾਹਿਬ ਦੇ ਸਿਰ ਉੱਪਰ ਸੁੰਦਰ ਦਸਤਾਰ ਸਜਾਈ ਹੋਈ ਸੀ। ਇਸ ਬਾਰੇ ਕਵੀ ਸੰਤੋਖ ਸਿੰਘ ਜੀ ਚੂੜਾਮਣੀ ਨੇ 'ਸ੍ਰੀ ਨਾਨਕ ਪ੍ਰਕਾਸ਼' ਵਿਚ ਜ਼ਿਕਰ ਕੀਤਾ ਹੈ ਕਿ:-

*ਜਲ ਲੋਚਨ ਕੰਜ ਬਿਸਾਲ ਭਲੇ ਸਿਰ ਪੈ ਉਸਨੀਕਹਿ ਨੀਕ ਬਨ੍ਹਾਈ।*<br>*ਚਟਸਾਰ ਜਹਾਂ ਅਤਿ ਚਾਰ ਬਨੀ ਬਹੁ ਬਾਰਿਕ ਬਾਰਹਿ ਬਾਰ ਅਲਾਈ।*

ਸ੍ਰੀ ਗੁਰੂ ਅੰਗਦ ਦੇਵ ਜੀ ਦੀ ਸੇਵਾ ਵਿਚ ਸ੍ਰੀ ਗੁਰੂ ਅਮਰਦਾਸ ਜੀ ਤਤਪਰ ਰਹਿੰਦੇ ਸਨ, ਉਨ੍ਹਾਂ ਨੂੰ ਸ੍ਰੀ ਗੁਰੂ ਅੰਗਦ ਦੇਵ ਜੀ ਹਰ ਸਾਲ ਦਸਤਾਰ ਦਾ ਸਿਰੋਪਾਓ ਦਿੰਦੇ ਸਨ। ਸ਼ਾਹ ਜ਼ਹਾਂਗੀਰ ਦੇ ਮੁਕਾਬਲੇ 'ਤੇ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਦਰਬਾਰੀ ਕਵੀ ਢਾਡੀ ਨੱਥੇ ਅਤੇ ਅਬਦੁੱਲੇ ਨੇ ਉਨ੍ਹਾਂ ਦੀ ਪਗੜੀ ਨੂੰ ਸੋਹਣੇ ਬੰਧੇਜ ਦੀ ਨਿਸ਼ਾਨੀ ਸਮਝ ਕੇ ਇੰਨ੍ਹਾਂ ਸ਼ਬਦਾਂ ਨਾਲ ਸਲਾਹਿਆ ਹੈ:

*ਦੋ ਤਲਵਾਰਾਂ ਬੱਧੀਆਂ ਇੱਕ ਮੀਰ ਦੀ ਇੱਕ ਪੀਰ ਦੀ ।*<br>*ਇੱਕ ਅਜਮਤ ਦੀ ਇੱਕ ਰਾਜ ਦੀ, ਇੱਕ ਰਾਖੀ ਕਰੇ ਵਜ਼ੀਰ ਦੀ . . .*<br>*ਪੱਗ ਤੇਰੀ, ਕੀ ਜਹਾਂਗੀਰ ਦੀ।*

੧੬੯੯ ਈਸਵੀ ਵਿਚ ਜਦੋਂ ਖਾਲਸਾ ਪੰਥ ਸਾਜਿਆ ਤਾਂ ਰਹਿਤਨਾਮਿਆਂ ਅਨੁਸਾਰ ਦਸਤਾਰ ਸਿੱਖ ਪੰਥ ਦਾ ਇਕ ਲਾਜ਼ਮੀ ਅੰਗ ਕਰਾਰ ਦਿੱਤੀ ਗਈ ਤੇ ਹੁਕਮ ਦਿੱਤਾ ਕਿ "ਜੋ ਸਿੱਖ ਦਸਤਾਰ ਹੀਨ ਅਥਵਾ ਨੰਗੇ ਸਿਰ ਰਹੇ ਸੋ ਤਨਖਾਹੀਆ।" ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਨੇ *"ਸਾਬਤ ਸੂਰਤਿ ਦਸਤਾਰ ਸਿਰਾ॥"* ਕਹਿ ਕੇ ਦਸਤਾਰ ਦੀ ਮਹਿਮਾਂ ਕੀਤੀ ਗਈ ਹੈ। ਇਨਸਾਈਕਲੋਪੀਡੀਆ ਆਫ ਬਰਟੈਨਿਕਾ ਅਨੁਸਾਰ: ਹਿੰਦੋਸਤਾਨੀ ਪੱਗ ਦੀ ਗੱਲ ਕਰਦਿਆਂ ਕਈ ਪੱਗ ਸਟਾਈਲਾਂ ਦੀ ਪੱਗ ਦਾ ਜ਼ਿਕਰ ਕਰਦਾ ਹੈ। ਪੱਗ ਅਰਬੀ, ਮਨਸਬੀ, ਮੁਸੈਖੀ, ਚਕਰੀਦਾਰ ਅਤੇ ਖਿੜਕੀਦਾਰ ਵੀ ਹੋ ਸਕਦੀ ਹੈ। ਇਸ ਤੋਂ ਇਲਾਵਾ ਪੱਗ ਲਾਟੂਦਾਰ, ਜੋੜੀਦਾਰ, ਸਿਪਰਾਲੀ, ਮੁੜੱਸਾ ਅਤੇ ਲਟਾਪਟੀ ਵੀ ਹੋ ਸਕਦੀ ਹੈ।ਇੱਕ ਅੰਗਰੇਜ਼ ਵਿਦਵਾਨ ਅਨੁਸਾਰ ਪੂਰਬੀ ਮੁਲਕਾਂ ਵਿਚ ਪੱਗ ਬੰਨਣ ਦੇ ਘੱਟੋ-ਘੱਟ ਇੱਕ ਹਜ਼ਾਰ ਸਟਾਈਲ ਹਨ।

ਦਸਤਾਰ ਹਰ ਇੱਕ ਵਿਅਕਤੀ ਦੀ ਇੱਜ਼ਤ ਹੁੰਦੀ ਹੈ। ਜਿਸ ਦੇ ਸਿਰ ਉੱਪਰ ਪੱਗ ਨਹੀਂ ਉਸ ਦੀ ਇੱਜ਼ਤ ਵੀ ਨਹੀਂ। ਇਸ ਗੱਲ ਦਾ ਪ੍ਰਮਾਣ ਸਾਡੇ ਅਮੀਰ ਸੱਭਿਆਚਾਰ ਵਿੱਚੋਂ ਵੀ ਮਿਲਦਾ ਹੈ , ਜਿਵੇਂ ਕੁਝ ਮੁਹਾਵਰੇ ਸੁਣਨ ਵਿਚ ਆਉਂਦੇ ਹਨ ਕਿ :- ਮੇਰੀ ਪੱਗ ਨਾ ਰੋਲ਼ੀਂ, ਪੱਗ 'ਤੇ ਦਾਗ ਨਾ ਲੱਗਣ ਦੇਵੀਂ, ਪੱਗ ਦੀ ਲਾਜ ਰੱਖੀਂ, ਪੱਗ ਨਾ ਲਹਿਣ ਦੇਈਂ ਆਦਿ। ਪੈਰਾਂ ਵਿਚ ਪੱਗ ਰੱਖਣ ਨੂੰ ਮਾਫੀ ਮੰਗਣ ਦਾ ਅਹਿਸਾਸ ਸਮਝਿਆ ਜਾਂਦਾ ਹੈ ਸਿਰ 'ਤੇ ਪੱਗ ਰੱਖਣ ਨੂੰ ਇੱਜ਼ਤ ਰੱਖੀ ਸਮਝਿਆ

ਜਾਂਦਾ ਹੈ। ਇੱਕ ਪ੍ਰਸਿੱਧ ਗੀਤ ਜੋ ਕਵੀ ਲਾਲਾ ਬਾਂਕੇ ਦਿਆਲ ਨੇ ਲਿਖਿਆ "ਪਗੜੀ ਸੰਭਾਲ ਜੱਟਾ, ਪਗੜੀ ਸੰਭਾਲ ਓਏ!" ਇਸ ਗੀਤ ਤੋਂ ਪੱਗ ਇੱਜ਼ਤ ਜਾਂ ਸਰਦਾਰੀ ਦੇ ਪ੍ਰਤੀਕ ਹੋਣ ਦਾ ਪ੍ਰਤੱਖ ਪ੍ਰਮਾਣ ਮਿਲਦਾ ਹੈ। ਇਕ ਪੁਰਾਣਾ ਅਖਾਣ ਹੈ ਕਿ ਜੇਕਰ ਕਿਸੇ ਵਿਅਕਤੀ ਦੀ ਪਹਿਚਾਣ ਕਰਨੀ ਹੋਵੇ ਤਾਂ ਉਸ ਵਿਅਕਤੀ ਦੀ ਪਹਿਚਾਣ ਰਫ਼ਤਾਰ, ਗੁਫ਼ਤਾਰ ਅਤੇ ਦਸਤਾਰ ਤੋਂ ਕੀਤੀ ਜਾ ਸਕਦੀ ਹੈ।

ਉਪਰੋਕਤ ਤੋਂ ਸਪਸ਼ਟ ਹੈ ਕਿ ਦਸਤਾਰ (ਪੱਗ) ਸਦਾ ਹੀ ਇੱਜ਼ਤ ਸਤਿਕਾਰ ਅਤੇ ਭਰੋਸੇ ਦਾ ਚਿੰਨ੍ਹ ਹੈ। ਸ਼ੇਖ ਸਾਅਦੀ ਈਰਾਨ ਦਾ ਮੁਖੀ ਸਾਹਿਤਕਾਰ ਪੱਗ ਨੂੰ ਕੇਵਲ ਲਿਬਾਸ ਦਾ ਪ੍ਰਤੀਕ ਹੀ ਨਹੀਂ ਮੰਨਦਾ, ਸਗੋਂ ਚੰਗੇ-ਮੰਦੇ ਆਚਰਨ ਦੇ ਅੰਦਾਜ਼ੇ ਦਾ ਇੱਕ ਪੱਖ ਵੀ ਨੀਯਤ ਕਰਦਾ ਹੈ:

*ਮਰਦੁਮ-ਰਾ-ਮੇ ਸਨਾਸਦ ਅਜ, ਰਫਤਾਰੋ ਗਫਤਾਰੋ ਦਸਤਾਰ।*

ਕਵੀ ਨਜ਼ਾਬਤ ਨੇ ਨਾਦਰ ਸ਼ਾਹ ਦੀ ਵਾਰ ਵਿਚ ਵੀ ਪੱਗ ਦਾ ਉਲੇਖ ਕੀਤਾ ਹੈ:-

*ਜਿਨ੍ਹਾਂ ਨੂੰ ਪੱਗ ਦਾੜੀ ਦੀ ਸ਼ਰਮ ਹੈ, ਲੱਜ ਮਾਤ-ਪਿਤਾ ਦੀ।*
*ਦਿੱਤਾ ਗੁਸਲ ਫਰਿਸ਼ਤਿਆਂ ਭੱਜ ਰਲੇ ਜਨਾਜੀ।*

ਅੰਤ ਵਿਚ ਅਸੀਂ ਇਹ ਆਖ ਸਕਦੇ ਹਾਂ ਕਿ ਦਸਤਾਰ ਪੰਜਾਬੀਆਂ ਦੇ ਸੱਭਿਆਚਾਰ ਅਤੇ ਵਿਰਸੇ ਦਾ ਅੰਗ ਹੁੰਦੀ ਹੋਈ ਸ਼ਾਨ ਦੀ ਪ੍ਰਤੀਕ ਹੈ। ਇਹ ਸਿੱਖਾਂ ਲਈ ਜਿੱਥੇ ਖਾਸ ਮਹੱਤਵ ਰੱਖਦੀ ਹੈ, ਉੱਥੇ ਹੋਰਨਾਂ ਧਰਮਾਂ ਵਿਚ ਵੀ ਇਸ ਦਾ ਆਪਣਾ ਸਥਾਨ ਹੈ।

■

## ਜ਼ਿਲ੍ਹਾ ਤਰਨ ਤਾਰਨ ਵਿਖੇ ਗੁਰਮਤਿ ਸਮਾਗਮ

ਭਾਈ ਹੀਰਾ ਸਿੰਘ ਮਨਿਹਾਲਾ ਅਤੇ ਭਾਈ ਗੁਰਬਚਨ ਸਿੰਘ ਕਲਸੀਆਂ ਪ੍ਰਚਾਰਕ ਸਾਹਿਬਾਨ ਵੱਲੋਂ ਪੁੱਜੀ ਰਿਪੋਰਟ ਅਨੁਸਾਰ ਪਿੰਡ ਤੇ ਡਾਕ: ਲਾਖਣਾ, ਤਹਿ ਪੱਟੀ, ਜ਼ਿਲ੍ਹਾ ਤਰਨ ਤਾਰਨ ਸਾਹਿਬ ਵਿਖੇ ੨੦ ਅਤੇ ੨੧ ਅਗਸਤ, ੨੦੧੭ ਨੂੰ ਸਲਾਨਾ ਗੁਰਮਤਿ ਸਮਾਗਮ ਕਰਵਾਇਆ ਗਿਆ। ਇਹ ਸਮਾਗਮ ਗੁਰਦੁਆਰਾ ਬਾਬਾ ਹਰਨਾਮ ਸਿੰਘ ਰੱਤੋਕੇ ਵਾਲਿਆਂ ਦੀ ਪ੍ਰਬੰਧਕ ਕਮੇਟੀ ਅਤੇ ਸੰਗਤਾਂ ਦੇ ਸਹਿਯੋਗ ਨਾਲ ਕਰਵਾਇਆ ਗਿਆ। ੨੨ ਅਗਸਤ, ੨੦੧੭ ਨੂੰ ਹੋਏ ਅੰਮ੍ਰਿਤ-ਸੰਚਾਰ ਸਮਾਗਮ ਵਿਚ ਸ੍ਰੀ ਅਕਾਲ ਤਖਤ ਸਾਹਿਬ ਤੋਂ ਪੁੱਜੇ ਪੰਜ ਪਿਆਰੇ ਸਾਹਿਬਾਨ ਨੇ ੯੪ ਪ੍ਰਾਣੀਆਂ ਨੂੰ ਅੰਮ੍ਰਿਤ-ਛਕਾ ਕੇ ਗੁਰੂ ਵਾਲੇ ਬਣਾਇਆ। ਅੰਮ੍ਰਿਤ-ਅਭਿਲਾਖੀਆਂ ਨੂੰ ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ ਵੱਲੋਂ ਕਕਾਰ ਭੇਟਾ-ਰਹਿਤ ਦਿੱਤੇ ਗਏ।

*ਗਾਗਰ 'ਚ ਸਾਗਰ--੮੧*

# ਪਰਮ ਪੁਰਖ ਕੋ ਦਾਸਾ

*-ਡਾ. ਇੰਦਰਜੀਤ ਸਿੰਘ ਗੋਗੋਆਣੀ**

*ਮੈ ਹੋ ਪਰਮ ਪੁਰਖ ਕੋ ਦਾਸਾ॥ ਦੇਖਨ ਆਯੋ ਜਗਤ ਤਮਾਸਾ॥*
*ਜੋ ਪ੍ਰਭ ਜਗਤਿ ਕਹਾ ਸੋ ਕਹਿਹੋਂ॥ ਮ੍ਰਿਤ ਲੋਕ ਤੇ ਮੋਨ ਨ ਰਹਿਹੋਂ॥*

*(ਬਚਿਤ੍ਰ ਨਾਟਕ)*

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਫ਼ਲਸਫ਼ੇ ਨੂੰ ਸਮਝਣ ਤੇ ਸਮਝਾਉਣ ਲਈ ਸਭ ਤੋਂ ਮੁੱਲਵਾਨ ਰਚਨਾ 'ਬਚਿਤ੍ਰ ਨਾਟਕ' ਹੈ। ਡਾ. ਹਰਭਜਨ ਸਿੰਘ ਅਨੁਸਾਰ "ਬਚਿਤ੍ਰ ਨਾਟਕ ਤੋਂ ਸਤਿਗੁਰਾਂ ਦਾ ਭਾਵ ਬਚਿਤ੍ਰ ਘਟਨਾਵਾਂ ਤੋਂ ਹੈ ਜੋ ਜਗਤ ਦੀ ਉਤਪਤੀ ਤੋਂ ਲੈ ਕੇ ਉਨ੍ਹਾਂ ਦੇ ਸਮੇਂ ਤਕ ਧਰਤੀ ਦੇ ਰੰਗ ਮੰਚ 'ਤੇ ਘਟ ਰਹੀਆਂ ਹਨ।" 'ਮਹਾਨ ਕੋਸ਼' ਦੇ ਕਰਤਾ ਨੇ ਇਸ ਨੂੰ ਅਜੀਬ ਦ੍ਰਿਸ਼ਯਾ ਕਾਵਿ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਕੁਝ ਹਾਲ ਕਿਹਾ ਹੈ।

ਬਚਿਤ੍ਰ ਨਾਟਕ ਵਿਚ ਰਹੱਸਮਈ ਸੰਦੇਸ਼ ਤੇ ਇਤਿਹਾਸ ਹੈ। ਪਰਮ ਪੁਰਖ ਦੇ ਦਾਸ ਕਲਗੀਧਰ ਪਾਤਸ਼ਾਹ ਇਸ ਜਗਤ ਤਮਾਸ਼ੇ ਨੂੰ ਕਿਸ ਦ੍ਰਿਸ਼ਟੀ ਤੋਂ ਦੇਖਦੇ ਹਨ, ਇਹ ਸਮਝਣ ਦੀ ਲੋੜ ਹੈ। ਭੱਟ ਸਾਹਿਬਾਨ ਦੀ ਬਾਣੀ ਵਿਚ ਅੰਕਤ ਹੈ :

*ਕੀਆ ਖੇਲੁ ਬਡ ਮੇਲੁ ਤਮਾਸਾ ਵਾਹਿਗੁਰੂ ਤੇਰੀ ਸਭ ਰਚਨਾ॥ (ਪੰਨਾ ੧੪੦੩)*

ਭਾਵ, ਹੇ ਵਾਹਿਗੁਰੂ! ਤੂੰ ਹੀ ਤੱਤਾਂ ਦਾ ਵੱਡਾ ਸੰਜੋਗ ਕਰ ਕੇ ਜਗਤ ਦਾ ਤਮਾਸ਼ਾ ਜਾਂ ਖੇਲ ਸਿਰਜਿਆ ਹੈ। ਦਾਨਿਆ ਕਥਨ ਹੈ ਕਿ ਨਜ਼ਰ ਸਭਨਾ ਪਾਸ ਹੈ, ਪਰ ਨਜ਼ਰੀਆ ਭਿੰਨ-ਭਿੰਨ ਹੁੰਦਾ ਹੈ। ਜਿਵੇਂ ਅਨੁਭਵੀ ਕਵੀ ਭਾਈ ਵੀਰ ਸਿੰਘ ਨੇ 'ਕਲਗੀਧਰ ਚਮਤਕਾਰ' ਵਿਚ ਪੀਰ ਭੀਖਣ ਸ਼ਾਹ ਦੀ ਕਥਾ ਵਰਣਨ ਕਰਦਿਆਂ ਦੋ ਕੁੱਜੀਆਂ ਵਾਲਾ ਪ੍ਰਸੰਗ ਦਿੱਤਾ ਹੈ ਕਿ ਇਕ ਵਿਚ ਦੁੱਧ ਤੇ ਦੂਜੀ ਵਿਚ ਪਾਣੀ ਪਾ ਕੇ ਦੈਵੀ ਬਾਲਕ ਦੇ ਅੱਗੇ ਕੀਤਾ, ਪਰ ਕੌਤਕਹਾਰ ਬਾਲਕ ਨੇ ਦੋਨੋਂ ਉਲਟਾ ਦਿੱਤੀਆਂ। ਪਾਣੀ ਤੇ ਦੁੱਧ ਡੁੱਲ ਕੇ ਮਿਲ ਕੇ ਇੱਕ ਹੋ ਗਏ। ਪਰਤੱਖ ਉਪਦੇਸ਼ ਦੇ ਦਿੱਤਾ ਕਿ ਤੁਅੱਸਬ ਦੀ ਕੁੱਜੀ ਮੁਸਲਮਾਨਾਂ ਦੀ ਅਰ ਵਰਣਾਸ਼੍ਰਮ ਦੇ ਹੱਠ ਦੀ ਕੁੱਜੀ ਹਿੰਦੂਆਂ ਦੀ ਤੋੜ ਕੇ ਜਲ-ਦੁੱਧ ਨੂੰ ਇਕ ਖਾਲਸਾ ਕਰ ਦਿਆਂਗੇ। ਜਲ ਦੁੱਧ ਦੀ ਪ੍ਰੀਤ ਮਸ਼ਹੂਰ ਹੈ. . . ਦੁੱਧ ਅੱਗ 'ਤੇ ਧਰੋ ਤਾਂ ਪਾਣੀ ਸੜਦਾ ਹੈ, ਦੁੱਧ ਨੂੰ ਨਹੀਂ ਸੜਨ ਦੇਂਦਾ, ਦੁੱਧ ਆਪਣੇ ਪਿਆਰੇ ਦਾ ਦੁਖ ਦੇਖ ਕੇ ਉਛਲਦਾ ਤੇ ਆਪ ਅੱਗ ਤੇ ਪੈ ਕੇ ਉਸ ਨੂੰ ਬੁਝਾ ਦੇਂਦਾ ਹੈ ਤੇ ਉਛਲਦੇ ਨੂੰ ਫੇਰ ਪਾਣੀ ਮਿਲ ਜਾਏ ਤਾਂ ਖੁਸ਼ ਹੋ ਕੇ ਮੁੜ ਜਾਂਦਾ ਹੈ। ਅੱਗੇ ਭਾਈ ਸਾਹਿਬ ਲਿਖਦੇ ਹਨ ਕਿ ਫਕੀਰ ਦੀ ਆਯੂ ਹੋ ਚੁੱਕੀ ਸੀ, ਨਹੀਂ ਤਾਂ ਵੇਖਦਾ ਕਿ ਇਸ ਵਾਹਿਗੁਰੂ ਦੇ ਨਿਵਾਜੇ ਬਾਲਕ ਨੇ ਕਿਸ ਤਰ੍ਹਾਂ ਲੋਕਾਂ ਵਿੱਚੋਂ 'ਮੈਂ' ਕੱਢ ਕੇ ਸੀਸ ਭੇਟ ਲੀਤੇ ਅਰ ਕਿਸ ਤਰ੍ਹਾਂ 'ਅੰਮ੍ਰਿਤ' ਸਾਜ ਕੇ ਸ੍ਰਿਸ਼ਟੀ ਮਾਤਰ ਨੂੰ ਜੋੜਨ ਲਈ ਮਾਨੋ ਜੋੜਵਾਂ ਮਸਾਲਾ ਤਿਆਰ ਕਰ ਦਿੱਤਾ।"

**ਖਾਲਸਾ ਕਾਲਜ, ਸ੍ਰੀ ਅੰਮ੍ਰਿਤਸਰ ਸਾਹਿਬ। ਮੋ: +੯੧੯੮੧੫੯-੮੫੫੫੯*

ਇਹਨੂੰ ਅਨੁਭਵੀ ਹਿਰਦਿਆਂ ਦੇ ਬੋਲ ਕਿਹਾ ਜਾ ਸਕਦਾ ਹੈ।

ਹਥਲੇ ਲੇਖ ਦੇ ਅਰੰਭ ਵਿਚ ਦਿੱਤੀਆਂ ਪੰਕਤੀਆਂ ਦਾ ਭਾਵ ਅਰਥ ਹੈ ਕਿ ਮੈਂ ਉਸ ਅਕਾਲ ਪੁਰਖ ਦਾ ਦਾਸ ਹਾਂ ਤੇ ਇਸ ਜਗਤ ਦਾ ਖੇਲ ਤਮਾਸ਼ਾ ਦੇਖਣ ਆਇਆ ਹਾਂ। ਜੋ ਪ੍ਰਭੂ ਨੇ ਸੰਸਾਰੀ ਲੋਕਾਂ ਲਈ ਸੰਦੇਸ਼ ਦਿੱਤਾ ਹੈ, ਉਹੀ ਸੰਦੇਸ਼ ਦਿਆਂਗਾ ਅਤੇ ਇਸ ਲੋਕ ਵਿਚ ਕਿਸੇ ਤੋਂ ਡਰ ਕੇ ਚੁੱਪ (ਮੋਨਿ) ਨਹੀਂ ਰਹਾਂਗਾ। ਉਹ 'ਬਚਿਤ੍ਰ ਨਾਟਕ' ਦੇ ਛੇਵੇਂ ਅਧਿਆਇ ਵਿਚ ਹੈ। ਅੱਗੇ ਸਤਿਗੁਰੂ ਫੁਰਮਾਉਂਦੇ ਹਨ:

*ਕਹਿਓ ਪ੍ਰਭੂ ਸੁ ਭਾਖਿ ਹੋਂ॥ ਕਿਸੂ ਨ ਕਾਨ ਰਾਖਿ ਹੋਂ॥*
*ਕਿਸੂ ਨ ਭੇਖ ਭੀਜ ਹੋਂ॥ ਅਲੇਖ ਬੀਜ ਬੀਜ ਹੋਂ॥*

ਭਾਵ, ਮੈਨੂੰ ਜੋ ਪ੍ਰਭੂ ਨੇ ਕਿਹਾ, ਉਹੀ ਕਹਾਂਗਾ, ਮੈਂ ਕਿਸੇ ਦੀ ਪਰਵਾਹ (ਕਾਨ) ਨਹੀਂ ਕਰਾਂਗਾ। ਕਿਸੇ ਹੋਰ ਦੇ ਭੇਖ ਵਿਚ ਨਹੀਂ ਭਿੱਜਾਂਗਾ ਅਤੇ ਪ੍ਰਭੂ ਦੇ ਨਾਮ ਦਾ ਹੀ ਬੀਜ ਬੀਜਾਂਗਾ।

ਅੱਗੇ ਕਲਗੀਧਰ ਪਾਤਸ਼ਾਹ ਫੁਰਮਾਉਂਦੇ ਹਨ ਕਿ ਹੇ ਪ੍ਰਭੂ! ਮੈਂ ਤੇਰੇ ਨਾਮ ਦੇ ਰੰਗ ਵਿਚ ਹੀ ਰੰਗਿਆ ਰਹਾਂਗਾ ਅਤੇ ਕਿਸੇ ਵੀ ਹੋਰ ਦੇਵੀ-ਦੇਵਤੇ ਜਾਂ ਮਤ ਨੂੰ ਨਹੀਂ ਮੰਨਾਂਗਾ। ਤੇਰੇ ਪਵਿੱਤਰ ਧਿਆਨ ਵਿਚ ਮੁਗਧ ਹੋ ਕੇ ਸਮੂਹ ਪਾਪਾਂ ਕਸ਼ਟਾਂ ਨੂੰ ਦੂਰ ਕਰ ਲਵਾਂਗਾ:

*ਤਵੱਕ ਨਾਮ ਰੱਤਿਯੰ॥ ਨ ਆਨ ਮਾਨ ਮੱਤਿਯੰ॥*
*ਪਰੱਮ ਧਯਾਨ ਧਾਰੀਯੰ॥ ਅਨੰਤ ਪਾਪ ਟਾਰਿਯੰ॥* *(ਬਚਿਤ੍ਰ ਨਾਟਕ)*

ਉਪਰੰਤ ਕਲਗੀਧਰ ਪਾਤਸ਼ਾਹ ਜੀ ਦੇ ਜੀਵਨ ਦਾ ਮਨੋਰਥ ਧਰਮ ਚਲਾਵਨ ਸੰਤ ਉਬਾਰਨ ਹੈ। ਸਤਿਗੁਰੂ ਜੀ ਫੁਰਮਾਉਂਦੇ ਹਨ:

*ਹਮ ਇਹ ਕਾਜ ਜਗਤ ਮੋ ਆਏ॥ ਧਰਮ ਹੇਤ ਗੁਰਦੇਵ ਪਠਾਏ॥*
*ਜਹਾਂ ਤਹਾਂ ਤੁਮ ਧਰਮ ਬਿਥਾਰੋ॥ ਦੁਸਟ ਦੋਖੀਅਨਿ ਪਕਰਿ ਪਛਾਰੋ॥*
*(ਬਚਿਤ੍ਰ ਨਾਟਕ)*

ਭਾਵ, ਮੈਂ ਇਸ ਕਾਰਜ ਨੂੰ ਪੂਰਨ ਕਰਨ ਵਾਸਤੇ ਸੰਸਾਰ ਵਿਚ ਆਇਆ ਹਾਂ। ਸੱਚੇ ਧਰਮ ਦਾ ਸਹੀ ਮਾਰਗ ਚਲਾਉਣ ਲਈ ਮੈਨੂੰ ਗੁਰਦੇਵ ਭਾਵ ਅਕਾਲ ਪੁਰਖ ਨੇ ਸੰਸਾਰ ਵਿਚ ਭੇਜਿਆ ਹੈ। ਇਹ ਅਕਾਲ ਦਾ ਹੁਕਮ ਹੈ ਕਿ ਜਹਾਂ-ਤਹਾਂ-(ਸਭ ਥਾਂ) ਤੁਸੀਂ ਧਰਮ ਦਾ ਪ੍ਰਚਾਰ ਕਰੋ ਅਤੇ ਇਸ ਸੰਸਾਰ ਤੋਂ ਦੁਸ਼ਟਾਂ-ਦੋਖੀਆਂ ਦਾ ਨਾਸ਼ ਕਰੋ। ਵਿਚਾਰਨ ਵਾਲੀ ਗੱਲ ਹੈ ਕਿ ਦੋਖੀ ਸਰੀਰਕ ਤਲ 'ਤੇ ਵੀ ਹਨ ਅਤੇ ਮਾਨਸਿਕ ਤਲ 'ਤੇ ਵੀ ਹਨ।

ਸਰੀਰਕ ਤਲ 'ਤੇ ਡਿੱਗੇ-ਢੱਠੇ ਤੇ ਜਬਰ ਜ਼ੁਲਮ ਦੇ ਸਤਾਏ ਲੋਕ ਹਨ ਅਤੇ ਮਾਨਸਿਕ ਤਲ 'ਤੇ ਸੰਸਾਰ ਦੀ ਵਿਚਾਰਧਾਰਾ ਬਦਲਨੀ ਹੈ। ਕਲਗੀਧਰ ਪਾਤਸ਼ਾਹ ਜੀ ਨੇ ਤਨ ਦੇ ਪੱਖੋਂ ਜੀਵਨ-ਜਾਚ, ਬਾਹਰੀ ਰੂਪ, ਨਿਆਰਾਪਨ ਬਖ਼ਸ਼ਿਸ਼ ਕੀਤਾ ਤੇ ਇਹ ਰੂਪ 'ਖਾਲਸੇ' ਦੀ ਸਿਰਜਣਾ ਹੈ। ਦੂਜੇ ਪਾਸੇ ਮਨ (ਵਿਚਾਰ) ਦੇ ਤਲ 'ਤੇ ਦਸਮ ਪਾਤਸ਼ਾਹ ਜੀ ਦੀ ਆਪਣੀ ਸਾਰੀ ਰਚਨਾ ਉੱਚ ਵਿਚਾਰ ਬਖ਼ਸ਼ਿਸ਼ ਕਰਦੀ ਹੈ। ਜਾਪੁ ਸਾਹਿਬ, ਅਕਾਲ ਉਸਤਤਿ ਤ੍ਵਪ੍ਰਸਾਦਿ ਕਬਿੱਤ, ਸਵੈਯੇ, ਬਚਿਤ੍ਰ ਨਾਟਕ, ਚੰਡੀ ਚਰਿੱਤ੍ਰ, ਗਿਆਨ ਪ੍ਰਬੋਧ, ਚਉਬੀਸ ਅਵਤਾਰ, ਰਾਮਕਲੀ ਪਾਤਸ਼ਾਹੀ ੧੦, ਤੇਤੀ ਸਵੈਯੇ,

ਖਾਲਸਾ ਮਹਿਮਾ, ਸ਼ਸਤ੍ਰਨਾਮਮਾਲਾ, ਪਾਖਯਾਨ ਚਰਿਤ੍ਰ, ਜ਼ਫ਼ਰਨਾਮਾ ਆਦਿ ਰਚਨਾਵਾਂ ਦਾ ਵੱਡ-ਅਕਾਰੀ ਗ੍ਰੰਥ (ਸ੍ਰੀ ਦਸਮ ਗ੍ਰੰਥ) ਵਿਦਵਤਾ ਦਾ ਖਜ਼ਾਨਾ ਹੈ।

ਇਸ ਵਿਚ ਕੋਈ ਅਤਿਕਥਨੀ ਨਹੀਂ ਕਿ ਸਿੱਖ ਪੰਥ ਦੇ ਗੁਰੂ ਜੁਗੋ-ਜੁਗ ਅਟੱਲ ਸਾਹਿਬ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਹਨ, ਜਿਨ੍ਹਾਂ ਨੂੰ ਸਦੀਵੀ ਗੁਰਿਆਈ ਕਲਗੀਧਰ ਪਾਤਸ਼ਾਹ ਜੀ ਨੇ ਬਖਸ਼ਿਸ਼ ਕੀਤੀ ਹੈ। ਦੂਜੇ ਪਾਸੇ ਕਲਗੀਧਰ ਪਾਤਸ਼ਾਹ ਦੀ ਰਚਨਾ ਵੀ ਨਿੱਤਨੇਮ, ਅੰਮ੍ਰਿਤ ਸੰਚਾਰ, ਕੌਮੀ ਅਰਦਾਸ, ਬੀਰ ਰਸ ਅਧਿਆਤਮਿਕ, ਇਤਿਹਾਸਕਾਰੀ, ਸਾਹਿਤਕਾਰੀ ਆਦਿ ਬੇਅੰਤ ਬਖ਼ਸ਼ਿਸ਼ਾਂ ਦੀ ਖਾਣ ਹੈ। ਕਲਗੀਧਰ ਪਾਤਸ਼ਾਹ ਜੀ ਆਪਣੇ ਜੀਵਨ ਲਕਸ਼ ਨੂੰ ਸਪਸ਼ਟ ਕਰਦੇ ਹਨ:

*ਯਾਹੀ ਕਾਜ ਧਰਾ ਹਮ ਜਨਮੰ॥*
*ਸਮਝ ਲੇਹੁ ਸਾਧੂ ਸਭ ਮਨ ਮੰ॥*
*ਧਰਮ ਚਲਾਵਨ ਸੰਤ ਉਬਾਰਨ॥*
*ਦੁਸਟ ਸਭਨ ਕੋ ਮੂਲ ਉਪਾਰਨ॥* *(ਬਚਿਤ੍ਰ ਨਾਟਕ )*

ਹੇ ਦੁਨੀਆ ਦੇ ਸਾਧੂ ਪੁਰਸ਼ੋ! ਮਨ ਕਰਕੇ ਜਾਣ ਲਓ ਕਿ ਇਸੇ ਕਾਰਜ ਨੂੰ ਪੂਰਾ ਕਰਨ ਲਈ ਮੈਂ ਜਨਮ ਧਾਰਿਆ ਹੈ। ਮੇਰਾ ਮਿਸ਼ਨ ਧਰਮ ਚਲਾਉਣਾ, ਹੱਕ ਸੱਚ 'ਤੇ ਪਹਿਰਾ ਤੇ ਫ਼ਰਜ਼ ਪਾਲਣ ਦੀ ਪ੍ਰੇਰਨਾ ਦਿੰਦਿਆਂ ਭਲੇ ਪੁਰਸ਼ਾਂ ਨੂੰ ਬਚਾਉਣਾ ਹੈ। ਭਲਿਆਈ ਦੇ ਰਸਤੇ 'ਚ ਜੋ ਰੁਕਾਵਟਾਂ ਹਨ; ਉਹ ਧਰਮ ਦੋਖੀ ਦੁਸ਼ਟ ਲੋਕਾਂ ਨੂੰ ਮੂਲ ਤੋਂ ਹੀ ਜੜ੍ਹੋਂ ਪੁੱਟਣਾ ਹੈ। ਸਤਿਗੁਰੂ ਫੁਰਮਾਉਂਦੇ ਹਨ :

*ਅਵਰਨ ਕੀ ਆਸਾ ਕਿਛੁ ਨਾਹੀ॥*
*ਏਕੈ ਆਸ ਧਰੋ ਮਨ ਮਾਹੀ॥*
*ਆਨ ਆਸ ਉਪਜਤ ਕਿਛੁ ਨਾਹੀ॥*
*ਵਾ ਕੀ ਆਸ ਧਰੋਂ ਮਨ ਮਾਹੀ॥* *(ਬਚਿਤ੍ਰ ਨਾਟਕ)*

ਭਾਵ, ਦੁਨੀਆ ਦੇ ਲੋਕੋ! ਇੱਕ ਅਕਾਲ ਪੁਰਖ ਤੋਂ ਸਿਵਾ ਹੋਰ ਕਿਸੇ ਵੀ ਦੇਵੀ ਦੇਵਤੇ ਦੀ ਆਸਾ ਨਹੀਂ ਰੱਖਣੀ। ਕੇਵਲ ਉਸ ਨਿਰਭਉ ਨਿਰਵੈਰੁ ਪ੍ਰਭੂ ਦੀ ਆਸ ਹਮੇਸ਼ਾਂ ਮਨ ਵਿਚ ਰੱਖੋ। ਸੰਸਾਰ ਵਿਚ ਹੋਰਨਾਂ ਦੀਆਂ ਆਸਾਂ ਰੱਖਣ ਦਾ ਕੋਈ ਵੀ ਲਾਭ ਨਹੀਂ ਹੋਣਾ, ਇਸ ਲਈ ਇਕ ਅਕਾਲ ਪੁਰਖ ਦੀ ਆਸ ਹੀ ਸਦਾ ਆਪਣੇ ਹਿਰਦੇ ਵਿਚ ਵਸਾ ਕੇ ਰੱਖੋ।

ਸਿੱਖ ਪੰਥ ਦੇ ਮਹਾਨ ਵਿਦਵਾਨ ਡਾ. ਤਾਰਨ ਸਿੰਘ ਜੀ ਨੇ 'ਬਚਿਤ੍ਰ ਨਾਟਕ' ਬਾਰੇ ਬੜਾ ਸੁੰਦਰ ਲਿਖਿਆ ਹੈ, "ਗੁਰੂ ਗੋਬਿੰਦ ਸਿੰਘ ਜੀ ਦੀ 'ਬਚਿਤ੍ਰ ਨਾਟਕ' ਗ੍ਰੰਥ ਰੂਪ ਵਿਚ ਦਿੱਤੀ ਸ੍ਵੈ-ਜੀਵਨੀ ਕਈ ਪੱਖਾਂ ਤੋਂ ਅਨੂਪਮ ਤੇ ਅਦਭੁਤਿ ਹੈ। ਇਸ ਰਚਨਾ ਵਿਚ ਪ੍ਰਭੂ-ਉਸਤਤਿ, ਮਿਥਿਹਾਸ, ਇਤਿਹਾਸ ਅਤੇ ਗੁਰੂ ਜੀ ਦੇ ਆਪਣੇ ਨਾਲ ਵਾਪਰੀਆਂ ਅਨੇਕ ਘਟਨਾਵਾਂ ਦਾ ਵਰਣਨ ਹੈ।. . . ਗੁਰੂ ਜੀ ਨੇ ਜੁਗਾਂ-ਜੁਗੰਤਰਾਂ ਦੇ ਭਾਰਤੀ ਤੇ ਬ੍ਰਹਮੰਡ ਦੇ ਵਿਸ਼ਾਲ ਜੀਵਨ ਤਮਾਸ਼ੇ ਨੂੰ ਬ੍ਰਜ ਭਾਸ਼ਾ ਦੀ ਸ਼ਬਦਾਵਲੀ, ਭਾਰਤੀ ਬਿੰਬਾਵਲੀ, ਜਾਤਿ ਬਲ ਤੇ ਤਮਾਸ਼ੇ ਨਾਲ ਹੀ ਚਿਤ੍ਰਿਆ ਹੈ।"

(ਪੁਸਤਕ *ਦਸਮ ਗ੍ਰੰਥ-ਰੂਪ ਤੇ ਰਸ,* ਪੰਨਾ ੧੦੬-੧੦੭) ■

# ਦਸਮ ਪਿਤਾ ਸੀ ਧਾਰ ਪ੍ਰਕਾਸ਼ ਆਏ . . .

-ਡਾ. ਰਮਨਦੀਪ ਸਿੰਘ ਦੀਪ*

*ਲੱਗੀ ਰੌਣਕ ਵਿਚ ਪਟਨੇ ਸ਼ਹਿਰ ਹੈਸੀ,*
*ਦਸਮ ਪਿਤਾ ਸੀ ਧਾਰ ਪ੍ਰਕਾਸ਼ ਆਏ।*
*ਮਾਤਾ ਗੁਜਰੀ ਨੂੰ ਮਿਲੀ ਵਧਾਈ ਚੋਖੀ,*
*ਨੌਵੇਂ ਪਾਤਸ਼ਾਹ ਦੇ ਬਰਖੁਰਦਾਰ ਆਏ।*
*ਭੀਖਣ ਸ਼ਾਹ ਜਦ ਕਰਨ ਦੀਦਾਰ ਆਇਆ,*
*ਦੋਹਾਂ ਕੁੱਜੀਆਂ 'ਤੇ ਰੱਖਿਆ ਹੱਥ ਦਾਤਾ।*
*ਸਾਰੇ ਚੋਜ ਨਿਆਰੇ ਸੀ ਪਾਤਸ਼ਾਹ ਦੇ,*
*ਕੀਤੀ ਗੱਲ ਨਾ ਜਾਏ ਅਕੱਥ ਦਾਤਾ।*
*ਨੌਂ ਸਾਲ ਦੀ ਉਮਰ ਵਿਚ ਪਿਤਾ ਤਾਂਈਂ,*
*ਦਿੱਲੀ ਤੋਰਿਆ ਹੈ ਸੀ ਬਲੀਦਾਨ ਖਾਤਰ,*
*ਧਰਮ ਦੀ ਰੱਖਿਆ ਕਰਨ ਦੇ ਲਈ,*
*ਪਿਤਾ ਵਾਰਿਆ ਸਿੱਖੀ ਦੀ ਸ਼ਾਨ ਖਾਤਰ।*
*ਬਖਸ਼ੀ ਸਿੱਖਾਂ ਨੂੰ ਖੰਡੇ ਦੀ ਪਾਹੁਲ ਦਾਤੇ,*
*ਨਵਾਂ ਖਾਲਸਾ ਰੂਪ ਸਜਾ ਦਿੱਤਾ।*
*ਲੈ ਕੇ ਪੰਜਾਂ ਤੋਂ ਆਪ ਵੀ ਪਾਹੁਲ ਦਾਤੇ,*
*ਗੁਰੂ-ਚੇਲੇ ਦਾ ਭੇਦ ਮਿਟਾ ਦਿੱਤਾ।*
*ਰਹਿਤ ਬਹਿਤ ਵਿਚ ਰਹੂ ਪ੍ਰਪੱਕ ਜਿਹੜਾ,*
*ਸਦਾ ਖੁਸ਼ੀਆਂ ਖੇੜੇ ਹੀ ਮਾਣਦਾ ਰਹੂ।*
*ਜਿਹੜਾ ਬਿਪਰਨ ਦੀ ਰੀਤ ਵਿਚ ਜਾ ਬੈਠਾ,*
*ਸਾਰੀ ਜ਼ਿੰਦਗੀ ਖਾਕ ਹੀ ਛਾਣਦਾ ਰਹੂ।*
*ਬੜਾ ਹੌਂਸਲਾ ਤੇ ਜਿਗਰਾ ਸੀ ਪਾਤਸ਼ਾਹ ਦਾ,*
*ਖੇਰੂੰ ਖੇਰੂੰ ਸੀ ਸਾਰਾ ਪਰਵਾਰ ਹੋਇਆ।*
*ਹੋਇਆ ਜੋੜਾ ਸ਼ਹੀਦ ਚਮਕੌਰ ਅੰਦਰ,*
*ਦੂਜਾ ਜੋੜਾ ਸੀ ਵਿਚ ਦੀਵਾਰ ਹੋਇਆ।*
*ਸੁਣ ਕੇ ਖ਼ਬਰ ਵੀ ਅੱਖਾਂ ਨਾ ਨਮ ਹੋਈਆਂ,*
*ਕੀਤਾ ਫੇਰ ਸ਼ੁਕਰਾਨਾ ਦਾਤਾਰ ਦਾ ਸੀ।*
*ਹੋਣੀ ਕੀਤੀ ਕਬੂਲ ਸੀ ਖਿੜੇ ਮੱਥੇ,*
*ਭਾਣਾ ਮੰਨਿਆ ਉਸ ਕਰਤਾਰ ਦਾ ਸੀ।*
*ਖੁਰਾ ਖੋਜ ਮਿਟਾਉਣ ਲਈ ਜਾਲਮਾਂ ਦਾ,*
*ਬੰਦਾ ਸਿੰਘ ਫੇਰ ਸੀ ਆਇਆ ਪੰਜਾਬ ਅੰਦਰ,*
*ਇੱਟ ਨਾਲ ਇੱਟ ਸੀ ਖੜਕਾਈ ਉਸਨੇ,*
*ਝੰਡਾ ਆਣ ਝੁਲਾਇਆ ਪੰਜਾਬ ਅੰਦਰ।*
*ਗੁਰੂ ਸਾਹਿਬ ਦਾ ਜੀਵਨ ਸੀ ਬੜਾ ਬਿਖੜਾ,*
*ਚੜਦੀ ਕਲਾ 'ਚ ਨਿਭਾਇਆ ਸੀ ਪਾਤਸ਼ਾਹ ਨੇ।*
*ਸਰਬੰਸਦਾਨੀ ਨਹੀਂ ਐਂਵੇ ਜਗ ਕਹਿੰਦਾ,*
*ਸਾਰਾ ਸਰਬੰਸ ਲੁਟਾਇਆ ਸੀ ਪਾਤਸ਼ਾਹ ਨੇ।*
*ਨੌਵੇਂ ਗੁਰੂ ਦੀ ਬਾਣੀ ਵੀ ਕਰ ਸ਼ਾਮਲ,*
*ਬੀੜ ਦਮਦਮੀ ਲਿਖਵਾਈ ਸੀ ਪਾਤਸ਼ਾਹ ਨੇ।*
*ਗ੍ਰੰਥ-ਪੰਥ ਨੂੰ ਦੇ ਗੁਰਤਾ,*
*ਨਵੀਂ ਰੀਤ ਚਲਾਈ ਸੀ ਪਾਤਸ਼ਾਹ ਨੇ।*
*ਸਾਰੇ ਜਗ 'ਤੇ ਨਹੀਂ ਮਿਸਾਲ ਮਿਲਦੀ,*
*ਸਤਿਗੁਰ ਨੀਲੇ ਦੇ ਸ਼ਾਹ ਅਸਵਾਰ ਵਰਗੀ।*
*ਦੀਪ ਨਹੀਂ ਬਰਾਬਰੀ ਕੋਈ ਕਰ ਸਕਦਾ,*
*ਗੁਰੂ ਗੋਬਿੰਦ ਸਿੰਘ ਜੀ ਦੇ ਪਰਵਾਰ ਵਰਗੀ।*
*ਗੁਰੂ ਗੋਬਿੰਦ ਸਿੰਘ ਜੀ ਦੇ ਪਰਵਾਰ ਵਰਗੀ।*

■

*ਦੀਪ ਹੋਮਿਓ ਕਲੀਨਿਕ, ਕਾਹਨੂੰਵਾਨ ਰੋਡ, ਬਟਾਲਾ (ਗੁਰਦਾਸਪੁਰ); ਮੋ. +੯੧੯੮੧੪੧-੮੧੮੩੮

# ਭੁੱਲਣੀ ਨਈਂ ਕੁਰਬਾਨੀ . . .

-ਸ. ਬਲਵਿੰਦਰ ਸਿੰਘ 'ਗੰਭੀਰ' ਤਾਰਾਗੜ੍ਹ*

*ਡੱਟਣਾ ਜ਼ੁਲਮ ਖ਼ਿਲਾਫ ਤੇ ਅਣਖ ਨਾਲ ਜਿਊਣਾ ਦੱਸਦੀ ਏ,*
*ਸਹਿਜ 'ਚ ਰਹਿ ਕੇ ਜਿਹੜੀ ਸਾਨੂੰ ਨਿਊਣਾ ਦੱਸਦੀ ਏ,*
*ਵਾਰਸ ਬਣ ਕੇ ਵਿਚਰੇ ਜਿਹੜੀ ਖ਼ੂਬ ਦੁਖਾਲੇ ਦੀ,*
*ਭੁੱਲਣੀ ਨਈਂ ਕੁਰਬਾਨੀ ਸਤਿਗੁਰ ਬਾਜ਼ਾਂ ਵਾਲੇ ਦੀ।*

*ਨ੍ਹੇਰਿਆਂ ਦੇ ਸੰਗ ਲੜਨਾ ਜਿਹੜੀ ਜਾਚ ਸਿਖਾਉਂਦੀ ਏ,*
*ਚੜ੍ਹਦੀ ਕਲਾ ਦੇ ਹਰਦਮ ਜਿਹੜੀ ਸੋਹਲੇ ਗਾਉਂਦੀ ਏ*
*ਰਹਿਣੀ ਹਰ ਪਲ ਜਗਦੀ ਜਗ 'ਤੇ ਜੋਤ ਉਜਾਲੇ ਦੀ।*
*ਭੁੱਲਣੀ ਨਈਂ ਕੁਰਬਾਨੀ ਸਤਿਗੁਰ ਬਾਜ਼ਾਂ ਵਾਲੇ ਦੀ।*

*ਪੰਥ ਸਜਾ ਕੇ ਸਤਿਗੁਰ ਗਾਡੀ ਰਾਹ ਦਰਸਾਇਆ ਏ,*
*ਦੱਬੀ ਕੁਚਲੀ ਜਨਤਾ ਨੂੰ ਉਸ ਗ਼ਲ ਨਾਲ ਲਾਇਆ ਏ,*
*ਰੱਖਿਆ ਕਰਨੀ ਦੱਸਿਆ ਸਤਿਗੁਰ ਭੋਲੇ ਭਾਲੇ ਦੀ।*
*ਭੁੱਲਣੀ ਨਈਂ ਕੁਰਬਾਨੀ ਸਤਿਗੁਰ ਬਾਜ਼ਾਂ ਵਾਲੇ ਦੀ।*

*ਵਾਰ ਦਿੱਤਾ ਪਰਵਾਰ ਤੇ ਡੁੱਬਦੀ ਹਿੰਦ ਬਚਾ ਲਈ ਸੀ,*
*ਜ਼ੁਲਮ ਹਨ੍ਹੇਰ ਮਿਟਾਵਣ ਲਈ ਤਲਵਾਰ ਉਠਾ ਲਈ ਸੀ,*
*ਹੋਸ਼ ਉਡਾ 'ਤੀ ਸਤਿਗੁਰ ਨੇ ਪੁੱਠੀ ਮੱਤ ਵਾਲੇ ਦੀ।*
*ਭੁੱਲਣੀ ਨਈਂ ਕੁਰਬਾਨੀ ਸਤਿਗੁਰ ਬਾਜ਼ਾਂ ਵਾਲੇ ਦੀ।*
*ਰਹਿਤ ਪਿਆਰੀ ਦੱਸਿਆ ਸਤਿਗੁਰ ਸਿੱਖ ਨੂੰ ਦੱਸਿਆ ਨਈਂ,*

*ਜਿਸਦੇ ਹੋਣ ਅਸੂਲ ਨਾ ਉਸ ਦਾ ਕੁਝ ਵੀ ਬਚਿਆ ਨਈਂ,*
*ਅੰਦਰੋਂ ਜੁੜਨਾ ਦੱਸਿਆ ਕੋਈ ਨਾ ਲੋੜ ਵਖਾਲੇ ਦੀ।*
*ਭੁੱਲਣੀ ਨਈਂ ਕੁਰਬਾਨੀ ਸਤਿਗੁਰ ਬਾਜ਼ਾਂ ਵਾਲੇ ਦੀ।*

*ਆਓ! ਉਸਦੀ ਸੋਚ ਨਾਲ ਆਪਾ ਸਾਂਝਾਂ ਪਾ ਲਈਏ,*
*ਤਨ ਮਨ ਵਾਰ ਕੇ ਆਪਾਂ ਜੇ ਦਿਲ ਤੋਂ ਅਪਨਾਅ ਲਈਏ,*
*ਸੁਧਰੂ ਜੂਨ 'ਗੰਭੀਰਾ' ਤੇਰੇ ਆਲੇ-ਦੁਆਲੇ ਦੀ।*
*ਭੁੱਲਣੀ ਨਈਂ ਕੁਰਬਾਨੀ ਸਤਿਗੁਰ ਬਾਜ਼ਾਂ ਵਾਲੇ ਦੀ।*

■

*ਪਿੰਡ ਤਾਰਾਗੜ੍ਹ, ਡਾਕ: ਧਰਮਕੋਟ ਬੱਗਾ, ਤਹਿਸੀਲ ਬਟਾਲਾ, ਜ਼ਿਲ੍ਹਾ ਗੁਰਦਾਸਪੁਰ; ਮੋ. +੯੧੯੪੬੪੭-੫੬੭੮੧

# ਆਤਮ ਹੱਤਿਆ ਨਹੀਂ, ਪੰਜਾਬੀ ਜੂਝ ਕੇ ਮਰਦੇ ਨੇ

*-ਸ. ਬਲਬੀਰ ਸਿੰਘ ਬੇਲੀ**

*ਹਾਰਨਾ ਨਹੀਂ ਹਾਲਾਤ ਬੁਰੇ 'ਚ ਜੂਝਣਾ ਜ਼ਰੂਰੀ ਏ।*
*ਹਿੰਮਤ ਕਰਕੇ ਪੈ ਜਾਂਦੀ ਹਰ ਕੰਮ 'ਚ ਪੂਰੀ ਏ।*
*ਆਈ ਮੁਸੀਬਤ ਦਾ ਮੁਕਾਬਲਾ ਡਟ ਕੇ ਕਰਦੇ ਨੇ।*
*ਆਤਮ ਹੱਤਿਆ ਨਹੀਂ, ਪੰਜਾਬੀ ਜੂਝ ਕੇ ਮਰਦੇ ਨੇ।*

*ਤੀਰ, ਤਲਵਾਰਾਂ, ਤੋਪਾਂ ਤੋਂ ਤੁਸੀਂ ਕਦੇ ਨਾ ਹਾਰੇ ਸੀ।*
*ਰੰਬੀ, ਚਰਖੜੀ, ਆਰਿਆਂ ਦੇ ਵੀ ਦੁੱਖ ਸਹਾਰੇ ਸੀ।*
*ਰਣ-ਭੂਮੀ 'ਚ ਸੂਰਮੇ ਲਾੜੀ ਮੌਤ ਨੂੰ ਵਰ੍ਹਦੇ ਨੇ।*
*ਆਤਮ ਹੱਤਿਆ ਨਹੀਂ, ਪੰਜਾਬੀ ਜੂਝ ਕੇ ਮਰਦੇ ਨੇ।*

*ਨਿੱਤ ਮੁਹਿੰਮ ਪੰਜਾਬੀਆਂ ਨੂੰ ਕਹਾਵਤ ਬਣ ਗਈ ਸੀ।*
*ਅਣਖ ਤੁਸਾਂ ਦੀ ਜ਼ਾਲਮਾਂ ਲਈ ਸ਼ਾਮਤ ਬਣ ਗਈ ਸੀ।*
*ਪੈਰ ਅਗਾਂਹ ਵਧਾ ਕੇ ਫਿਰ ਨਾ ਪਿੱਛੇ ਧਰਦੇ ਨੇ।*
*ਆਤਮ ਹੱਤਿਆ ਨਹੀਂ, ਪੰਜਾਬੀ ਜੂਝ ਕੇ ਮਰਦੇ ਨੇ।*

*ਨੱਕ ਨੂੰ ਰੱਖਣ ਲਈ ਐਵੇਂ ਨਾ, ਖਰਚ ਵਧਾਓ ਜੀ।*
*ਚੁੱਕ ਕੇ ਕਰਜ਼ੇ ਵਿਆਹਵਾਂ 'ਤੇ ਨਾ ਧਨ ਲੁਟਾਓ ਜੀ।*
*ਬਾਹਰ ਚਾਦਰੋਂ ਪੈਰ ਮੂਲ ਨਾ ਸਿਆਣੇ ਧਰਦੇ ਨੇ।*
*ਆਤਮ ਹੱਤਿਆ ਨਹੀਂ, ਪੰਜਾਬੀ ਜੂਝ ਕੇ ਮਰਦੇ ਨੇ।*

*ਫਿਰ ਵੀ ਚੜ੍ਹ ਗਿਆ ਜੇ ਸਿਰ ਦੇ ਉੱਤੇ ਕਰਜ਼ਾ ਭਾਰੀਏ।*
*ਰੱਖੋਂ ਹੌਂਸਲਾ ਤੁਸੀਂ ਇਵੇਂ ਕਿਉਂ ਹਿੰਮਤ ਹਾਰੀ ਏ।*
*ਕਰ ਕਮਾਈਆਂ ਲਾਹੁੰਦੇ ਜੇਕਰ ਕਰਜ਼ੇ ਚੜ੍ਹਦੇ ਨੇ।*
*ਆਤਮ ਹੱਤਿਆ ਨਹੀਂ, ਪੰਜਾਬੀ ਜੂਝ ਕੇ ਮਰਦੇ ਨੇ।*

*ਆਤਮ ਹੱਤਿਆ ਕਰਨੀ ਨਹੀਂ ਹੈ ਹੱਲ ਸਮੱਸਿਆ ਦਾ।*
*ਬੇ-ਰੁਜ਼ਗਾਰੀ ਜਰਨੀ ਨਹੀਂ ਹੈ ਹੱਲ ਸਮੱਸਿਆ ਦਾ।*
*'ਬੇਲੀ' ਗਰੀਬੀ ਦੂਰ ਕਰਨ ਲਈ ਮਿਹਨਤ ਕਰਦੇ ਨੇ।*
*ਆਤਮ ਹੱਤਿਆ ਨਹੀਂ, ਪੰਜਾਬੀ ਜੂਝ ਕੇ ਮਰਦੇ ਨੇ।* ■

**ਗਲੀ ਸਾਲਗ ਰਾਮ ਵਾਲੀ, ਮੁਹੱਲਾ ਟਾਂਕ-ਕਸ਼ੱਤਰੀ, ਤਰਨ ਤਾਰਨ; ਮੋ: +੯੧੭੬੯੬੩੫੭੬੪੬*

# ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਏ ਭਾਰਤ ਦੇ ਰਾਸ਼ਟਰਪਤੀ ਸ੍ਰੀ ਰਾਮਨਾਥ ਕੋਵਿੰਦ

ਸ੍ਰੀ ਅੰਮ੍ਰਿਤਸਰ ਸਾਹਿਬ, ੧੯ ਨਵੰਬਰ: ਭਾਰਤ ਦੇ ਰਾਸ਼ਟਰਪਤੀ ਸ੍ਰੀ ਰਾਮਨਾਥ ਕੋਵਿੰਦ ਨੇ ਰੂਹਾਨੀਅਤ ਦੇ ਕੇਂਦਰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋ ਕੇ ਆਪਣੀ ਸ਼ਰਧਾ ਭਾਵਨਾ ਦਾ ਪ੍ਰਗਟਾਵਾ ਕੀਤਾ। ਇਸ ਮੌਕੇ ਰਾਜਪਾਲ ਸ੍ਰੀ ਵੀ.ਪੀ. ਸਿੰਘ ਬਦਨੌਰ ਅਤੇ ਉਨ੍ਹਾਂ ਦੇ ਪਰਵਾਰਕ ਮੈਂਬਰ ਵੀ ਉਨ੍ਹਾਂ ਦੇ ਨਾਲ ਸਨ। ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਪਹੁੰਚਣ ’ਤੇ ਸ੍ਰੀ ਰਾਮਨਾਥ ਕੋਵਿੰਦ ਦਾ ਘੰਟਾ ਘਰ ਦੇ ਬਾਹਰ ਪਲਾਜ਼ਾ ਵਿਖੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ, ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸ. ਸੁਖਬੀਰ ਸਿੰਘ ਬਾਦਲ, ਕੇਂਦਰੀ ਮੰਤਰੀ ਬੀਬੀ ਹਰਸਿਮਰਤ ਕੌਰ ਬਾਦਲ, ਜਨਰਲ ਸਕੱਤਰ ਭਾਈ ਅਮਰਜੀਤ ਸਿੰਘ ਸਮੇਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਹੁਦੇਦਾਰਾਂ ਅਤੇ ਅਧਿਕਾਰੀਆਂ ਨੇ ਫੁੱਲਾਂ ਦੇ ਗੁਲਦਸਤੇ ਦੇ ਕੇ ਸਵਾਗਤ ਕੀਤਾ। ਇਸ ਤੋਂ ਬਾਅਦ ਉਹ ਸ੍ਰੀ ਗੁਰੂ ਰਾਮਦਾਸ ਲੰਗਰ ਘਰ ਵਿਖੇ ਗਏ ਅਤੇ ਪੰਗਤ ਵਿਚ ਬੈਠ ਕੇ ਪਰਸ਼ਾਦਾ ਛਕਿਆ। ਪਰਕਰਮਾ ਕਰਦਿਆਂ ਸ੍ਰੀ ਰਾਮਨਾਥ ਕੋਵਿੰਦ ਨੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਅਤੇ ਇੱਥੇ ਸਥਿਤ ਹੋਰ ਅਸਥਾਨਾਂ ਸਬੰਧੀ ਰੁਚੀ ਪੂਰਵਕ ਜਾਣਕਾਰੀ ਪ੍ਰਾਪਤ ਕੀਤੀ। ਉਨ੍ਹਾਂ ਨੇ ਕੜਾਹ ਪ੍ਰਸ਼ਾਦ ਦੀ ਦੇਗ ਵੀ ਕਰਵਾਈ। ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਣ ਸਮੇਂ ਰਾਸ਼ਟਰਪਤੀ ਸ੍ਰੀ ਰਾਮਨਾਥ ਕੋਵਿੰਦ, ਉਨ੍ਹਾਂ ਦੇ ਪਰਵਾਰਕ ਮੈਂਬਰਾਂ ਅਤੇ ਗਵਰਨਰ ਸ੍ਰੀ ਵੀ.ਪੀ. ਸਿੰਘ ਬਦਨੌਰ ਨੂੰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ ਨੇ ਪ੍ਰਸ਼ਾਦ ਰੂਪ ਵਿਚ ਸਿਰੋਪਾਓ ਅਤੇ ਫੁੱਲਾਂ ਦਾ ਹਾਰ ਬਖਸ਼ਿਸ਼ ਕੀਤਾ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਸ੍ਰੀ ਦਰਬਾਰ ਸਾਹਿਬ ਦੇ ਨਵੇਂ ਬਣੇ ਸੂਚਨਾ ਕੇਂਦਰ ਵਿਖੇ ਰਾਸ਼ਟਰਪਤੀ ਸ੍ਰੀ ਰਾਮਨਾਥ ਕੋਵਿੰਦ, ਉਨ੍ਹਾਂ ਦੇ ਪਰਵਾਰਕ ਮੈਂਬਰਾਂ ਅਤੇ ਰਾਜਪਾਲ ਸ੍ਰੀ ਵੀ.ਪੀ. ਸਿੰਘ ਬਦਨੌਰ ਨੂੰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦਾ ਸੁਨਹਿਰੀ ਮਾਡਲ, ਲੋਈ/ਸ਼ਾਲ ਅਤੇ ਧਾਰਮਿਕ ਪੁਸਤਕਾਂ ਦਾ ਸੈੱਟ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਸ੍ਰੀ ਰਾਮਨਾਥ ਕੋਵਿੰਦ ਨੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਵਿਜ਼ਟਰ ਬੁੱਕ ਵਿਚ ਆਪਣੇ ਅਨੁਭਵ ਦਰਜ ਕਰਦਿਆਂ ਲਿਖਿਆ ਕਿ ਮੈਨੂੰ ਇੱਥੇ ਨਤਮਸਤਕ ਹੋਣ ’ਤੇ ਸੰਗਤ, ਪੰਗਤ ਅਤੇ ਲੰਗਰ ਵਿਚ ਸਾਰੇ ਭੇਦ-ਭਾਵ ਮਿਟਾਉਣ ਦੀ ਸ਼ਕਤੀ ਦਾ ਅਨੁਭਵ ਹੋਇਆ ਹੈ। ਇੱਥੇ ਸ਼ਰਧਾਲੂਆਂ ਅੰਦਰ ਸਰਬੱਤ ਦੇ ਭਲੇ ਲਈ ਸਮਰਪਣ ਭਾਵਨਾ ਦੇਖ ਕੇ ਮਨੁੱਖਤਾਵਾਦੀ ਸੇਵਾ ਦਾ ਮਾਣ ਮਹਿਸੂਸ

ਹੋਇਆ ਹੈ। ਉਨ੍ਹਾਂ ਲਿਖਿਆ ਕਿ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਸ਼ਰਧਾ ਨਾਲ ਮੱਥਾ ਟੇਕ ਕੇ ਉਨ੍ਹਾਂ ਨੂੰ ਜੋ ਅਨੁਭਵ ਹੋਇਆ ਉਸ ਨੂੰ ਪਰਮਾਤਮਾ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਸ਼ੀਰਵਾਦ ਵਜੋਂ ਮਹਿਸੂਸ ਕਰਦੇ ਹਨ।

ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਭਾਈ ਅਮਰਜੀਤ ਸਿੰਘ ਅੰਤ੍ਰਿੰਗ ਮੈਂਬਰ ਸ. ਸੁਰਜੀਤ ਸਿੰਘ ਭਿੱਟੇਵਡ, ਭਾਈ ਰਾਮ ਸਿੰਘ ਤੇ ਸ. ਜੈਪਾਲ ਸਿੰਘ ਮੰਡੀਆਂ, ਮੈਂਬਰ ਸ. ਭਗਵੰਤ ਸਿੰਘ ਸਿਆਲਕਾ, ਸ. ਰਜਿੰਦਰ ਸਿੰਘ ਮਹਿਤਾ, ਭਾਈ ਮਨਜੀਤ ਸਿੰਘ, ਸ. ਦਿਆਲ ਸਿੰਘ ਕੋਲਿਆਂਵਾਲੀ, ਸ. ਅਜਾਇਬ ਸਿੰਘ ਅਭਿਆਸੀ, ਸ. ਹਰਪਾਲ ਸਿੰਘ ਜੱਲਾ ਤੇ ਸ. ਅਵਤਾਰ ਸਿੰਘ ਵਣਵਾਲਾ, ਪੰਜਾਬ ਦੇ ਕੈਬਨਿਟ ਮੰਤਰੀ ਰਾਣਾ ਗੁਰਜੀਤ ਸਿੰਘ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੁੱਖ ਸਕੱਤਰ ਡਾ. ਰੂਪ ਸਿੰਘ, ਸਕੱਤਰ ਸ. ਅਵਤਾਰ ਸਿੰਘ ਸੈਂਪਲਾ, ਸ. ਮਨਜੀਤ ਸਿੰਘ, ਸ. ਹਰਭਜਨ ਸਿੰਘ ਮਨਾਵਾਂ ਤੇ ਸ. ਮਹਿੰਦਰ ਸਿੰਘ ਆਹਲੀ, ਵਧੀਕ ਸਕੱਤਰ ਸ. ਸੁਖਦੇਵ ਸਿੰਘ ਭੂਰਾਕੋਹਨਾ ਆਦਿ ਹਾਜ਼ਰ ਸਨ।

## ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਸਥਾਪਨਾ ਦਿਵਸ ਮਨਾਇਆ

ਸ੍ਰੀ ਅੰਮ੍ਰਿਤਸਰ ਸਾਹਿਬ, ੧੬ ਨਵੰਬਰ: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਥਾਪਨਾ ਗੁਰੂ-ਘਰਾਂ ਦਾ ਪ੍ਰਬੰਧ ਮਹੰਤਾਂ ਦੇ ਹੱਥਾਂ ਵਿੱਚੋਂ ਨਿਕਲ ਕੇ ਸੰਗਤੀ ਹੱਥਾਂ ਵਿਚ ਆਉਣ ਦਾ ਉਹ ਸਫ਼ਰ ਹੈ, ਜਿਸ ਨੂੰ ਤੈਅ ਕਰਨ ਲਈ ਸਿੱਖ ਕੌਮ ਨੂੰ ਅਨੇਕਾਂ ਸ਼ਹਾਦਤਾਂ ਦੇ ਰੂਬਰੂ ਹੋਣਾ ਪਿਆ। ਖ਼ਾਲਸਾ ਪੰਥ ਦੀ ਇਸ ਮਾਣਮੱਤੀ ਸੰਸਥਾ ਦੀ ਸਥਾਪਨਾ ਲਈ ਕੀਤਾ ਗਿਆ ਸੰਘਰਸ਼ ਜਿੱਥੇ ਕੌਮੀ ਜਜ਼ਬੇ ਦਾ ਪ੍ਰਤੀਕ ਹੈ, ਉੱਥੇ ਹੀ ਗੁਰੂ-ਘਰਾਂ ਪ੍ਰਤੀ ਸੱਚੀ ਸ਼ਰਧਾ ਅਤੇ ਸਮਰਪਣ ਦੀ ਉੱਘੜਵੀਂ ਮਿਸਾਲ ਵੀ ਹੈ। ਇਹ ਪ੍ਰਗਟਾਵਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਥਾਪਨਾ ਦਿਵਸ ਨੂੰ ਸਮਰਪਿਤ ਤੇਜਾ ਸਿੰਘ ਸਮੁੰਦਰੀ ਹਾਲ ਵਿਖੇ ਆਯੋਜਿਤ ਕੀਤੇ ਗਏ ਸਮਾਗਮ ਵਿਚ ਸੰਬੋਧਨ ਕਰਦਿਆਂ ਕੀਤਾ। ਪ੍ਰੋ. ਬਡੂੰਗਰ ਨੇ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹੋਂਦ ਵਿਚ ਆਉਣ ਤੋਂ ਪਹਿਲਾਂ ਆਚਰਣਹੀਣ ਮਹੰਤਾਂ ਵੱਲੋਂ ਗੁਰੂ-ਘਰਾਂ ਅੰਦਰ ਕੀਤੀਆਂ ਜਾਂਦੀਆਂ ਮਨ-ਮਾਨੀਆਂ ਦੇ ਖ਼ਾਤਮੇ ਲਈ 'ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ' ਤਹਿਤ ਸਿੱਖਾਂ ਨੇ ਕਰੜਾ ਸੰਘਰਸ਼ ਕੀਤਾ ਜਿਸ ਵਿੱਚੋਂ ਮਹਾਨ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੋਂਦ ਵਿਚ ਆਈ। ਉਨ੍ਹਾਂ ਕਿਹਾ ਕਿ ਖ਼ਾਲਸਾ ਪੰਥ ਦੀ ਇਸ ਇਤਿਹਾਸਿਕ ਸੰਸਥਾ ਨੇ ਕੌਮ ਨੂੰ ਸੰਗਠਤ ਕਰਨ ਲਈ ਅਹਿਮ ਰੋਲ ਨਿਭਾਇਆ ਹੈ। ਉਨ੍ਹਾਂ ਕਿਹਾ ਕਿ ਬੇਸ਼ੱਕ ਇਸ ਦੀ ਹੋਂਦ ਹਸਤੀ ਨੂੰ ਖ਼ਤਮ ਕਰਨ ਅਤੇ ਇਸ ਉੱਤੇ ਕਬਜ਼ਾ ਕਰਨ ਦੀ ਨੀਅਤ ਨਾਲ ਵੱਖ-ਵੱਖ ਸਮੇਂ ਪੰਥ ਵਿਰੋਧੀ ਸ਼ਕਤੀਆਂ ਨੇ ਹਮਲੇ ਕੀਤੇ, ਲੇਕਿਨ ਸਿੱਖ ਕੌਮ ਨੇ ਹਰ ਤਰ੍ਹਾਂ ਦੇ ਹਮਲਿਆਂ ਦਾ ਦ੍ਰਿੜ੍ਹਤਾ ਅਤੇ ਦਲ੍ਹੇਰੀ ਨਾਲ ਮੁਕਾਬਲਾ ਕਰਦਿਆਂ ਇਸ ਦੀ ਸ਼ਾਨ ਨੂੰ ਕਾਇਮ ਰੱਖਿਆ। ਪ੍ਰੋ. ਬਡੂੰਗਰ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਦਰਜਾ-

ਬ-ਦਰਜਾ ਮੁਲਾਜ਼ਮਾਂ ਦੇ ਕਾਰਜਾਂ ਸਬੰਧੀ ਜ਼ਿਕਰ ਕਰਦਿਆਂ ਕਿਹਾ ਕਿ ਇਸ ਦਾ ਹਰ ਮੁਲਾਜ਼ਮ ਆਪੋ-ਆਪਣੇ ਜ਼ਿੰਮੇ ਲੱਗੀ ਸੇਵਾ ਦੇ ਨਾਲ-ਨਾਲ ਪੰਥਕ ਮਰਯਾਦਾ ਦਾ ਪ੍ਰਚਾਰਕ ਵੀ ਹੈ। ਉਨ੍ਹਾਂ ਮੁਲਾਜ਼ਮਾਂ ਨੂੰ ਸੰਸਥਾ ਦੀਆਂ ਪ੍ਰੰਪਰਾਵਾਂ-ਰਵਾਇਤਾਂ ਨੂੰ ਕਾਇਮ ਰੱਖਣ ਲਈ ਇਕਜੁੱਟਤਾ ਨਾਲ ਸੇਵਾ ਨਿਭਾਉਣ ਦੀ ਪ੍ਰੇਰਣਾ ਵੀ ਕੀਤੀ।

ਇਸ ਮੌਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਥਾਪਨਾ ਦੇ ਉਦੇਸ਼, ਇਤਿਹਾਸ, ਭੂਮਿਕਾ ਅਤੇ ਵਰਤਮਾਨ ਸਥਿਤੀ ਸਬੰਧੀ ਵਿਚਾਰ ਸਾਂਝੇ ਕਰਦਿਆਂ ਇਸ ਦੇ ਸਥਾਪਨਾ ਦਿਵਸ ਦੀ ਸਮੁੱਚੇ ਖ਼ਾਲਸਾ ਪੰਥ ਨੂੰ ਵਧਾਈ ਦਿੱਤੀ। ਉਨ੍ਹਾਂ ਇਸ ਗੱਲ ਦੀ ਵੀ ਪ੍ਰਸੰਸਾ ਕੀਤੀ ਕਿ ਇਸ ਵਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਸਥਾਪਨਾ ਦਿਵਸ ਇਤਿਹਾਸਿਕ ਤੇਜਾ ਸਿੰਘ ਸਮੁੰਦਰੀ ਹਾਲ ਵਿਖੇ ਮਨਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬਾਨ ਦੇ ਸਿਧਾਂਤਾਂ ਦੀ ਰੋਸ਼ਨੀ ਵਿਚ ਸਿੱਖ ਕੌਮ ਅੰਦਰ ਇਕਜੁੱਟਤਾ ਬੇਹੱਦ ਜ਼ਰੂਰੀ ਹੈ ਅਤੇ ਇਸ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਡੀ ਭੂਮਿਕਾ ਨਿਭਾਅ ਰਹੀ ਹੈ। ਸਿੰਘ ਸਾਹਿਬ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੌਜੂਦਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਵੱਲੋਂ ਨਿਭਾਈਆਂ ਜਾ ਰਹੀਆਂ ਪੰਥਕ ਸੇਵਾਵਾਂ ਦੀ ਵੀ ਸ਼ਲਾਘਾ ਕੀਤੀ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਖ ਸਕੱਤਰ ਡਾ. ਰੂਪ ਸਿੰਘ ਨੇ ਜਿੱਥੇ ਸਟੇਜ ਸੰਚਾਲਕ ਦੀ ਸੇਵਾ ਨਿਭਾਈ, ਉੱਥੇ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਥਾਪਨਾ ਤੋਂ ਲੈ ਕੇ ਹੁਣ ਤਕ ਦੇ ਕਾਰਜਾਂ ਸਬੰਧੀ ਜ਼ਿਕਰ ਕਰਦਿਆਂ ਸੰਸਥਾ ਵੱਲੋਂ ਧਰਮ ਪ੍ਰਚਾਰ, ਸਿਹਤ, ਸਿੱਖਿਆ ਅਤੇ ਮਨੁੱਖਤਾ ਦੀ ਭਲਾਈ ਲਈ ਨਿਭਾਈਆਂ ਸੇਵਾਵਾਂ ਤੋਂ ਜਾਣੂ ਕਰਵਾਇਆ।

ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹਾਜ਼ਰ ਅਹੁਦੇਦਾਰਾਂ ਅਤੇ ਮੈਂਬਰਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਵਧੀਕ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ ਨੇ ਸਿਰੋਪਾਓ ਬਖ਼ਸ਼ਿਸ਼ ਕੀਤੇ। ਸਮਾਗਮ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਸਕੱਤਰ ਸ. ਤਰਲੋਚਨ ਸਿੰਘ, ਸਾਬਕਾ ਮੈਨੇਜਰ ਸ. ਰਮਿੰਦਰਬੀਰ ਸਿੰਘ ਅਤੇ ਸਾਬਕਾ ਸੇਵਾਦਾਰ ਭਾਈ ਕਿਰਪਾਲ ਸਿੰਘ ਨੂੰ ਲੋਈ, ਸਿਰੋਪਾਓ ਅਤੇ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ।

ਇਸ ਤੋਂ ਪਹਿਲਾਂ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਭਾਈ ਕੁਲਦੀਪ ਸਿੰਘ ਦੇ ਰਾਗੀ ਜਥੇ ਨੇ ਗੁਰਬਾਣੀ ਕੀਰਤਨ ਕੀਤਾ ਅਤੇ ਅਰਦਾਸ ਉਪਰੰਤ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਵਧੀਕ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ ਨੇ ਪਾਵਨ ਹੁਕਮਨਾਮਾ ਸਰਵਣ ਕਰਵਾਇਆ। ਇਸੇ ਦੌਰਾਨ ਸਥਾਪਨਾ ਦਿਵਸ ਨੂੰ ਸਮਰਪਿਤ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਵੀ ਹਰ ਸਾਲ ਦੀ ਤਰ੍ਹਾਂ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ।

# ਧਰਮ ਪ੍ਰਚਾਰ ਕਮੇਟੀ ਦੀਆਂ ਪ੍ਰਚਾਰ ਸਰਗਰਮੀਆਂ

## ਗੁਰਦੁਆਰਾ ਸਾਹਿਬ ਗੁਰੂ ਕੇ ਬਾਗ ਵਿਖੇ ਗੁਰਮਤਿ ਸਮਾਗਮ

ਭਾਈ ਮਨਦੀਪ ਸਿੰਘ ਝੰਡੇਰ ਪ੍ਰਚਾਰਕ ਵੱਲੋਂ ਪ੍ਰਾਪਤ ਰਿਪੋਰਟ ਅਨੁਸਾਰ ਗੁਰਦੁਆਰਾ ਸਾਹਿਬ ਗੁਰੂ ਕਾ ਬਾਗ, ਘੁੱਕੇਵਾਲੀ, ਤਹਿਸੀਲ ਅਜਨਾਲਾ, ਜ਼ਿਲ੍ਹਾ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ੬ ਤੋਂ ੮ ਅਗਸਤ, ੨੦੧੭ ਤਕ ਗੁਰਮਤਿ ਸਮਾਗਮ ਕਰਵਾਏ ਗਏ। ਜਿਸ ਤਹਿਤ ਵਿਦਿਆਰਥੀਆਂ ਦੇ ਗੁਰਬਾਣੀ, ਕੀਰਤਨ, ਕਵਿਤਾ, ਭਾਸ਼ਣ, ਕਵੀਸ਼ਰੀ ਅਤੇ ਦਸਤਾਰ ਮੁਕਾਬਲੇ ਵੀ ਹੋਏ। ਇਸ ਦੌਰਾਨ ੭ ਅਗਸਤ, ੨੦੧੭ ਨੂੰ ਕਰਵਾਏ ਅੰਮ੍ਰਿਤ-ਸੰਚਾਰ ਸਮਾਗਮ ਦੌਰਾਨ ਸ੍ਰੀ ਅਕਾਲ ਤਖਤ ਸਾਹਿਬ ਤੋਂ ਪਹੁੰਚੇ ਪੰਜ ਪਿਆਰੇ ਸਾਹਿਬਾਨ ਨੇ ੨੦ ਪ੍ਰਾਣੀਆਂ ਨੂੰ ਅੰਮ੍ਰਿਤ-ਪਾਨ ਕਰਵਾਇਆ। ੮ ਅਗਸਤ, ੨੦੧੭ ਨੂੰ ਮੁੱਖ ਸਮਾਗਮ ਵਿਚ ਸਿੰਘ ਸਾਹਿਬ ਗਿਆਨੀ ਮਾਨ ਸਿੰਘ ਗ੍ਰੰਥੀ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਸਾਹਿਬ, ਭਾਈ ਗੁਰਜੀਤ ਸਿੰਘ ਰਾਗੀ ਜਥਾ, ਗੁਰਿੰਦਰਪਾਲ ਸਿੰਘ ਬੈਂਕਾ ਕਵੀਸ਼ਰ, ਭਾਈ ਰਣਜੀਤ ਸਿੰਘ ਕਵੀਸ਼ਰ ਅਤੇ ਭਾਈ ਨਿਰਮਲ ਸਿੰਘ ਨਿਪਾਲ ਦੇ ਕਵੀਸ਼ਰੀ ਜਥੇ ਨੇ ਸੰਗਤਾਂ ਨੂੰ ਗੁਰ-ਇਤਿਹਾਸ ਅਤੇ ਗੁਰਮਤਿ ਵਿਚਾਰਾਂ ਨਾਲ ਜੋੜਿਆ। ਇਸ ਮੌਕੇ ਪ੍ਰੋ. ਕਿਰਪਾਲ ਸਿੰਘ ਬਡੂੰਗਰ ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਗੁਰਦੁਆਰਾ ਸਾਹਿਬ ਗੁਰੂ ਕਾ ਬਾਗ ਵਿਖੇ ਨਵੀਂ ਬਣੀ ਸਰਾਂ ਦਾ ਉਦਘਾਟਨ ਕੀਤਾ। ਉਦਘਾਟਨ ਤੋਂ ਬਾਅਦ ਪ੍ਰੋ. ਕਿਰਪਾਲ ਸਿੰਘ ਬਡੂੰਗਰ ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਦੀਵਾਨ ਹਾਲ ਵਿਖੇ ਸੰਗਤਾਂ ਨੂੰ ਗੁਰਮਤਿ ਵਿਚਾਰਾਂ ਨਾਲ ਜੋੜਿਆ। ਇਸ ਮੌਕੇ ਉਨ੍ਹਾਂ ਨੇ ਧਾਰਮਿਕ ਮੁਕਾਬਲਿਆਂ ਵਿੱਚੋਂ ਪਹਿਲੇ, ਦੂਜੇ ਅਤੇ ਤੀਜੇ ਸਥਾਨ 'ਤੇ ਆਉਣ ਵਾਲੇ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ। ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਸ. ਜੋਧ ਸਿੰਘ ਸਮਰਾ, ਬੀਬੀ ਸਵਰਨ ਕੌਰ ਤੇੜਾ, ਸ. ਅਮਰਪਾਲ ਸਿੰਘ ਬੋਨੀ, ਮੈਨੇਜਰ ਸ. ਪ੍ਰਗਟ ਸਿੰਘ ਨੇ ਪ੍ਰੋ. ਕਿਰਪਾਲ ਸਿੰਘ ਬਡੂੰਗਰ ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸਕੱਤਰ ਸ. ਸੁਖਦੇਵ ਸਿੰਘ ਭੂਰਾ ਕੋਹਨਾ ਅਤੇ ਸ. ਕੁਲਵਿੰਦਰ ਸਿੰਘ ਰਮਦਾਸ, ਮੀਤ ਸਕੱਤਰ ਨੂੰ ਸਨਮਾਨਿਤ ਕੀਤਾ।

## ਗੁਰਦੁਆਰਾ ਕੰਧ ਸਾਹਿਬ ਵਿਖੇ ਅੰਮ੍ਰਿਤ-ਸੰਚਾਰ

ਭਾਈ ਮਨਜੀਤ ਸਿੰਘ ਕਾਦੀਆਂ ਪ੍ਰਚਾਰਕ ਵੱਲੋਂ ਪ੍ਰਾਪਤ ਰਿਪੋਰਟ ਅਨੁਸਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਹਲਕਾ ਬਟਾਲਾ ਵਿਚ ਧਰਮ ਪ੍ਰਚਾਰ ਲਹਿਰ ਦੇ ਪ੍ਰੋਗਰਾਮ ਤਹਿਤ ਗੁਰਦੁਆਰਾ ਕੰਧ ਸਾਹਿਬ, ਬਟਾਲਾ (ਗੁਰਦਾਸਪੁਰ) ਵਿਖੇ ੧੯ ਅਗਸਤ, ੨੦੧੭ ਨੂੰ ਅੰਮ੍ਰਿਤ-ਸੰਚਾਰ ਸਮਾਗਮ ਕੀਤਾ ਗਿਆ। ਇਸ ਸਮਾਗਮ ਵਿਚ ਸ੍ਰੀ ਅਕਾਲ ਤਖਤ ਸਾਹਿਬ ਤੋਂ ਪੁੱਜੇ ਪੰਜ ਪਿਆਰੇ ਸਾਹਿਬਾਨ ਨੇ ੧੭੮ ਪ੍ਰਾਣੀਆਂ ਨੂੰ ਅੰਮ੍ਰਿਤ-ਛਕਾ ਕੇ ਗੁਰੂ ਵਾਲੇ ਬਣਾਇਆ। ਅੰਮ੍ਰਿਤ-ਅਭਿਲਾਖੀਆਂ ਨੂੰ ਧਰਮ ਪ੍ਰਚਾਰ

ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ ਵੱਲੋਂ ਕਕਾਰ ਭੇਟਾ-ਰਹਿਤ ਦਿੱਤੇ ਗਏ।

ਇਸ ਸਮਾਗਮ ਦੀ ਸਫਲਤਾ ਲਈ ਜਥੇ. ਗੁਰਿੰਦਰਪਾਲ ਸਿੰਘ ਗੋਰਾ ਮੈਂਬਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅਗਵਾਈ ਵਿਚ ਸਾਰੇ ਹਲਕੇ ਦੇ ਕਸਬਿਆਂ ਵਿਚ ਧਰਮ ਪ੍ਰਚਾਰ ਲਹਿਰ ਚਲਾਈ ਗਈ। ਜਿਸ ਤਹਿਤ ਭਾਈ ਬਲਵੰਤ ਸਿੰਘ ਐਨੋਕੋਟ, ਭਾਈ ਬਲਬੀਰ ਸਿੰਘ ਸੇਖਵਾਂ ਅਤੇ ਭਾਈ ਸਿਮਰਜੀਤ ਸਿੰਘ ਪ੍ਰਚਾਰਕ ਸਾਹਿਬਾਨ ਤੋਂ ਇਲਾਵਾ ਭਾਈ ਮਹਿਤਾਬ ਸਿੰਘ ਖਾਲਸਾ ਅਤੇ ਭਾਈ ਬਲਵੰਤ ਸਿੰਘ ਢੱਡੇ ਦੇ ਕਵੀਸ਼ਰੀ ਜਥੇ ਨੇ ਸੰਗਤਾਂ ਨੂੰ ਅੰਮ੍ਰਿਤ-ਛਕਣ ਲਈ ਪ੍ਰੇਰਨਾ ਕੀਤੀ। ਇਸ ਦੌਰਾਨ ਗੁਰਦੁਆਰਾ ਕੰਧ ਸਾਹਿਬ, ਬਟਾਲਾ ਦੇ ਮੈਨੇਜਰ ਭਾਈ ਗੁਰਤਿੰਦਰਪਾਲ ਸਿੰਘ ਅਤੇ ਸਮੁੱਚੇ ਸਟਾਫ ਦਾ ਪੂਰਨ ਸਹਿਯੋਗ ਰਿਹਾ।

## ਰਾਜਸਥਾਨ ਵਿਖੇ ਅੰਮ੍ਰਿਤ-ਸੰਚਾਰ

ਭਾਈ ਗੁਰਮੀਤ ਸਿੰਘ, ਪ੍ਰਚਾਰਕ ਵੱਲੋਂ ਪੁੱਜੀ ਰਿਪੋਰਟ ਅਨੁਸਾਰ ਸ਼ਹੀਦ ਨਗਰ ਗੁਰਦੁਆਰਾ ਸਾਹਿਬ ਬੁੱਢਾ ਜੋਹੜ (ਰਾਜਸਥਾਨ) ਵਿਖੇ ੨੧ ਅਗਸਤ, ੨੦੧੭ ਨੂੰ ਅੰਮ੍ਰਿਤ-ਸੰਚਾਰ ਸਮਾਗਮ ਕੀਤਾ ਗਿਆ। ਇਸ ਸਮਾਗਮ ਵਿਚ ਸ੍ਰੀ ਅਕਾਲ ਤਖਤ ਸਾਹਿਬ ਤੋਂ ਪੁੱਜੇ ਪੰਜ ਪਿਆਰੇ ਸਾਹਿਬਾਨ ਨੇ ਕੁੱਲ ੭੩ ਪ੍ਰਾਣੀਆਂ ਨੂੰ ਅੰਮ੍ਰਿਤ-ਛਕਾ ਕੇ ਗੁਰੂ ਵਾਲੇ ਬਣਾਇਆ। ਸਮਾਗਮ ਦੀ ਸਫਲਤਾ ਲਈ ਭਾਈ ਸੁਖਚੈਨ ਸਿੰਘ ਸ਼ਾਹਪੀਣੀ ਢਾਡੀ ਅਤੇ ਭਾਈ ਗੁਰਮੀਤ ਸਿੰਘ ਪ੍ਰਚਾਰਕ ਨੇ ਇਲਾਕੇ ਵਿਚ ਧਰਮ ਪ੍ਰਚਾਰ ਕੀਤਾ ਅਤੇ ਸੰਗਤਾਂ ਨੂੰ ਅੰਮ੍ਰਿਤ ਛਕਣ ਦੀ ਪ੍ਰੇਰਨਾ ਕੀਤੀ। ਅੰਮ੍ਰਿਤ-ਅਭਿਲਾਖੀਆਂ ਨੂੰ ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ ਵੱਲੋਂ ਕਕਾਰ ਭੇਟਾ-ਰਹਿਤ ਦਿੱਤੇ ਗਏ।

## ਸਿੱਖ ਮਿਸ਼ਨ ਉਤਰਾਖੰਡ ਵੱਲੋਂ ਗੁਰਮਤਿ ਸਮਾਗਮ

ਭਾਈ ਹਰਜਿੰਦਰ ਸਿੰਘ ਇੰਚਾਰਜ, ਸਿੱਖ ਮਿਸ਼ਨ ਕਾਸ਼ੀਪੁਰ, ਉਤਰਾਖੰਡ ਵੱਲੋਂ ਪੁੱਜੀ ਰਿਪੋਰਟ ਅਨੁਸਾਰ ਸ੍ਰੀ ਗੁਰੂ ਨਾਨਕ ਅਕੈਡਮੀ, ਸ੍ਰੀ ਨਾਨਕਮਤਾ ਸਾਹਿਬ ਵਿਖੇ ੧੭ ਤੋਂ ੨੦ ਅਗਸਤ, ੨੦੧੭ ਤਕ ਚਾਰ ਰੋਜ਼ਾ ਗੁਰਮਤਿ ਸਿਖਲਾਈ ਕੈਂਪ ਲਗਾਇਆ ਗਿਆ। ਇਸ ਕੈਂਪ ਵਿਚ ਲੱਗਭਗ ੫੦ ਬੱਚਿਆਂ ਨੇ ਭਾਗ ਲਿਆ। ਕੈਂਪ ਵਿਚ ਮਿਸ਼ਨ ਦੇ ਪ੍ਰਚਾਰਕ ਭਾਈ ਸੁਖਵਿੰਦਰ ਸਿੰਘ ਐਮ. ਏ., ਭਾਈ ਨਰਿੰਦਰ ਸਿੰਘ ਅਤੇ ਭਾਈ ਜਗਦੇਵ ਸਿੰਘ ਨੇ ਬੱਚਿਆਂ ਨੂੰ ਗੁਰਬਾਣੀ, ਸਿੱਖ ਇਤਿਹਾਸ ਤੇ ਸਿੱਖ ਰਹਿਤ ਮਰਯਾਦਾ ਤੋਂ ਜਾਣੂ ਕਰਵਾਇਆ। ੨੧ ਅਗਸਤ, ੨੦੧੭ ਨੂੰ ਮਿਸ਼ਨ ਦੇ ਪ੍ਰਚਾਰਕਾਂ ਵੱਲੋਂ ਸ੍ਰੀ ਨਾਨਕਮਤਾ ਸਾਹਿਬ ਵਿਖੇ ਅੰਮ੍ਰਿਤ-ਸੰਚਾਰ ਕੀਤਾ ਗਿਆ ਜਿਸ ਵਿਚ ੩੦ ਪ੍ਰਾਣੀ ਖੰਡੇ-ਬਾਟੇ ਦੀ ਪਾਹੁਲ ਛਕ ਕੇ ਗੁਰੂ ਵਾਲੇ ਬਣੇ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਪੁੱਜੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਬੱਚਿਆਂ ਨੂੰ ਮੈਡਲ ਦੇ ਕੇ ਸਨਮਾਨਿਤ ਕੀਤਾ।

■